# ਚਿਰਾਗ

ਜਨਵਰੀ -ਮਾਰਚ 2003

**January -March 2003**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ -43- ਜਨਵਰੀ-ਮਾਰਚ, 2003

# ਚਿਰਾ.ਗ (ਤਿਮਾਹੀ)

ਜਨਵਰੀ-ਮਾਰਚ, 2003

ਸੰਪਾਦਕ : ਹਰਭਜਨ ਸਿੰਘ ਹੁੰਦਲ

ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,

ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


◆ ਸੰਪਾਦਕੀ ਟਿਪਣੀਆਂ - 1. ਲਿਪੀ ਦੀ ਰਾਜਨੀਤੀ 2. ਰੰਜੂਰ ਤੇ ਮਾਨ ਸਿੰਘ ਨੂੰ ਸ਼ਰਧਾਂਜਲੀ

◆ ਇਸ ਵਾਰ ਦਾ ਵਿਸ਼ੇਸ਼ ਕਵੀ ਗੁਰਦੀਪ (ਡੇਅਰਾਦੂਨ) ਦੀਆਂ ਗ਼ਜ਼ਲਾਂ ਤੇ ਗ਼ਜ਼ਲ ਬਾਰੇ ਆਤਮ ਕਥਨ

◆ ਚੀਨੀ ਲੰਮੀ ਕਹਾਣੀ : ਚਾਂਗਲਿਨ ਅਨੁ: ਲਾਲ ਸਿੰਘ

◆ ਗ਼ਜ਼ਲਾਂ : ਸੁਲੱਖਣ ਸਰਹੱਦੀ, ਸੂਫ਼ੀ ਅਮਰਜੀਤ, ਉਕਾਂਰਪ੍ਰੀਤ, ਹਰਭਜਨ ਸਿੰਘ ਹੁੰਦਲ, ਸੁਖਵਿੰਦਰ ਰੰਧਾਵਾ, ਸੁਰਜੀਤ

◆ ਨਜ਼ਮਾਂ : ਗੁਰਨਾਮ ਢਿਲੋਂ, ਭਗਵਾਨ ਢਿਲੋਂ, ਜੈਪਾਲ, ਨੂਰ ਸੰਤੋਖ ਪੁਰੀ, ਹਮਦਰਦਵੀਰ ਨੁਸ਼ਹਿਰਵੀ, ਹਰਭਜਨ ਸਿੰਘ ਹੁੰਦਲ, ਸਤਿੰਦਰ ਮਸਰੂਫ਼

◆ ਸਿਮ੍ਰਿਤੀਆਂ : ਨਾਜ਼ਮ ਹਿਕਮਤ ਦਾ ਤੁਰਕੀ ਵਿੱਚ ਭੱਜਣਾ (ਹਰਭਜਨ ਸਿੰਘ ਹੁੰਦਲ)

◆ ਮੁਲਾਂਕਣ : ਜੀਵਨ-ਯਾਦਾਂ (ਪਾਬਲੋ ਨੇਰੂਦਾ) ਗੁਰਦੀਪ ਵਿਨੀ ਪੈਂਗ, ਮੇਰੀ ਮਾਰਫ਼ਤ (ਹਰਵਿੰਦਰ ਭੰਡਾਲ)

◆ ਵਾਦ-ਵਿਵਾਦ : ਖਾਊ ਮਧ-ਵਰਗ ਦੀ ਚੜ੍ਹਾਈ ਤੋਂ ਪ੍ਰੇਰਤ ਆਤਮ ਵਿਸ਼ਵਾਸ਼ੀ ਸੁਰ (ਸੁਮੇਲ ਸਿੰਘ ਸਿੱਧੂ)

◆ ਰਾਵਾਂ ਵੱਖ ਵੱਖਰੀਆਂ : 'ਮੁਖ਼ਬਰੀ ਕਰਦੇ ਦਿਨ' ਬਾਰੇ ਡਾ. ਸੁਰਿੰਦਰ ਸਾਂਤ ਤੇ ਸੁਰਜੀਤ ਗਿੱਲ

◆ ਪੁਸਤਕ ਪ੍ਰਾਪਤੀ : ਸਮਕਾਲੀ ਮਾਰਕਸੀ ਚਿੰਤਨ (ਬਲਬੀਰ ਚੰਦ ਲੌਂਗੋਵਾਲ) ਤੂੰ ਕੀ ਜਾਣੇ (ਤਸਕੀਨ), ਹੁਣ ਮੈਂ ਕਵੀਆਂ ਵਾਂਗ, (ਸੁਲੱਖਣ ਸਰਹੱਦੀ), ਆਪਣਾ ਪਿੰਡ ਪ੍ਰਦੇਸ (ਅਮਰਜੀਤ ਚਾਹਲ)

◆ ਖਿਆਲ ਆਪੋ ਆਪਣਾ : ਸੁਰਿੰਦਰ ਸੋਹਲ (ਯੂ.ਐਸ.ਏ.) ਸੁਲੱਖਣ ਸਰਹੱਦੀ (ਗੁਰਦਾਸਪੁਰ)



*Postal Address :*
*Harbhajan Singh Hundal,*
*V. Fatu Chak,*
*P.O. Dhilwan,*
*Distt. Kapurthala-144804*
*(Pb.) India.*
*Phone No. 01822-273188*


| *ਚੰਦਿਆਂ ਦਾ ਵੇਰਵਾ* | : | |
|---|---|---|
| *ਦੇਸ਼ ਵਾਰਸ਼ਿਕ* | : | *50 ਰੁ.* |
| *ਇਕ ਪਰਚਾ* | : | *15 ਰੁ.* |
| *ਸੰਸਥਾਵਾਂ (ਵਾਰਸ਼ਿਕ)* | : | *70 ਰੁ.* |
| --------- | | |
| *ਬਦੇਸ਼, ਯੂ. ਕੇ.* | : | *5 ਪੌਂਡ* |
| *ਵਾਰਸ਼ਿਕ (ਹੋਰ ਦੇਸ਼)* | : | *300 ਰੁ.* |

**ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ**


**ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।**

**ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ, ਭਾਈ ਰਤਨ ਸਿੰਘ ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।**

***ਪ੍ਰਕਾਸ਼ਨ ਮਿਤੀ : ਜਨਵਰੀ 2003***




## ਲਿਪੀ ਦੀ ਰਾਜਨੀਤੀ

ਜਦੋਂ ਸਾਮਰਾਜਵਾਦ ਆਪਣਾ ਪਾਸਾਰ ਕਰਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਸਥਾਨਕ ਸਭਿਆਚਾਰ ਨੂੰ ਤਬਾਹ ਕਰਨ ਜਾਂ ਫਿਰ ਉਸਨੂੰ ਆਪਣੇ ਅਨੁਸਾਰ ਢਾਲਣ ਲਈ ਪੂਰੀ ਵਾਹ ਲਾਉਂਦਾ ਹੈ। ਇਥੋਂ ਤਕ ਕਿ ਭਾਸ਼ਾ ਤੇ ਉਸਦੀ ਲਿਪੀ ਸਭ ਤੋਂ ਪਹਿਲਾਂ ਨਿਸ਼ਾਨੇ 'ਤੇ ਹੁੰਦੇ ਹਨ। ਜਦੋਂ ਸਾਮੀ ਸਭਿਆਚਾਰ ਨੇ ਹਮਲਾ ਬੋਲਿਆ ਤਾਂ ਉਸਦੀ ਰਾਜਨੀਤੀ ਇਹ ਸੀ ਕਿ ਸਥਾਨਕ ਭਾਸ਼ਾਵਾਂ ਨੂੰ ਤਾਂ ਅਪਣਾ ਲਿਆ ਜਾਵੇ ਪਰ ਲਿਪੀ ਆਪਣੀ ਵਰਤੀ ਜਾਵੇ। ਇਹੋ ਕਾਰਨ ਹੈ ਕਿ ਬਾਬਾ ਫ਼ਰੀਦ ਦੀ ਭਾਸ਼ਾ ਤਾਂ ਪੰਜਾਬੀ ਹੈ ਪਰ ਲਿਪੀ ਫ਼ਾਰਸੀ। ਇਸਦਾ ਅਸਰ ਇਹ ਹੋਇਆ ਕਿ ਪੰਜਾਬੀ ਨੂੰ ਕਈ ਸਦੀਆਂ ਆਪਣੀ ਲਿਪੀ ਨੂੰ ਉਜਾਗਰ ਕਰਨ ਲਈ ਲੱਗ ਗਏ ਅਤੇ ਇਸ ਲਿਪੀ ਵਿੱਚ ਲਿਖਿਆ ਸਾਰਾ ਸਾਹਿਤ ਸਾਡੇ ਤੋਂ ਖੁਸ ਗਿਆ। ਗੁਰੂ ਕਵੀਆਂ ਨੇ ਪੰਜਾਬੀ ਦੀ ਆਪਣੀ ਲਿਪੀ ਨੂੰ ਸਤਿਕਾਰਯੋਗ ਥਾਂ ਦੁਆਈ। ਜਿਵੇਂ ਜੀ.ਬੀ.ਸਿੰਘ ਨੇ ਨਤੀਜਾ ਕੱਢਦਿਆਂ ਲਿਖਿਆ ਹੈ ਕਿ "ਭਾਵੇਂ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਵਰਣਮਾਲਾ ਤਾਂ ਨਹੀਂ ਬਣਾਈ, ਅਤੇ ਨਾ ਉਸ ਵਿਚ ਕੋਈ ਵਾਧਾ ਘਾਟਾ ਕੀਤਾ, ਨਾ ਕਿਸੇ ਅੱਖਰ ਦੀ ਸ਼ਕਲ ਜਾਂ ਵਰਣਮਾਲਾ ਵਿੱਚ ਕਿਸੇ ਅੱਖਰ ਦੀ ਤਰਤੀਬ ਬਦਲੀ ਅਤੇ ਨਾ ਇਸ ਵਰਣਮਾਲਾ ਨੂੰ 'ਗੁਰਮੁਖੀ' ਨਾਮ ਹੀ ਦਿੱਤਾ ਪਰ ਇਕ ਗੱਲ [illegible] ਨੇ ਇਸ ਲਿਪੀ ਵਾਸਤੇ ਜ਼ਰੂਰ ਕੀਤੀ। ਉਹ ਇਹ ਸੀ ਕਿ ਆਪਣੇ ਦੇਸ਼ ਦੀ, ਆਪਣੀ ਕੌਮ ਦੀ, ਆਪਣੇ ਧਰਮ ਦੀ ਇਕ ਮਰਦੀ ਜਾਂਦੀ ਲਿਪੀ ਵਿੱਚ ਨਵੇਂ ਸਿਰੇ ਜਾਨ ਪਾ ਕੇ ਉਸਨੂੰ ਦੂਜਾ ਜਨਮ ਦੇ ਕੇ ਮਰ ਜਾਣੋਂ ਬਚਾ ਲਿਆ।" (ਗੁਰਮੁਖੀ ਲਿਪੀ ਦਾ ਜਨਮ 'ਤੇ ਵਿਕਾਸ, ਪੰਨਾ-113) ਕਮਾਲ ਦੀ ਗੱਲ ਇਹ ਹੈ ਕਿ ਕਦੇ ਇਸ ਲਿਪੀ ਵਿੱਚ ਸੰਸਕ੍ਰਿਤ ਦੇ ਗ੍ਰੰਥ ਵੀ ਲਿਖੇ ਜਾਂਦੇ ਰਹੇ ਸਨ।

ਭਾਸ਼ਾ ਸਮਾਂ ਪਾ ਕੇ ਆਪਣੇ ਪ੍ਰਗਟਾਵੇ ਲਈ ਲਿਪੀ ਦੇ ਚਿੰਨ੍ਹਾਂ ਦੀ ਈਜਾਦ ਵੀ ਕਰਦੀ ਹੈ ਜੋ ਪੰਜਾਬੀ ਭਾਸ਼ਾ ਨੇ ਵੀ ਕੀਤੀ। ਅੰਗ੍ਰੇਜ਼ੀ ਸਾਮਰਾਜ ਨੇ ਵੀ ਫੌਜ ਵਿੱਚ ਤੇ ਜਿੱਥੇ ਕਿਤੇ ਸੰਭਵ ਹੋ ਸਕਿਆ ਰੋਮਨ ਅੱਖਰਾਂ ਨੂੰ ਤਰਜੀਹ ਦਿੱਤੀ। ਆਰ.ਸੀ.ਟੈਂਪਲ ਦੀ ਤਿੰਨ ਜਿਲਦਾਂ ਵਿੱਚ ਪੂਰੀ ਹੋਣ ਵਾਲੀ ਪੁਸਤਕ 'ਦੀ ਲੀਜੈਂਡਜ਼ ਆਫ਼ ਪੰਜਾਬ' ਇਸਦਾ ਸਬੂਤ ਹੈ। ਇਸ ਵਿੱਚ ਦੰਤ ਕਥਾਵਾਂ ਨੂੰ ਰੋਮਨ ਲਿਪੀ ਵਿੱਚ ਰਿਕਾਰਡ ਕਰ ਕੇ ਇਨ੍ਹਾਂ ਦਾ ਅੰਗ੍ਰੇਜ਼ੀ ਕਵਿਤਾ ਵਿੱਚ ਅਨੁਵਾਦ ਵੀ ਕੀਤਾ ਗਿਆ। ਇਸ ਨੂੰ ਲਿਪੀ ਪਰਿਵਰਤਨ ਦਾ ਯਤਨ ਵੀ ਕਿਹਾ ਜਾ ਸਕਦਾ ਹੈ।

ਅੰਗ੍ਰੇਜ਼ਾਂ ਵਲੋਂ ਸੰਪ੍ਰਦਾਇਕਤਾ ਨੂੰ ਹਵਾ ਦੇਣ ਦੇ ਸਿੱਟੇ ਵਜੋਂ ਚੱਲੀਆਂ ਲਹਿਰਾਂ ਨੇ ਭਾਸ਼ਾ ਦੇ ਨਾਲ ਨਾਲ ਲਿਪੀ ਨੂੰ ਵੀ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ। ਪੰਜਾਬੀ ਨੂੰ ਦੇਵਨਾਗਰੀ ਵਿੱਚ ਲਿਖਣ ਦਾ ਜਾਂ, ਇਸਨੂੰ ਫ਼ਾਰਸੀ ਲਿਪੀ ਵਿੱਚ ਲਿਖਣ ਤੇ ਜ਼ੋਰ ਦੇਣ ਪਿਛੇ ਇਹੀ ਸੰਪ੍ਰਦਾਇਕ ਰਾਜਨੀਤੀ ਕੰਮ ਕਰਦੀ ਸੀ ਭਾਵੇਂ ਕਿ ਵਿਗਿਆਨਕ ਤੇ ਅਕਾਦਮਿਕ ਸੱਚ ਇਸ ਦੇ ਵਿਪਰੀਤ ਸੀ। ਆਪਣੀ ਗੱਲ ਨੂੰ ਮੰਨਵਾਉਣ ਲਈ ਅਨੇਕਾਂ ਗਲਤ ਦਲੀਲਾਂ ਘੜੀਆਂ ਗਈਆਂ, ਜਿਵੇਂ ਸਾਰੀਆਂ ਭਾਰਤੀ ਭਾਸ਼ਾਵਾਂ ਦੀ ਜਣਨੀ ਸੰਸਕ੍ਰਿਤ ਨੂੰ ਪ੍ਰਚਾਰਿਤ ਕੀਤਾ ਗਿਆ ਤੇ ਸਾਰੀਆਂ ਲਿਪੀਆਂ ਨੂੰ ਦੇਵਨਾਗਰੀ ਦੀਆਂ ਧੀਆਂ ਕਿਹਾ ਗਿਆ। ਪਰੰਤੂ ਵਿਗਿਆਨਕ ਖੋਜਾਂ ਨੇ ਇਨ੍ਹਾਂ ਤਰਕਾਂ ਨੂੰ ਪ੍ਰਵਾਨ ਨਾ ਕੀਤਾ।

"ਨਾਗਰੀ ਦੇ ਟਾਕਰੇ ਗੁਰਮੁਖੀ ਦੇ ਹੇਠ ਸਤਾਰਾਂ ਅੱਖਰਾਂ ਦੀਆਂ ਸ਼ਕਲਾਂ ਨਾਗਰੀ ਦੇ ਉਨ੍ਹਾਂ ਹੀ ਅੱਖਰਾਂ ਦੀਆਂ ਸ਼ਕਲਾਂ ਨਾਲੋਂ ਪੁਰਾਣੇ ਹਨ :-

ਘ, ਙ, ਛ, ਢ, ਡ, ਣ, ਤ, ਥ, ਦ, ਧ, ਨ, ਫ, ਬ, ਮ, ਖ, ਰ ਤੇ ਪੁਰਾਤਨ ਕ

"ਗੁਰਮੁਖੀ ਪੈਂਤੀ ਦੇ ਬਹੁਤ ਸਾਰੇ ਅੱਖਰ ਅੱਠਵੀਂ ਸਦੀ ਬਿਕ੍ਰਮੀ ਦੇ ਲਾਗੇ ਹੁਣ ਵਾਲੀਆਂ ਸ਼ਕਲਾਂ ਦੇ ਬਹੁਤ ਨੇੜੇ ਆ ਚੁੱਕੇ ਸਨ। ਅਤੇ ਅ, ੳ, ਸ, ਜ, ਡ, ਵ ਬਾਹਰਵੀਂ ਤੇਰ੍ਹਵੀਂ ਸਦੀ ਵਿੱਚ ਆ ਕੇ ਦਿਸਦੇ ਹਨ।" (ਪੰਨਾ-77)

ਇਉਂ ਜੀ.ਬੀ.ਸਿੰਘ ਤੇ ਹੋਰ ਲਿਪੀ ਵਿਗਿਆਨੀਆਂ ਦੀਆਂ ਵਿਗਿਆਨਕ ਖੋਜਾਂ ਨੇ ਲਿਪੀ ਦੇ ਸੁਆਲ ਨੂੰ ਧਾਰਮਿਕ ਵਲਗਣਾਂ ਤੋਂ ਬਾਹਰ ਕਰਕੇ ਗੁਰਮੁਖੀ ਲਿਪੀ ਦਾ ਸੰਬੰਧ ਸਿੱਧਾ ਭੱਟਛਰੀ (ਅਰਧਨਾਗਰੀ) ਨਾਲ ਜੋੜਿਆ ਜੋ ਅਗਾਂਹ ਬ੍ਰਹਮੀ ਲਿਪੀ ਨਾਲ ਜਾ ਜੁੜਦੀ ਹੈ।

ਬਹੁਤ ਚਿਰ ਤੋਂ ਇਹ ਸਵਾਲ ਹੱਲ ਹੋ ਚੁੱਕਾ ਹੈ ਕਿ ਪੰਜਾਬੀ ਭਾਸ਼ਾ ਨੂੰ ਪ੍ਰਗਟਾਉਣ ਵਾਲੀ ਇਕੋ ਇਕ ਲਿਪੀ ਗੁਰਮੁਖੀ ਹੈ, ਪਰ ਅੱਜ ਫਿਰ ਪੰਜਾਬੀ ਯੂਨੀਵਰਸਿਟੀ ਵਲੋਂ ਐਮ.ਏ. ਵਿਚ ਪੰਜਾਬੀ ਨੂੰ ਦੇਵਨਾਗਰੀ ਵਿੱਚ ਲਿਖਣ ਦੀ ਛੋਟ ਦੇਣ ਦੀ ਚਰਚਾ ਸ਼ੁਰੂ ਹੋ ਗਈ ਹੈ। ਇਸਦਾ ਕਾਰਣ ਕੀ ਹੈ ? ਅਸੀਂ ਸਮਝਦੇ ਹਾਂ ਕਿ ਇਸਦਾ ਕਾਰਣ ਕੇਂਦਰ ਵਿੱਚ 'ਭਗਵਾਂ' ਸਰਕਾਰ ਦਾ ਕਾਬਜ਼ ਹੋਣਾ ਹੈ। ਹੋਰਨਾਂ ਸਰਕਾਰਾਂ ਵਾਂਗ ਇਸ ਸਰਕਾਰ ਨੇ ਵੀ 'ਦਲਾਲ ਬੁੱਧੀਜੀਵੀ' ਪੈਦਾ ਕੀਤੇ ਹਨ। ਜੇ ਇਹ ਸਰਕਾਰ ਯੂਨੀਵਰਸਿਟੀਆਂ ਵਿੱਚ ਜੋਤਿਸ਼ ਪੜ੍ਹਾਉਣ ਲਈ ਬਜ਼ਿਦ ਹੈ ਤਾਂ ਅਨੇਕਾਂ ਵਾਈਸ ਚਾਂਸਲਰ ਇਸਨੂੰ ਲਾਗੂ ਕਰਨ ਲਈ ਅੱਗੇ ਤੋਂ ਅੱਗੇ ਵਧਣ ਲੱਗੇ। ਇਸੇ ਤਰ੍ਹਾਂ ਸਿਖਿਆ ਵਿੱਚ ਭਗਵਾਂਕਰਣ ਲਾਗੂ ਕਰਨ ਲਈ ਤੇ ਇਤਿਹਾਸ ਨੂੰ ਭਗਵਾਂ ਰੰਗ ਦੇਣ ਲਈ ਪੁਰਾਣੇ ਵਿਗਿਆਨਕ ਸੋਚ ਦੇ ਸ਼ਾਸਤਰੀਆਂ ਨੇ ਵੀ ਅਹੁਦਿਆਂ ਲਈ ਬਾਣੇ ਬਦਲ ਲਏ। ਤੇ ਜੇ ਪੰਜਾਬੀ ਯੂਨੀਵਰਸਿਟੀ ਦੇਵਨਾਗਰੀ ਲਿਪੀ ਦੀ ਵਕਾਲਤ ਕਰਨ ਲੱਗ ਪਈ ਹੈ ਤਾਂ ਕੋਈ ਹੈਰਾਨੀ ਨਹੀਂ ਹੋਵੇਗੀ। ਜਾਣੇ ਜਾਂ ਅਣਜਾਣੇ ਕੇਂਦਰ ਦੇ ਆਕਾਵਾਂ ਨੂੰ ਖੁਸ਼ ਕਰਕੇ ਨਵੇਂ ਅਹੁਦਿਆਂ ਦੀ ਭਾਲ ਕੀਤੀ ਜਾ ਰਹੀ ਹੋਵੇ ਤਾਂ ਵੀ ਅਤਕਥਨੀ ਨਹੀਂ ਹੋਵੇਗੀ।

ਇਸ ਲਈ ਅਸੀਂ 'ਚਿਰਾਗ਼' ਦੇ ਮਧਿਅਮ ਰਾਹੀਂ ਆਪਣਾ ਵਿਰੋਧ ਦਰਜ ਕਰਵਾਉਣਾ ਚਾਹੁੰਦੇ ਹਾਂ। ਅਤੇ ਇਸ ਗੱਲ ਉਪਰ ਦੁਬਾਰਾ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਲਿਪੀ ਦੀ ਸੰਪ੍ਰਦਾਇਕ ਸੋਚ ਨੂੰ ਦੁਬਾਰਾ ਪੈਦਾ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ। ਇਸ ਲਈ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਸਮੇਤ ਲੇਖਕ ਸਭਾਵਾਂ ਦੇ ਸਪੱਸ਼ਟ ਸਟੈਂਡ ਲੈ ਕੇ ਅਜਿਹਾ ਮਾਹੌਲ ਤਿਆਰ ਕਰਨਾ ਚਾਹੀਦਾ ਹੈ ਕਿ ਦੁਬਾਰਾ ਦੁਬਾਰਾ ਇਹ ਪ੍ਰਸ਼ਨ ਪੈਦਾ ਨਾ ਕੀਤਾ ਜਾਵੇ।

## 2. ਰੰਜੂਰ ਤੇ ਮਾਨ ਸਿੰਘ ਭਾਰਗਵ ਨੂੰ ਸ਼ਰਧਾਂਜਲੀ

ਜੰਮੂ ਦੇ ਲੇਖਕਾਂ ਲਈ ਪਿਛਲਾ ਸਾਲ ਬਹੁਤ ਹੀ ਸੋਗਮਈ ਲੰਘਿਆ ਹੈ। ਇਸ ਸਾਲ ਵਿੱਚ ਕਈ ਉੱਘੇ ਲੇਖਕ ਉਹਨਾਂ ਤੋਂ ਵਿਛੜ ਗਏ ਹਨ। ਜਿਨ੍ਹਾਂ ਵਿਚੋਂ ਉਜਾਗਰ ਸਿੰਘ ਮਹਿਕ, ਮਹਿੰਦਰ ਸਿੰਘ ਰੰਜੂਰ ਤੇ ਫੇਰ ਲੇਖਕਾਂ ਦਾ ਮੋਢੀ ਕਾਰਜ ਕਰਤਾ ਮਾਨ ਸਿੰਘ ਭਾਰਗਵ ਵਿਛੜ ਗਿਆ ਹੈ। ਇੱਕ ਪਿਛੋਂ ਦੂਜੇ ਲੇਖਕ ਦਾ ਤੁਰ ਜਾਣਾ ਜਿਥੇ ਜੰਮੂ ਦੇ ਲੇਖਕਾਂ ਲਈ ਗੰਭੀਰ ਦੁੱਖ ਵਾਲਾ ਹੈ, ਉਥੇ ਸਮੁੱਚੇ ਪੰਜਾਬੀ ਲੇਖਕਾਂ ਲਈ ਵੀ ਇਕ ਸੋਗਮਈ ਖਬਰ ਹੈ। ਦਸੰਬਰ ਮਹੀਨੇ ਵਿਚ ਅਚਾਨਕ ਤੁਰ ਜਾਣ ਵਾਲਾ ਪਿਆਰਾ ਮਨੁੱਖ ਮਾਨ ਸਿੰਘ ਭਾਰਗਵ ਜਿਹੜਾ ਖਲਾਅ ਛੱਡ ਗਿਆ ਹੈ, ਉਹ ਯਤਨ ਕਰਨ ਤੇ ਵੀ ਭਰਨਾ ਅਸੰਭਵ ਹੈ। ਮਾਨ ਸਿੰਘ ਭਾਰਗਵ ਜੰਮੂ ਕਸ਼ਮੀਰ ਦੇ ਲੇਖਕਾਂ ਤੇ ਪੰਜਾਬੀ ਦੇ ਲੇਖਕਾਂ ਵਿਚਾਲੇ ਇੱਕ ਸੰਪਰਕ ਕੜੀ ਸੀ। ਸਾਹਿਤਕ ਖੇਤਰ ਅੰਦਰ ਜੋ ਵੀ ਵਾਪਰਦਾ, ਉਹਨੂੰ ਪੰਜਾਬੀ ਲੇਖਕਾਂ ਤੱਕ ਪਹੁੰਚਾਉਣਾਂ ਅਤੇ ਪੰਜਾੱਬ ਵਿੱਚ ਜੋ ਵੀ ਵਾਪਰਦਾ ਜੰਮੂ ਦੇ ਲੇਖਕਾਂ ਤੱਕ ਪਹੁੰਚਾਉਣਾਂ ਉਸਦਾ ਅਹਿਮ ਕਾਰਜ ਸੀ। ਸਾਹਿਤ ਨਾਲ ਪ੍ਰਤੀਬੱਧ ਲੇਖਕਾਂ ਲਈ ਤੇ ਲੋਕਾਂ ਦੇ ਹੱਕ ਦੀ ਗੱਲ ਕਰਨ ਵਾਲੇ ਸੰਘਰਸ਼ਸ਼ੀਲ ਕਾਮਿਆਂ ਲਈ ਪਹਿਲਾਂ ਮਹਿੰਦਰ ਸਿੰਘ ਰੰਜੂਰ ਤੇ ਛੇਤੀ ਪਿਛੋਂ ਮਾਨ ਸਿੰਘ ਭਾਰਗਵ ਦਾ ਤੁਰ ਜਾਣਾਂ ਦੁਖਦਾਇਕ ਹੈ।



ਮਾਨ ਸਿੰਘ ਭਾਰਗਵ ਜਿੱਥੇ ਇੱਕ ਲੇਖਕ ਸੀ, ਉਥੇ ਜੰਮੂ ਵਿੱਚ ਇੱਕ ਅਹਿਮ ਸਮਾਜ ਸੇਵਕ ਸੀ। ਉਹ ਵਿਗਿਆਨਕ ਸਮਾਜਵਾਦ ਲਈ ਪ੍ਰਤੀਬੱਧ ਸੀ ਅਤੇ ਆਪਣਾ ਜੀਵਨ ਵੀ ਉਸੇ ਅਨੁਸਾਰ ਢਾਲਣ ਲਈ ਯਤਨਸ਼ੀਲ ਸੀ। ਉਹਦਾ ਹਰਨੀਆਂ ਦਾ ਅਪ੍ਰੇਸ਼ਨ ਹੋਇਆ। ਹਸਪਤਾਲ ਗਿਆ। ਉਥੋਂ ਹੈਪੇਟਾਈਟਸ ਬੀ ਲਾਗ ਲੈ ਕੇ ਵਾਪਸ ਮੁੜਿਆਂ ਅਤੇ ਦਿੱਲੀ ਜਾ ਕੇ ਵਿਛੋੜਾ ਦੇ ਗਿਆ। ਅੰਤਮ ਸਮੇਂ ਉਹਨੇ ਦ੍ਰਿੜਤਾ ਨਾਲ ਬਿਮਾਰੀ ਦਾ ਟਾਕਰਾ ਕੀਤਾ ਅਤੇ ਮਹਾਨ ਦਾਰਸ਼ਨਿਕਾਂ ਕਾਮਰੇਡ ਲੈਨਿਨ ਤੇ ਕਾਮਰੇਡ ਸਟਾਲਿਨ ਵਾਂਗ ਸੰਘਰਸ਼ ਕਰਨ ਦਾ ਸੰਕਲਪ ਦੁਹਰਾਇਆ। ਪਰੰਤੂ ਉਸ ਸਮੇਂ ਪ੍ਰਾਪਤ ਸੀਮਤ ਡਾਕਟਰੀ ਪ੍ਰਬੰਧ ਉਸ ਨੂੰ ਬਚਾ ਨਾ ਸਕੇ। ਮਾਨ ਸਿੰਘ ਭਾਰਗਵ ਤੇ ਉਹਦਾ ਪਰਿਵਾਰ ਪੰਜਾਬ ਤੋਂ ਗਏ ਲੇਖਕਾਂ ਤੇ ਉਹਨਾਂ ਦੇ ਸਬੰਧੀਆਂ ਲਈ ਇੱਕ ਗੈਸਟ ਹਾਉਸ ਸੀ। ਜਿੱਥੇ ਸਭ ਨੂੰ ਘਰ ਵਰਗਾ ਨਿੱਘ ਤੇ ਸਤਿਕਾਰ ਮਿਲਦਾ ਸੀ। ਮਾਨ ਸਿੰਘ ਭਾਰਗਵ ਨੇ ਆਪਣੀ ਜੀਵਣ ਸਾਥਣ ਬੀਬੀ ਸੁਰਿੰਦਰ ਕੌਰ ਨੂੰ ਵੀ ਆਪਣੇ ਰੰਗ ਵਿੱਚ ਰੰਗ ਲਿਆ ਸੀ। ਉਹ ਵੀ ਉਹਦੇ ਪੂਰਨਿਆਂ ਤੇ ਚੱਲਦੀ ਸੀ। ਸਾਡੇ ਲਈ ਤੇ ਅਦਾਰਾ ਚਿਰਾਗ਼ ਲਈ ਮਾਨ ਸਿੰਘ ਭਾਰਗਵ ਦਾ ਵਿਛੋੜਾ ਇੱਕ ਨਿੱਜੀ ਦੁਖਾਂਤ ਵਾਂਗ ਹੈ। ਉਹ ਚਿਰਾਗ਼ ਨਾਲ ਜਨਮ ਤੋਂ ਹੀ ਜੁੜਿਆ ਹੋਇਆ ਸੀ ਤੇ ਉਹਨੇ ਚਿਰਾਗ਼ ਨੂੰ ਜੰਮੂ ਕਸ਼ਮੀਰ ਦੇ ਲੇਖਕਾਂ ਤੱਕ ਪਹੁੰਚਾਇਆ ਸੀ। ਉਹਦੀਆਂ ਅੰਤਮ ਰਸਮਾਂ ਸਮੇਂ ਮੈਂ ਆਪ ਉਸ ਪਰਿਵਾਰ ਦਾ ਅਤਿ ਨਜ਼ਦੀਕੀ ਹੋਣ ਕਾਰਨ, ਜੰਮੂ ਗਿਆ ਸੀ। ਉਸਦੇ ਸ਼ੋਕ ਸਮਾਗਮ ਵਿੱਚ ਸੈਂਕੜੇ ਲੇਖਕ ਤੇ ਗੈਰ ਲੇਖਕ ਸ਼ਾਮਲ ਸਨ। ਜਿਹੜਾ ਕੁਝ ਮਾਨ ਸਿੰਘ ਭਾਰਗਵ ਦੀ ਮਹਾਨਤਾ ਤੇ ਮਕਬੂਲੀਅਤ ਦਾ ਸਬੂਤ ਸੀ। ਉਸਨੂੰ ਸ਼ਰਧਾਂਜਲੀ ਦੇਣ ਵਾਲਿਆਂ ਵਿੱਚ ਧਾਰਮਿਕ ਹਸਤੀ ਸੰਤ ਜਸਵੀਰ ਸਿੰਘ ਜੀ, ਸਾਹਿਤਕ ਹਸਤੀਆਂ, ਉਘਾ ਕਹਾਣੀਕਾਰ ਕੰਵਲ ਕਸ਼ਮੀਰੀ ਦਵਿੰਦਰ ਸਿੰਘ ਵਿਸ਼ਵਨਾਗਰਿਕ, ਪ੍ਰੋਫੈਸਰ ਵਿਸ਼ਵਾਨਾਥ ਦਿਲ ਤੇ ਹੋਰ ਬਹੁਤ ਸਾਰੇ ਲੇਖਕ ਸ਼ਾਮਲ ਸਨ। ਪੰਜਾਬ ਦੇ ਲੇਖਕਾਂ ਵੱਲੋਂ ਦਰਸ਼ਨ ਸਿੰਘ ਗਿੱਲ (ਬਠਿੰਡਾ) ਵੀ ਸ਼ਾਮਲ ਸੀ। ਅਦਾਰਾ ਚਿਰਾਗ਼ ਜੰਮੂ ਦੇ ਲੇਖਕਾਂ ਦੇ ਵਿਛੋੜੇ ਖਾਸ ਕਰਕੇ ਮਹਿੰਦਰ ਸਿੰਘ ਰੰਜੂਰ ਤੇ ਮਾਨ ਸਿੰਘ ਭਾਰਗਵ ਦੇ ਵਿਛੋੜੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਨਾਲ ਹੀ ਜੰਮੂ ਦੇ ਪੰਜਾਬੀ ਲੇਖਕਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਡੂੰਘੀ ਹਮਦਰਦੀ ਪ੍ਰਗਟ ਕਰਦਾ ਹੈ। ਨਵੇਂ ਵਰ੍ਹੇ ਵਿੱਚ ਉਹਨਾਂ ਦੀਆਂ ਸਿਮਰਤੀਆਂ ਨੂੰ ਉਜਾਗਰ ਕਰਦੀਆਂ ਲਿਖਤਾਂ ਵੀ ਛਾਪਣ ਦਾ ਯਤਨ ਕਰੇਗਾ। ਅਦਾਰਾ ਇੱਕ ਵਾਰੀ ਫੇਰ ਵਿਛੜੇ ਲੇਖਕ ਮਿੱਤਰਾਂ ਦੀ ਯਾਦ ਨੂੰ ਪ੍ਰਣਾਮ ਕਰਦਾ ਹੈ। ਇਹਨਾਂ ਦੋਨਾਂ ਲੇਖਕਾਂ ਨੂੰ ਸੱਚੀ ਸ਼ਰਧਾਂਜਲੀ ਜੰਮੂ ਵਿੱਚ ਪੰਜਾਬੀ ਦੀ ਪੜ੍ਹਾਈ ਕਰਨੀ ਤੇ ਕਰਾਉਣੀ ਤੇ ਉਹਨਾਂ ਦੇ ਵਿਚਾਰਾਂ ਤੇ ਦਿਰੜਤਾ ਨਾਲ ਪਹਿਰਾ ਦੇਣਾ ਹੀ ਹੋ ਸਕਦੀ ਹੈ। *—ਸੰਪਾਦਕੀ ਮੰਡਲ*

### ਡਾ. ਹਰਿਭਜਨ ਸਿੰਘ ਨੂੰ ਸ਼ਰਧਾਂਜਲੀ

ਡਾ. ਹਰਿਭਜਨ ਸਿੰਘ ਦੀ ਮੌਤ ਨਾਲ ਕਵਿਤਾ ਦਾ ਧਰੂ-ਤਾਰਾ ਅਲੋਪ ਹੋ ਗਿਆ ਪ੍ਰਤੀਤ ਹੁੰਦਾ ਹੈ। ਕਵਿਤਾ, ਸਾਹਿਤ ਅਤੇ ਅਧਿਅਪਨ ਦੇ ਖੇਤਰ ਵਿੱਚ ਉਹਨਾਂ ਦੇ ਕੀਤੇ ਕੰਮ ਅੱਗੇ ਖ਼ੁਦ-ਬਖ਼ੁਦ ਸਿਰ ਝੁਕ ਜਾਂਦਾ ਹੈ।

ਪੰਜਾਬੀ ਕਵਿਤਾ ਵਿੱਚ ਉਹਨਾਂ ਦਾ ਮੁਕਾਮ ਕਿਸੇ ਜਾਣ ਪਛਾਣ ਜਾਂ ਟਿੱਪਣੀ ਦਾ ਮੁਥਾਜ ਨਹੀਂ। ਬੌਧਿਕ ਹਲਕਿਆਂ ਵਿੱਚ ਵੀ, ਉਹਨਾਂ ਦੀ ਸਮਰੱਥਾ ਅਤੇ ਚਿੰਤਨੀ-ਗਹਿਰਾਈ ਦਾ ਕੋਈ ਪਾਰਾਵਾਰ ਨਹੀਂ ਸੀ। ਵੀਹਵੀਂ ਸਦੀ ਦੀ ਕਵਿਤਾ, ਸਾਹਿਤ ਅਤੇ ਚਿੰਤਨ ਦੇ ਖੇਤਰ ਵਿੱਚ ਉਹਨਾਂ ਦਾ ਕੀਤਾ ਰਚਨਾਤਮਿਕ ਕਾਰਜ ਸਦਾ ਹੀ ਡੂੰਘੇ ਸਤਿਕਾਰ ਨਾਲ ਵਿਚਾਰਿਆ ਜਾਇਆ ਕਰੇਗਾ। ਅਸੀਂ ਉਹਨਾਂ ਦੇ ਪ੍ਰਵਾਰ ਤੇ ਸ਼ੁਭ ਚਿੰਤਕਾਂ ਦੇ ਦੁਖ ਵਿੱਚ ਸ਼ਾਮਲ ਹੁੰਦੇ ਹਾਂ। ਅਦਾਰਾ ਚਿਰਾਗ਼

*ਇਸ ਵਾਰ ਦਾ ਵਿਸ਼ੇਸ਼ ਕਵੀ*

# ਗ਼ਜ਼ਲ ਦੀ ਗੱਲ ਤੇ ਗੁਰਦੀਪ ਦੀਆਂ ਗ਼ਜ਼ਲਾਂ

ਖ਼ੂਬਸੂਰਤੀ ਦੇ ਅਹਿਸਾਸ ਦਾ ਸੰਚਾਰ ਕਲਾ ਹੈ। ਖ਼ੂਬਸੂਰਤ ਖਿਆਲ ਨਾਲ ਜੁੜਿਆ ਅਹਿਸਾਸ ਕਿਸੇ ਤੱਕ ਪੁਚਾਉਣਾ ਸ਼ੇਅਰ ਕਹਿਣਾ ਹੈ। ਖ਼ੂਬਸੂਰਤੀ ਦੇ ਕਿਸੇ ਅਹਿਸਾਸ ਨੂੰ ਕਿਸੇ ਤੱਕ ਪੁਚਾਉਣ ਲਈ ਸ਼ਾਇਰ ਇਕ ਤਰੀਕਾ ਇਹ ਵਰਤਦਾ ਹੈ ਕਿ ਉਹ ਆਪਣੇ ਸੁਖਨ ਵਿਚ ਕਿਸੇ ਇਸ ਤਰ੍ਹਾਂ ਦੀ ਚੀਜ਼ ਨੂੰ ਮਾਧਿਅਮ ਬਣਾਉਂਦਾ ਹੈ, ਜਿਸ ਤੋਂ ਪਾਠਕ ਜਾਂ ਸਰੋਤੇ ਵਾਕਫ ਹੋਣ ਅਤੇ ਜਿਸ ਦੀ ਖ਼ੂਬੀ ਉਹਨਾਂ ਵਿਚ ਖ਼ੂਬਸੂਰਤੀ ਦਾ ਕੋਈ ਅਹਿਸਾਸ ਪੈਦਾ ਕਰਦੀ ਹੋਵੇ। ਇਹ ਤਰੀਕਾ ਤਸ਼ਬੀਹ ਦਾ ਤਰੀਕਾ ਹੈ, ਜਿਵੇਂ ਚੰਦ ਚਿਹਰਾ, ਝੀਲ-ਅੱਖਾਂ ਆਦਿ। ਪਰ ਜਾਣੀਆਂ-ਪਛਾਣੀਆਂ ਖ਼ੂਬਸੂਰਤੀਆਂ ਤੋਂ ਪੈਦਾ ਹੋਣ ਵਾਲੇ ਜਾਣੇ-ਪਛਾਣੇ ਅਹਿਸਾਸ ਵੀ ਦੂਜੇ ਦਰਜੇ ਦੀ ਸ਼ਾਇਰੀ ਹੀ ਹੁੰਦੇ ਹਨ। ਦਰਅਸਲ ਸ਼ਾਇਰੀ ਇਕ ਜਾਣੀ-ਪਛਾਣੀ ਅਜਨਬੀਅਤ ਹੈ। ਅਸਲੀ ਸ਼ਾਇਰ ਵਾਸਤੇ ਉਸ ਦੇ ਅਤੇ ਕੇਵਲ ਉਸ ਦੇ ਹੱਥ ਆਈ, ਪਹਿਲੀ ਤੇ ਅਸਲੋਂ ਨਵੀਂ ਖ਼ੂਬਸੂਰਤੀ ਹੀ ਸ਼ਾਇਰੀ ਵਾਲੀ ਗੱਲ ਹੁੰਦੀ ਹੈ। ਤੇ ਸ਼ਾਇਰ ਦੇ ਤਸੱਵਰ ਵਿਚ ਆਈ ਇਹ ਨਵੀਂ ਖ਼ੂਬਸੂਰਤੀ ਇਕ ਇਮੇਜ ਹੁੰਦਾ ਹੈ। ਕਦੇ ਪੂਰਾ ਸ਼ੇਅਰ ਹੀ ਇਕ ਇਮੇਜ ਹੁੰਦਾ ਹੈ ਅਤੇ ਕਦੇ ਇਸ ਦਾ ਵਿਚਕਾਰਲਾ ਨੁਕਤਾ। ਇਮੇਜ ਆਪਣਾ ਸੰਚਾਰ ਆਪ ਕਰਦਾ ਹੈ, ਕਿਸੇ ਬਿਆਨ ਜਾਂ ਆਸੇ-ਪਾਸੇ ਦੀਆਂ ਛੋਹਾਂ ਨਾਲ ਉਸ ਨੂੰ ਸੁਣਨ ਜਾਂ ਪੜ੍ਹਨ ਵਾਲੇ ਤੱਕ ਨਹੀਂ ਪੁਚਾਇਆ ਜਾ ਸਕਦਾ।

ਜਦੋਂ ਸ਼ਾਇਰੀ ਨੂੰ ਖ਼ੂਬਸੂਰਤ ਅਹਿਸਾਸ ਦੇ ਸੰਚਾਰ ਦੀ ਗੱਲ ਵਜੋਂ ਲਈਏ ਤਾਂ ਜ਼ਿੰਦਗੀ ਦੇ ਬਹੁਤ ਸਾਰੇ ਮੁਦੱਈ ਇਸ ਨੂੰ ਜ਼ਿੰਦਗੀ ਤੋਂ ਕਿਨਾਰਾਕਸ਼ੀ ਕਹਿਣ ਤੱਕ ਚਲੇ ਜਾਂਦੇ ਹਨ। ਸੱਚ ਇਹ ਹੈ ਕਿ ਖ਼ੂਬਸੂਰਤੀ ਜ਼ਿੰਦਗੀ ਨੂੰ ਅਰਥ ਦੇਣ ਵਾਲੀ ਸਭ ਤੋਂ ਵੱਡੀ ਕਦਰ ਹੈ, ਜਿਸ ਦੇ ਪਿੱਛੇ ਇਨਸਾਫ, ਕੁਰਬਾਨੀਆਂ, ਜਾਂਨਿਸਾਰੀਆਂ, ਜਦੋ-ਜਹਿਦਾਂ ਅਤੇ ਸਭ ਇਨਸਾਨੀ ਘਾਲਣਾਵਾਂ ਦਾ ਇਤਿਹਾਸ ਖੜ੍ਹਾ ਹੈ। ਜ਼ਿੰਦਗੀ ਦਾ ਵਿਚਕਾਰਲਾ ਮੁੱਦਾ ਖੁਸ਼ੀ ਦੀ ਭਾਲ ਹੈ। ਸਾਰੀ ਇਨਸਾਨੀ ਤਰੱਕੀ ਉਸ ਦੀ ਇਸ ਭਾਲ ਦਾ ਅਫਸਾਨਾ ਹੈ। ਇਸ ਖੁਸ਼ੀ ਦੀ ਭਾਲ ਸਾਡਾ ਰਿਸ਼ਤਾ ਦਰਦ ਨਾਲ ਜੋੜ ਦਿੰਦੀ ਹੈ।

*ਰੰਗ ਜੋ ਰੰਗੀਨ ਨੇ ਤੇਰੀ ਤਰਫ*
*ਦਰਦ ਬਣ ਜਾਂਦੇ ਨੇ ਇਧਰ ਆਣ ਕੇ।*

ਆਮ ਤੌਰ 'ਤੇ ਇਨਸਾਨੀ ਖੁਸ਼ੀ ਨੂੰ ਖੁਸ਼ਹਾਲੀ ਨਾਲ ਨਾਪਿਆ ਜਾਣ ਲੱਗ ਪਿਆ ਹੈ। ਤੇ ਇਸ ਦਾ ਨਾਪਾ ਮਿਆਰੀ ਖ਼ਪਤ ਨੂੰ ਲਿਆ ਜਾਣ ਲੱਗ ਪਿਆ ਹੈ। ਪਰ ਸਭ ਤੋਂ ਉੱਚੇ ਮਿਆਰ ਵਾਲੀ ਖਪਤ ਹੈ, ਸੁਹਜ-ਸੁਆਦ ਵਾਲੀ ਖਪਤ (ਐਸਥੈਟਿਕ ਕੰਜ਼ਪਸ਼ਨ)। ਨਿਰੀਆਂ ਕੀਮਤੀ ਚੀਜ਼ਾਂ ਇਕ ਹੱਦ ਤੋਂ ਅੱਗੇ ਦਿਲ ਨੂੰ ਤਸਕੀਨ ਨਹੀਂ ਦੇ ਸਕਦੀਆਂ। ਉਦਾਂ ਆਦਮੀ ਜੋ ਚਾਹਵੇ, ਜੇ ਉਸ ਨੂੰ ਮਿਲ ਜਾਵੇ ਤਾਂ ਉਹ ਖੁਸ਼ ਹੋ ਜਾਂਦਾ ਹੈ। ਪਰ ਚਾਹੁਣ ਦੀ ਗੱਲ ਯਾਨੀ ਅਰੂਜ਼ਮੰਦੀ ਆਦਮੀ ਨੂੰ ਕਲਾ ਸਿਖਾਉਂਦੀ ਹੈ ਅਤੇ ਸ਼ਾਇਰੀ ਇਸ ਵਿਚ ਸਰੋਦ ਦਾ ਰੰਗ ਭਰਦੀ ਹੈ। ਜਦੋਂ ਲਿਰਸਿਜ਼ਮ ਦੀ ਗੱਲ ਕਰਦੇ ਹਾਂ ਤਾਂ ਗ਼ਜ਼ਲ ਦੀ ਸਿਨਫ ਸਾਹਮਣੇ ਆ ਜਾਂਦੀ ਹੈ। ਗ਼ਜ਼ਲ ਨੂੰ ਸਭ ਤੋਂ ਉੱਚੀ ਕਿਸਮ ਦਾ ਲਿਰਿਕ ਕਿਹਾ ਜਾਂਦਾ ਹੈ, ਜਿਸ ਦਾ ਹਰ ਸ਼ੇਅਰ ਇਕ ਸਿਖਰ (ਕਲਾਈਮੈਕਸ) ਹੁੰਦਾ ਹੈ। ਤੇ ਇਸ ਸਿਖਰ ਦੀ ਪਹੁੰਚ ਜਾਂ ਰਾਹ, ਇਸ ਤੋਂ ਹੇਠਾਂ ਜਾਂ ਇਸ ਤੋਂ ਬਾਹਰ ਨਹੀਂ ਹੁੰਦਾ। ਗ਼ਜ਼ਲ ਦਾ ਸ਼ੇਅਰ ਆਪਣੇ ਅਹਿਸਾਸ ਦੀ ਸ਼ਿੱਦਤ ਕਰਕੇ, ਆਪਣੇ ਲਾਮਿਸਾਲੀਪਣ ਕਰਕੇ, ਆਪਣੇ ਸਰੋਦ ਕਰਕੇ ਅਤੇ ਤੇਜ਼ ਰਫਤਾਰ ਜ਼ਿੰਦਗੀ ਦੇ ਹਾਣ ਦਾ ਹੋਣ ਕਰਕੇ ਅੱਜ ਦੇ ਆਦਮੀ ਦੇ ਦਿਲ 'ਤੇ ਰਾਜ ਕਰੇਗਾ। ਹਜ਼ਾਰ ਸਾਲ ਤੋਂ ਵੱਧ ਪੁਰਾਣੀ ਇਹ ਸਿਨਫ ਬਿਲਕੁਲ ਨਵੇਂ ਕਿਰਦਾਰ ਵਿਚ ਅੱਗੇ ਆ ਰਹੀ ਹੈ। ਗ਼ਜ਼ਲ ਦੀਆਂ ਸਖਤ ਪਾਬੰਦੀਆਂ ਅਤੇ ਕੁਝ ਇਕ ਬਹਿਰਾਂ ਤੱਕ ਇਸ ਦੀ ਦੁਨੀਆਂ ਦਾ ਸੀਮਿਤ ਹੋਣਾ ਮਕੈਨਕੀ ਜ਼ਿਹਨ ਵਾਲੇ ਦਾਨਿਸ਼ਵਰਾਂ ਨੂੰ ਗ਼ਜ਼ਲ ਦੀਆਂ ਖੁੱਲ੍ਹਾਂ ਦਾ ਤਸੱਵਰ ਹੀ ਨਹੀਂ ਹੋਣ ਦਿੰਦਾ। ਨਜ਼ਮ ਇਕ ਤਿਆਰ ਖਾਕੇ ਵਿਚ ਰੰਗ ਭਰਦੀ ਹੈ। ਗ਼ਜ਼ਲ ਦੇ ਸ਼ੇਅਰਾਂ ਦੀਆਂ ਗੁਲਕਾਰੀਆਂ



ਵਿਸਫੋਟਕ ਹੁੰਦੀਆਂ ਹਨ। ਕਿਸੇ ਜ਼ਮੀਨ ਵਿਚ ਸ਼ੇਅਰ ਕਹਿੰਦਿਆਂ, ਗ਼ਜ਼ਲਗੋ ਸ਼ਾਇਰ ਉੱਤੇ ਕਿਸੇ ਥੀਮ, ਦਾਸਤਾਨ, ਖਿਆਲ ਜਾਂ ਵਕਤ ਦੇ ਥਾਂ ਦੀ ਇਕਾਈ ਦੀ ਪਾਬੰਦੀ ਨਹੀਂ ਹੁੰਦੀ। ਉਸ ਦੀ ਨਿਸ਼ਚਿਤ ਜਿਹੀ ਜ਼ਮੀਨ ਦੀ ਕੋਈ ਹੱਦ ਨਹੀਂ, ਕੁਝ ਵੀ ਉਸ ਤੋਂ ਬਾਹਰ ਨਹੀਂ, ਪਰ੍ਹੇ ਨਹੀਂ। **ਗ਼ਜ਼ਲਗੋ ਸ਼ਾਇਰ ਦੀ ਤਬਾ ਵੀ ਖ਼ੂਬ ਹੁੰਦੀ ਹੈ।** ਇਥੇ ਇੰਜ ਵੀ ਹੁੰਦਾ ਹੈ ਕਿ ਇਕ ਜ਼ਮੀਨ ਤਰ੍ਹਾ ਹੋਈ, ਦੋ ਸ਼ੇਅਰ ਕਹੇ ਗਏ, ਗੱਲ ਵਿਸਰ ਗਈ, ਫੇਰ ਕਦੇ ਰਾਮ ਦੇ ਬਨਵਾਸ ਜਿੰਨੇ ਚਿਰ ਪਿਛੋਂ ਸ਼ਾਇਰਾਨਾ ਤਬਾ ਉਸ ਜ਼ਮੀਨ ਵੱਲ ਜਾ ਨਿਕਲੀ ਅਤੇ ਵਰ੍ਹਿਆਂ ਪਿੱਛੋਂ ਤਰੋਤਾਜ਼ਾ ਗ਼ਜ਼ਲ ਹੋ ਗਈ।

ਸ਼ਾਇਰੀ ਦੇ ਇਸ ਰੂਪ ਉੱਤੇ ਉਦੋਂ ਉਂਗਲਾਂ ਉੱਠਣ ਲਈ ਥਾਂ ਬਣ ਜਾਂਦੀ ਹੈ, ਜਦੋਂ ਅਖੌਤੀ ਗ਼ਜ਼ਲਗੋ ਇਕ ਜ਼ਮੀਨ ਚੁਣ ਕੇ ਕਾਫੀਆ-ਪੈਮਾਈ ਸ਼ੁਰੂ ਕਰ ਦਿੰਦਾ ਹੈ ਅਤੇ **ਸ਼ੇਅਰ ਘੜਨ ਦੀ ਕੋਸ਼ਿਸ਼ ਕਰਦਾ ਹੈ।** ਗ਼ਜ਼ਲ ਕਹਿਣ ਲਈ ਖਾਸ ਸ਼ਖਸੀਅਤ ਦੀ ਲੋੜ ਹੈ। ਕਾਫੀਆ ਇਕ ਅਪਹੁੰਚ ਬੁਲੰਦੀ ਤੋਂ ਸ਼ਾਇਰ ਨੂੰ ਪੁਕਾਰੇ, ਸ਼ਾਇਰ ਉਸ ਨੂੰ ਜਵਾਬ ਦੇਵੇ। ਜਿੱਥੇ ਹਰ ਨਜ਼ਮ ਕਹਿਣ ਵਾਲੇ ਦਾ ਗੁਜ਼ਰ ਹੈ, ਗ਼ਜ਼ਲਗੋ ਦਾ ਮੁਕਾਮ ਉਸ ਤੋਂ ਕਿਤੇ ਉਤਾਂਹ ਹੈ। **ਗ਼ਜ਼ਲ ਦਾ ਅਗਲਾ ਸ਼ੇਅਰ ਜੇ ਪਿਛਲੇ ਨੂੰ ਭੁਲਾ ਨਾ ਦੇਵੇ ਤਾਂ ਉਹ ਕਾਮਯਾਬ ਸ਼ੇਅਰ ਨਹੀਂ। ਚੰਗੇ ਗ਼ਜ਼ਲਗੋ ਦੇ ਸ਼ੇਅਰ ਇਲਹਾਮ ਵਾਂਗ ਉਤਰਦੇ ਹਨ—**

*"ਕਹਿਤੇ ਥੇ ਜਿਸੇ ਲੋਗ ਤੇਰੇ ਫਨ ਕਾ ਨਮੂਨਾ*
*ਵੁਹ ਸ਼ੇਅਰ ਸੁਜਾ ਹਜ਼ਰਤੇ ਇਲਹਾਮ ਕਾ ਨਿਕਲਾ।"*

ਤੇ ਜਿਹੜੀ ਗੱਲ ਮੈਂ ਕਾਫੀਏ ਦੀ ਬੁਲੰਦੀ ਤੋਂ ਆਵਾਜ਼ ਮਾਰਨ ਬਾਰੇ ਕਹੀ ਹੈ, ਇਹ ਹਰ ਸ਼ਾਇਰ ਦੇ ਹਿੱਸੇ ਨਹੀਂ ਆਉਂਦੀ—

*"ਸ਼ੇਅਰ ਦਰ ਸ਼ੇਅਰ ਇਕ ਪੁਰਸੁਲਾਤੇ ਗ਼ਜ਼ਲ,*
*ਕਾਫੀਆ ਕਾਫੀਆ ਮਰਹਲਾ ਦੋਸਤੋ।"* —ਖਾਵਰ

ਪੰਜਾਬੀ ਵਿਚ ਜਦੋਂ ਅਸੀਂ ਸ਼ਾਇਰੀ ਦੀ ਗੱਲ ਕਰਦੇ ਹਾਂ, ਤਾਂ ਅਸੀਂ ਸ਼ਾਇਰ ਦੇ ਖ਼ਿਆਲ ਅਤੇ ਤਸਵੱਰ ਦੀ ਸ਼ਾਇਰਾਨਾ ਖਾਸੀਅਤ ਦਾ ਜ਼ਿਕਰ ਤੱਕ ਨਹੀਂ ਕਰਦੇ। ਅਸੀਂ ਸ਼ਾਇਰੀ ਦੀ ਗੱਲ ਨਸਰ ਜਾਂ ਗੱਦ ਵਾਂਗ ਹੀ ਕਰਦੇ ਹਾਂ। ਨਾਲ ਹੀ ਮਕੈਨਕੀ ਅੰਦਾਜ਼ ਵਿਚ ਉਪਮਾਵਾਂ, ਅਲੰਕਾਰਾਂ ਅਤੇ ਰੂਪਕਾਂ ਦਾ ਜ਼ਿਕਰ ਵੀ ਕਰ ਦਿੰਦੇ ਹਾਂ। ਪੰਜਾਬੀ ਦੇ ਇਕ ਬਹੁਤ ਵੱਡੇ ਦਾਨਿਸ਼ਵਰ ਤੇ ਆਲੋਚਕ ਇਹ ਗੱਲ ਗੱਜ-ਵੱਜ ਕੇ ਕਹਿੰਦੇ ਸਨ ਕਿ ਕਵਿਤਾ ਨੂੰ ਗੱਦ ਤੋਂ ਅੱਡ ਕਰਨ ਵਾਲੀ ਚੀਜ਼ ਸਿਰਫ ਭੂਸ਼ਣ ਹੀ ਹਨ।

ਦੂਜੇ ਪਾਸੇ ਉਰਦੂ ਵਿਚ ਤਸੱਵਰ ਤੇ ਖਿਆਲ ਦੀ ਗੱਲ ਤਾਂ ਹੁੰਦੀ ਹੈ, ਪਰ ਕੁਝ ਨਿਸ਼ਚਿਤ ਜਿਹੇ ਅੰਦਾਜ਼ ਵਿਚ। ਜਿਵੇਂ ਤਸੱਵਰ ਦੀ ਪਰਵਾਜ਼, ਤਸੱਵਰ ਦੀ ਰੰਗੀਨੀ, ਖਿਆਲ ਦੀ ਨਜ਼ਾਕਤ ਅਤੇ ਅਛੂਤੇਪਣ ਦਾ ਜ਼ਿਕਰ ਹੋਇਆ, ਬਹੁਤ ਹੋਇਆ ਅਤੇ ਜ਼ਿੱਦਤ (ਬੇਮਿਸਾਲ) ਦਾ ਦਰਜਾ ਦੇ ਦਿੱਤਾ। ਸ਼ੇਅਰ ਦਾ ਮੁੱਲ ਪਾਉਣ ਵਿਚ ਤਖਲੀਕੀ ਪਹੁੰਚ ਦਾ ਦਖਲ ਨਹੀਂ ਹੁੰਦਾ। ਇਸ ਦਾ ਨੁਕਸਾਨ ਇਹ ਹੁੰਦਾ ਹੈ ਕਿ ਸ਼ਾਇਰਾਨਾ ਸੁਹਜ-ਸੁਆਦ ਦੀ ਪਰਵਰਿਸ਼ ਨਹੀਂ ਹੋ ਪਾਉਂਦੀ। ਸਾਡੇ ਪੜ੍ਹੇ-ਲਿਖੇ ਲੋਕਾਂ ਵਿਚ ਕਾਵਿਕ ਉਤਸੁਕਤਾ ਪੈਦਾ ਹੀ ਨਹੀਂ ਹੁੰਦੀ। ਸ਼ਾਇਰ ਬੇਲੋੜਾ ਬਸ਼ਰ ਬਣ ਕੇ ਰਹਿ ਜਾਂਦਾ ਹੈ ਅਤੇ ਨਤੀਜੇ ਵਜੋਂ ਆਰਜ਼ੂ ਬਜ਼ਾਰਾਂ ਵਿਚ ਰੁਸਵਾ ਹੁੰਦੀ ਤੇ ਧੜਕਣਾਂ ਅਜਾਈਂ ਵਿਕਦੀਆਂ ਹਨ—

*ਆਰਜ਼ੂ ਰੁਸਵਾ ਨਾ ਕਰ ਬਾਜ਼ਾਰ ਵਿਚ*
*ਧੜਕਣਾਂ ਨੂੰ ਮੁਫ਼ਤ ਮੁੱਲਾ ਨਾ ਗੁਆ।*

ਕਵੀਸ਼ਰੀ ਤੋਂ ਅੱਡ ਹੋਣ ਪਿਛੋਂ ਸਾਡੀ ਪੰਜਾਬੀ ਕਵਿਤਾ ਨੂੰ ਕੋਈ ਅਪਣੱਤ ਨਹੀਂ ਮਿਲੀ। ਖੁੱਲ੍ਹੀ ਕਵਿਤਾ ਕਿਤਾਬਾਂ ਦੀ ਦੁਨੀਆ ਵਿਚ ਦਹਾਕਿਆਂ ਤੱਕ ਛਾਈ ਰਹਿ ਕੇ ਵੀ ਕਿਤਾਬਾਂ ਵਿਚੋਂ ਨਿਕਲ ਕੇ ਸਰੋਤਿਆਂ ਦੇ ਦਿਲਾਂ ਵਿਚ ਨਹੀਂ ਪਹੁੰਚ ਸਕੀ। **ਇਨਸਾਨੀ ਜਜ਼ਬਿਆਂ ਨੂੰ ਸਫਲ-ਅਸਫਲ ਜੋ ਵੀ ਜ਼ੁਬਾਨ ਮਿਲੀ ਹੈ, ਉਹ ਪਾਬੰਦ ਕਵਿਤਾ ਵਿਚ ਹੀ ਮਿਲੀ ਹੈ।** ਉਂਜ ਹਾਲਾਤ ਇਹ ਹੈ ਕਿ ਖੁਲ੍ਹੀ ਕਵਿਤਾ ਵਾਲੇ ਪਾਬੰਦ ਨਜ਼ਮ ਨੂੰ ਕਵਿਤਾ ਨਹੀਂ ਸਮਝਦੇ ਅਤੇ ਪਾਬੰਦ ਨਜ਼ਮ ਵਾਲੇ ਗ਼ਜ਼ਲ ਨੂੰ ਕਵਿਤਾ ਨਹੀਂ ਸਮਝਦੇ, ਪਰ

ਖ਼ੁਸ਼ੀਆਂ ਤੇ ਗ਼ਮ ਵੇਚਣ ਦਾ ਹੋਕਾ ਗ਼ਜ਼ਲ ਨਾਲੋਂ ਚੰਗਾ ਕੋਈ ਹੋਰ ਸਿਨਫ ਨਹੀਂ ਦੇ ਸਕਦੀ।

ਪੰਜਾਬੀ ਬੋਲੀ ਦੀਆਂ ਕੁਝ ਆਪਣੀਆਂ ਮਜਬੂਰੀਆਂ ਹਨ। ਜ਼ਮੀਨਾਂ ਦਾ ਸੰਗਲਾਖ ਹੋਣਾ, ਕਾਫੀਏ ਦੀ ਤੰਗੀ, ਪੰਜਾਬੀ ਦੇ ਕਿਰਿਆ ਰੂਪਾਂ ਵਿਚ ਨਰਮ ਲਹਿਜੇ ਦੀ ਕਮੀ, ਅੱਧਕਾਂ-ਟਿੱਪੀਆਂ, ਕਿਰਿਆ ਰੂਪ ਰਹਿੰਦਾ, ਲਹਿੰਦਾ, ਹੁੰਦਾ ਵਰਗੀਆਂ ਗੱਲਾਂ ਕਰਕੇ ਪੰਜਾਬੀ ਗ਼ਜ਼ਲ ਵਿਚ ਖੁਰਦਰਾਪਣ ਰਹੇਗਾ ਹੀ। ਰੁਕਨਾਂ ਦੀ ਕਮੀ-ਪੇਸ਼ੀ ਵੀ ਰਹੇਗੀ। ਤੇ ਗ਼ਜ਼ਲ ਦਾ ਮਾਹੌਲ ਵੀ ਬਹੁਤ ਸੌਖਿਆਂ ਢੁੱਕਵਾਂ ਨਹੀਂ ਬਣੇਗਾ। ਗ਼ਜ਼ਲ ਦੇ ਮਜ਼ਾਜ ਨੂੰ ਪੰਜਾਬੀ ਬਣਾਉਣ ਲਈ ਵੀ ਸਮਾਂ ਦਰਕਾਰ ਹੈ। ਗ਼ਜ਼ਲ ਫਾਰਸੀ ਤੋਂ ਉਰਦੂ ਵਿਚ ਆਈ, ਜੋ ਉਸ ਵੇਲੇ ਬਣ ਰਹੀ ਜ਼ਬਾਨ ਸੀ, ਪਰ ਉਰਦੂ ਵਿਚ ਫਾਰਸੀ ਤੋਂ ਉੱਚਾ ਸਥਾਨ ਬਣਾ ਗਈ। ਪੰਜਾਬੀ ਵਿਚ ਵੀ ਗ਼ਜ਼ਲ ਦਾ ਭਵਿੱਖ ਰੌਸ਼ਨ ਹੈ, ਪਰ ਉਰਦੂ ਤੋਂ ਸੌ ਫੀਸਦੀ ਟੁੱਟ ਕੇ ਗ਼ਜ਼ਲ ਕਹਿਣੀ ਮੁਸ਼ਕਲ ਹੈ। ਪੰਜਾਬੀ ਗ਼ਜ਼ਲ ਦੇ ਨਵੇਕਲੇ ਨਕਸ਼ਾਂ ਦੀ ਚਰਚਾ ਛਿੜਨੀ ਚਾਹੀਦੀ ਹੈ ਅਤੇ ਨਾਲ ਹੀ ਰਵਾਇਤ ਨਾਲ ਜੁੜਿਆ ਰਹਿਣਾ ਵੀ ਲਾਜ਼ਮੀ ਹੈ—

*ਹਰ ਚੰਦ ਨਯਾ ਜ਼ਿਹਨ ਦੀਆ ਹਮ ਨੇ ਗ਼ਜ਼ਲ ਕੋ,*
*ਆਜ ਭੀ ਦਿਲ ਪਾਸੇ-ਰਵਾਇਤ ਕਰੇ ਹੈ।* —*ਸ਼ਾਦ*

ਸਿਆਣੇ ਤੇ ਪੁਰਾਣੇ ਪਾਠਕਾਂ 'ਚੋਂ ਤਾਂ ਬਹੁਤੇ ਮੇਰੀ ਸ਼ਾਇਰੀ ਨੂੰ ਮੇਰੇ ਨਾਲੋਂ ਵੱਧ ਸਮਝਦੇ ਹੋਣਗੇ, ਪਰ ਨਵੇਂ (ਨਿਆਣੇ ਨਹੀਂ) ਪਾਠਕਾਂ ਨੂੰ ਆਪਣੇ ਸ਼ਬਦਾਂ ਤੇ ਸੋਚਾਂ ਦੀ ਉਂਗਲੀ ਲਾਉਣ ਲਈ ਮੈਂ ਇਥੇ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ। ਕੋਈ ਵੀ ਲੇਖਕ ਕਿਉਂ ਲਿਖਦਾ ਹੈ ਜਾਂ ਮੈਂ ਕਿਉਂ ਲਿਖਦਾ ਹਾਂ, ਇਸ ਦਾ ਜਵਾਬ ਮੈਨੂੰ ਆਪਣੇ ਇਸ ਸ਼ੇਅਰ ਵਿਚੋਂ ਮਿਲਦਾ ਹੈ—

*ਨਾ ਰਾਤ ਦਾ ਕਸੂਰ ਨਾ ਦਿਲ ਦਾ ਕਸੂਰ ਹੈ*
*ਬੰਦੇ ਨੂੰ ਵਕਤ ਨਾਲ ਪਰ ਸ਼ਿਕਵਾ ਜ਼ਰੂਰ ਹੈ।*

ਮੇਰੇ ਆਪਣੇ ਪਲਾਂ ਵਿਚ ਮੈਂ ਬੰਦੇ ਦੇ ਇਸ ਸ਼ਿਕਵੇ ਨੂੰ ਜ਼ਬਾਨ ਦੇਣ ਦੀ ਕੋਸ਼ਿਸ਼ ਕਰਦਾ ਹਾਂ ਤੇ ਇਸ ਕਾਰੇ ਲੱਗੇ ਮੈਨੂੰ ਕਦੀ ਧੜਕਣ ਦੇ ਭਵਿੱਖ ਦੀ ਫਿਕਰ ਹੁੰਦੀ ਹੈ, ਕਦੀ ਜ਼ਖ਼ਮ ਦੀ ਹਸਤੀ ਦੀ—

*ਜ਼ਖ਼ਮ ਦੀ ਹਸਤੀ ਹੀ ਕੀ ਜੇ ਜ਼ਖ਼ਮ ਕੋਲ*
*ਦਰਦ ਦਾ ਕੋਈ ਤਸੱਵਰ ਨਾ ਰਹੇ।*

*ਧੜਕਣ ਦੀ ਫਿਕਰ ਹੋਈ ਹੈ ਮੈਨੂੰ ਨਵੀਂ ਨਵੀਂ*
*ਉਦਾਂ ਤੇ ਮੇਰੀ ਸੋਚ ਵਿਚ ਮੁੱਢੋਂ ਫਤੂਰ ਹੈ।*

ਮੇਰੇ ਫਤੂਰ ਨੂੰ ਵਕਤ ਦੇ ਸੁਭਾਅ ਉੱਤੇ ਵੀ ਗਿਲਾ ਹੁੰਦਾ ਹੈ ਜੋ ਬੜੀਆਂ ਪੱਕੀਆਂ ਸਾਂਝਾਂ ਪਾਉਂਦਾ ਏ, ਪਰ ਪਰਤਦਾ ਕਦੀ ਨਹੀਂ—

*ਕਿਸ ਲਈ ਪੌਂਦਾ ਏ ਸਾਂਝਾਂ ਪੱਕੀਆਂ*
*ਵਕਤ ਨੇ ਜੇ ਪਰਤਣਾ ਹੁੰਦਾ ਨਹੀਂ।*

ਸ਼ਾਮਾਂ ਸਵੇਰਾਂ ਦੇ ਅੰਗ ਸੰਗ ਆਪਣੀ ਆਪਣੀ ਹੋਣੀ ਹੰਢਾਉਂਦਾ ਦਿਲ ਥਾਂ ਕੁ-ਥਾਂ ਅਟਕਦਾ ਜਾਂਦਾ ਹੈ।

*ਦਿਲ ਹੈ ਬਦਨਾਮੀ ਤੋਂ ਭੈਅ ਖਾਂਦਾ ਨਹੀਂ*
*ਅਟਕਦਾ ਜਾਂਦਾ ਹੈ ਐਵੇਂ ਥਾਂ ਕੁ ਥਾਂ।*

ਕਦੀ ਦਰਦ ਉਹਦੇ ਉੱਤੇ ਮਿਹਰਬਾਨ ਹੈ ਤੇ ਕਦੇ ਧਰਤੀ ਦੀ ਬੇਰੁਖੀ ਅੱਖਰਦੀ ਹੈ ਅਤੇ ਅਰਸ਼ ਦਾਮਨ ਛੁਡਾਉਂਦਾ ਜਾਪਦਾ ਹੈ—

*ਬੇਰੁਖੀ ਅਪਣਾ ਲਈ ਹੈ ਧਰਤ ਨੇ*
*ਸਾਡੇ ਤੋਂ ਦਾਮਨ ਛੁਡਾ ਅੰਬਰ ਗਿਆ।*

ਇਸੇ ਤਰ੍ਹਾਂ ਕਦੇ ਮਸੀਹਾ ਦੇ ਦਰਦ ਤੋਂ ਡਰ ਜਾਣ ਦਾ ਖਦਸ਼ਾ ਪੈਦਾ ਹੁੰਦਾ ਹੈ—

*ਕੀ ਕਰੋਗੇ ਫਿਰ ਤੁਸੀਂ ਇਸਦਾ ਇਲਾਜ*



*ਜੇ ਮਸੀਹਾ ਦਰਦ ਕੋਲੋਂ ਡਰ ਗਿਆ।*

ਗ਼ਜ਼ਲ ਵਿਚ ਭਾਵੇਂ ਮੁਸਲਸਲ ਕੁਝ ਨਹੀਂ ਹੁੰਦਾ, ਪਰ ਮੇਰੀ ਗ਼ਜ਼ਲ ਦਾ ਸਾਰਾ ਸਰੋਕਾਰ ਇਸ ਰੌਸ਼ਨੀਆਂ ਬੁਝਾਉਣ ਵਾਲੀ ਮਹਾਨਗਰੀ ਸਭਿਅਤਾ ਨਾਲ ਹੈ। ਮੇਰੇ ਸੈਂਕੜੇ ਸ਼ੇਅਰ ਇਸ ਨਾਲ ਸਬੰਧ ਰੱਖਦੇ ਹਨ। ਇਹ ਸਭਿਅਤਾ ਜਿਥੇ ਆਦਮੀ ਛੱਤਾਂ ਹੇਠ ਜੰਮਦਾ, ਜਿਉਂਦਾ, ਉਡਦਾ ਤੇ ਮਰਦਾ ਹੈ, ਪਰ ਬਹੁਤਿਆਂ ਨੂੰ ਆਪਣੀ ਇਸੇ ਬੇਵਸੀ ਦਾ ਪਤਾ ਤੱਕ ਨਹੀਂ ਹੁੰਦਾ—

*ਛੱਤਾਂ ਹੇਠ ਉਡ ਕੇ ਅਰਸ਼ ਤੀਕਰ ਜਾ ਨਹੀਂ ਹੋਣਾ*
*ਤੁਹਾਥੋਂ ਇਸ ਤਰ੍ਹਾਂ ਸ਼ਾਹੀਂ ਦਾ ਰੁਤਬਾ ਪਾ ਨਹੀਂ ਹੋਣਾ।*

ਇਸੇ ਮਹਾਨਗਰੀ ਸ਼ਹਿਰੀ ਸਭਿਅਤਾ ਦੀ ਚੜ੍ਹਤ ਨੇ ਬੰਦੇ ਨੂੰ ਵਰਗਲਾ ਤਾਂ ਲਿਆ ਹੈ, ਪਰ ਬੰਦਿਆਂ ਦੀ ਰੌਣਕ ਚਲੀ ਗਈ—

*ਇਸਦੀ ਚੜ੍ਹਤ ਨੇ ਜ਼ਿੰਦਗੀ ਤੇ ਵਰਗਲਾ ਲਈ*
*ਲੇਕਿਨ ਸ਼ਹਿਰ ਨੇ ਭੀੜ ਵਿਚ ਰੌਣਕ ਗਵਾ ਲਈ।*

ਇਹ ਉਹ ਸਭਿਅਤਾ ਹੈ ਜਿਸ ਦੇ ਦਾਮਨ ਵਿਚ ਵਕਤ ਸੁੰਗੜਦਾ ਜਾਂਦਾ ਹੈ ਤੇ ਇਹ ਅਰਸ਼ਾਂ ਨੂੰ ਗੁੰਮਰਾਹ ਕਰ ਲੈਣ ਵਾਲਾ ਮਾਹੌਲ ਵੀ ਵਾਰ ਵਾਰ ਮੇਰੇ ਸ਼ੇਅਰਾਂ ਵਿਚ ਆਉਂਦਾ ਹੈ—

*ਲੱਭੇ ਕਿਸੇ ਨੂੰ ਜੇ ਕਿਤੇ ਮੈਨੂੰ ਪਤਾ ਦਵੇ*
*ਅੰਬਰ ਮੇਰਾ ਗਵਾਚਿਆ ਹੋਇਆ ਏ ਸ਼ਹਿਰ ਵਿਚ।*

ਸੱਤਾ/ਸਥਾਪਤੀ ਮੇਰੇ ਲਈ ਸਿਤਮਗਰ ਹੈ ਤੇ ਸਿਤਮ ਮੇਰੀ ਸ਼ਾਇਰੀ ਦਾ ਆਮ ਵਿਸ਼ਾ ਹੈ।

ਜ਼ਿੰਦਗੀ ਤੋਂ ਮਿਲੇ ਇਨ੍ਹਾਂ ਸੂਖਮ ਦਰਦਾਂ ਦੇ ਅਹਿਸਾਸ ਨਾਲ ਬੜਾ ਕੁਝ ਸਿੱਖਿਆ, ਸਮਝਿਆ ਤੇ ਹੰਢਾਇਆ ਹੈ। ਇਸੇ ਲਈ ਸ਼ੇਅਰ ਕਹੇ ਬਿਨਾਂ ਰਿਹਾ ਨਹੀਂ ਜਾਂਦਾ ਤੇ ਮੇਰੀ ਰਚਨਾ ਪ੍ਰਕਿਰਿਆ ਲਗਾਤਾਰ ਜਾਰੀ ਹੈ। ਸ਼ਾਇਦ ਇਸ ਲਈ ਵੀ ਕਿ ਮੇਰੇ ਸ਼ੇਅਰ ਕਿਸੇ ਦੇ ਦਰਦ ਦੀ ਤਰਜ਼ਮਾਨੀ ਕਰਨ ਅਤੇ ਕਿਸੇ ਹੋਰ ਨੂੰ ਜ਼ਿੰਦਗੀ ਦੇ ਔਝੜ ਰਾਹਾਂ ਉੱਤੇ ਤੁਰਨ ਦਾ ਭੇਤ ਦਸਣ—

*ਮੈਂ ਭਟਕ ਚੁਕਾ ਹਾਂ ਏਨਾ ਹੁਣ ਤੱਕ,*
*ਮੈਨੂੰ ਵੀ ਕੁਝ ਰਾਹਬਰੀ ਦਾ ਭਰਮ ਹੈ।*

## ਗ਼ਜ਼ਲਾਂ

1. ਦਿਲ ਜਦੋਂ ਦਾ ਹਾਦਸੇ ਵਿਚ ਮਰ ਗਿਆ,
ਆਰਜ਼ੂ ਦਾ ਤਨਬਦਨ ਖਿੱਲਰ ਗਿਆ।

ਕੀ ਕਰੋਗੇ ਫਿਰ ਤੁਸੀਂ ਇਸ ਦਾ ਇਲਾਜ,
ਜੇ ਮਸੀਹਾ ਦਰਦ ਕੋਲੋਂ ਡਰ ਗਿਆ।

ਫਿਰ ਨਹੀਂ ਦਿਲ ਨੂੰ ਮਿਲੀ ਕੋਈ ਪਛਾਣ,
ਜ਼ਖ਼ਮ ਸੀ ਕਿ ਭਰਦਾ ਭਰਦਾ ਭਰ ਗਿਆ।

ਅੱਗ ਦਾ ਦਿਲ ਚੋਂ ਵਰੋਲਾ ਗੁਜ਼ਰਿਆ,
ਤੇਰੀਆਂ ਦੋ ਚਾਰ ਗੱਲਾਂ ਕਰ ਗਿਆ।

ਧੁੰਦ ਉਤੇ ਲੈ ਕੇ ਤਾਰੇ ਸੌਂ ਗਏ,
ਠਰਦਾ ਠਰਦਾ ਚੰਦ ਆਖ਼ਰ ਠਰ ਗਿਆ।

ਪਾਣੀ ਉਤੇ ਤਰ ਰਿਹਾ ਸੀ ਜੋ ਕਮਲ,
ਕਿਸ ਤਰ੍ਹਾਂ ਬਣ ਫੁੱਲ ਤੋਂ ਪੱਥਰ ਗਿਆ।

ਕੀ ਅਜਬ ਪਾਣੀ ਹੈ ਦਿਲ ਦੀ ਝੀਲ, ਦਾ,
ਰੰਜ ਦੇ ਖੁਰ ਜਾਣ 'ਤੇ ਨਿੱਤਰ ਗਿਆ।

ਬੇਰੁਖ਼ੀ ਅਪਣਾ ਲਈ ਹੈ ਧਰਤ ਨੇ,
ਸਾਡੇ ਤੋਂ ਦਾਮਨ ਛੁਡਾ ਅੰਬਰ ਗਿਆ।

2. ਜਿਸ ਵਕਤ ਮਾਰਦੀ ਹੈ ਇਸ ਤਰਫ਼ ਸ਼ਾਮ ਫੇਰਾ,
ਦਿਲ ਵਿਚ ਚਰਾਗ਼ ਬਾਲਣ ਆਉਂਦਾ ਹੈ ਜ਼ਿਕਰ ਤੇਰਾ।

ਰਿਸ਼ਤਾ ਬਦਲ ਨਾ ਜਾਵੇ ਪਰਵਾਜ਼ ਤੇ ਪਰਾਂ ਦਾ,
ਪੰਛੀ ਬਣਾ ਰਿਹਾ ਹੈ ਧਰਤੀ ਤੇ ਕਿਉਂ ਬਸੇਰਾ।

ਦਰਦਾਂ ਦੇ ਰੂਬਰੂ ਹੈ ਪਰ ਹੌਸਲਾ ਹੈ ਦਿਲ ਵਿਚ,
ਖਿਲਦਾ ਹੈ ਮੁਸਕੁਰਾ ਕੇ ਜ਼ਖ਼ਮੀ ਜਿਹਾ ਸਵੇਰਾ।
ਹਿਜਰਾਂ ਦੀ ਰਾਤ ਸਾਰੀ ਰੋਸ਼ਨ ਜਿਹਾ ਤਸੱਵਰ,
ਜਗਦੇ ਚਮਕਦੇ ਤਾਰੇ ਵੇਂਹਦਾ ਰਿਹਾ ਹਨੇਰਾ।

ਫੁੱਲਾਂ ਦੇ ਰੰਗ ਓਦਾਂ ਖਿੜਦੇ ਨਹੀਂ ਹੁਣ ਦਿਲ ਵਿਚ,
ਹੋਇਆ ਹੈ ਇੰਝ ਦੂਸ਼ਤ ਇਸ ਬਾਗ ਦਾ ਚੁਫੇਰਾ।

ਸਾਰੀ ਹੀ ਉਮਰ ਦਿਲ ਨੇ ਏਦਾਂ ਗੁਜ਼ਾਰ ਦਿੱਤੀ,
ਜ਼ਾਲਮ ਜਹਾਨ ਨੇੜੇ ਯਾਰਾਂ ਦਾ ਦੂਰ ਡੇਰਾ।

3. ਹਰ ਰੋਜ਼ ਵਧਦਾ ਭਾਰ ਇਕ ਸਿਰ ਤੇ ਟਿਕਾ ਲਿਆ,
ਇਹ ਹਸਰਤਾਂ ਦਾ ਸ਼ਹਿਰ ਮੈਂ ਨਾਹੱਕ ਵਸਾ ਲਿਆ।

ਪਹੁੰਚੇਗਾ ਫਿਰ ਬਹਾਰ ਨੂੰ ਪੈਗਾਮ ਕਿਸ ਤਰ੍ਹਾਂ,
ਰੰਗੀਨੀਆਂ ਦਾ ਜੇ ਪਤਾ ਯਾਰਾਂ ਗਵਾ ਲਿਆ।

ਜ਼ਖ਼ਮਾਂ ਦੇ ਨਾਲ ਸਾਂਝ ਸਿੱਧੀ ਹੀ ਪਾ ਲਈ,
ਦਰਦਾਂ ਦੇ ਇਖ਼ਤਿਆਰ ਦਾ ਚੇਤਾ ਭੁਲਾ ਲਿਆ।

ਧਰਤੀ ਤੇ ਥਾਂ ਖਲੋਣ ਦੀ ਭਾਵੇਂ ਮਿਲੀ ਨਹੀਂ,
ਸਾਰਾ ਅਕਾਸ਼ ਪਰ ਅਸੀਂ ਝੋਲੀ 'ਚ ਪਾ ਲਿਆ।

ਕਾਨੂੰਨ ਸਾਡੀ ਪਹੁੰਚ ਦੇ ਘੇਰੇ 'ਚ ਆ ਗਿਆ,
ਅਪਣੇ ਕਤਲ ਦਾ ਦਿਨ ਅਸੀਂ ਅੱਗੇ ਪਵਾ ਲਿਆ।

ਮੈਥੋਂ ਸਵਾਲੀ ਨਜ਼ਰ ਨੂੰ ਨਾ ਮੋੜਿਆ ਗਿਆ,
ਮਹਿਰਮ ਨੇ ਮੇਰੇ ਦਰਦ 'ਚੋਂ ਹਿੱਸਾ ਵੰਡਾ ਲਿਆ।

ਸੁਪਨੇ ਜੋ ਸਾਡਾ ਹੱਕ ਸੀ ਸਾਨੂੰ ਨਾ ਮਿਲ ਸਕੇ,
ਦੁਸ਼ਮਣ ਨੇ ਹਰ ਖ਼ਵਾਬ ਤੇ ਨਾਵਾਂ ਲਿਖਾ ਲਿਆ।

ਪੈਰਾਂ ਦੇ ਬੰਨ੍ਹਣ ਆਪਣੇ ਸਾਨੂੰ ਸੰਭਾਲ ਕੇ,
ਵੇਲੇ ਨੇ ਅੱਗੇ ਜਾਣ ਦਾ ਰਸਤਾ ਬਣਾ ਲਿਆ।



4. ਸਿਤਮ ਦੇ ਝੱਖੜ ਨੂੰ ਕੋਈ ਨੱਥ ਪਾਉਂਦਾ ਕਿਉਂ ਨਹੀਂ,
ਬੁਝ ਗਏ ਦੀਵੇ ਕੋਈ ਮੁੜ ਕੇ ਜਗਾਉਂਦਾ ਕਿਉਂ ਨਹੀਂ।

ਬਚ ਕੇ ਉਸ ਕੋਲੋਂ ਦੀ ਰਾਹੀ ਲੰਘਦੇ ਨੇ ਸਹਿਜ ਭਾ,
ਅੱਗ ਸੜਦੇ ਰੁੱਖ ਦੀ ਕੋਈ ਬੁਝਾਉਂਦਾ ਕਿਉਂ ਨਹੀਂ।

ਗੱਲ ਜਿਸ ਦੇ ਸਿਤਮ ਦੀ ਹੁੰਦੀ ਹੈ ਥਾਂ-ਥਾਂ ਰਾਤ-ਦਿਨ,
ਸਿਤਮਗਰ ਕਹਿ ਕੇ ਕੋਈ ਉਸ ਨੂੰ ਬੁਲਾਉਂਦਾ ਕਿਉਂ ਨਹੀਂ।

ਵਕਤ ਜੋ ਆਇਆ ਏ ਗੁਲਸ਼ਨ ਲੰਘ ਕੇ ਬਸਤੀ ਮੇਰੀ,
ਰੰਗ ਮਹਿਕਾਂ ਦਾ ਕੋਈ ਕਿੱਸਾ ਸੁਣਾਉਂਦਾ ਕਿਉਂ ਨਹੀਂ।

ਸਭ ਨੇ ਉਸ ਉਤੇ ਖ਼ਫ਼ਾ ਚੰਗਾ ਜੋ ਚਾਹੁੰਦੇ ਨੇ ਮਾਹੌਲ,
ਭਰ ਗਏ ਜ਼ਖ਼ਮਾਂ ਨੂੰ ਉਹ ਆਖ਼ਰ ਭੁਲਾਉਂਦਾ ਕਿਉਂ ਨਹੀਂ।
ਕੀ ਪਿਲਾਈ ਜਾ ਰਹੀ ਹੈ ਉਸ ਜਗ੍ਹਾ ਨਕਲੀ ਸ਼ਰਾਬ,
ਮੈਅਕਦੇ ਤੋਂ ਆਉਣ ਵਾਲਾ ਲੜਖੜਾਉਂਦਾ ਕਿਉਂ ਨਹੀਂ।

ਮੈਂ ਮਨਾਉਂਦਾ ਹਾਂ ਜਦੋਂ ਵੀ ਜਸ਼ਨ ਖ਼ੁਸ਼ੀਆਂ ਵਾਸਤੇ,
ਗ਼ਮ ਦਿਆਂ ਨਕਸ਼ਾਂ ਸਿਵਾ ਕੁਝ ਯਾਦ ਆਉਂਦਾ ਕਿਉਂ ਨਹੀਂ।

ਪਿੰਜਰੇ ਦਾ ਸੱਚ ਅੱਗੇ ਵਾਂਗ ਹੀ ਹੈ ਦਿਲ ਖ਼ਰਾਸ਼*,
ਕੋਈ ਪੰਛੀ ਉਡਣ ਨੂੰ ਪਰ ਫੜਫੜਾਉਂਦਾ ਕਿਉਂ ਨਹੀਂ।

ਇਕ ਨਜ਼ਰ ਅੰਬਰ 'ਤੇ ਹੈ ਮੇਰੀ ਤੇ ਦੂਜੀ ਧਰਤ 'ਤੇ,
ਕੀ ਕਹਾਂ ਤੈਨੂੰ ਕਿ ਹੁਣ ਮੈਂ ਮੁਸਕਰਾਉਂਦਾ ਕਿਉਂ ਨਹੀਂ।

5. ਆਸਾਂ ਤੇ ਉਮੀਦਾਂ ਨੂੰ ਐਵੇਂ ਨਾ ਸਜ਼ਾ ਦੇਵੋ,
ਦੀਵਾਰ ਤੋਂ ਇਹ ਧੁੰਦਲੀ ਤਸਵੀਰ ਹਟਾ ਦੇਵੋ।

ਦੱਸੀ ਹੋਈ ਮੰਜ਼ਲ ਤੇ ਮੈਂ ਪਹੁੰਚ ਹੀ ਜਾਵਾਂਗਾ,
ਇਕ ਵਾਰ ਮੇਰੀ ਭਟਕਣ ਰਸਤੇ ਤੇ ਲਿਆ ਦੇਵੋ।

ਇਸ ਨਜ਼ਰ ਨੇ ਉਤੇ ਨੂੰ ਉਠ ਜਾਣਾ ਹੈ ਸਹਿਵਨ ਹੀ,
ਸੌ ਵਾਰ ਤੁਸੀਂ ਤਾਰੇ ਧਰਤੀ ਤੇ ਵਿਛਾ ਦੇਵੋ।

ਨਾਦਾਨ ਉਮੰਗਾਂ ਦਾ ਹਰ ਰੋਜ਼ ਦਾ ਝੇੜਾ ਏ,
ਧਰਤੀ ਦੀਆਂ ਰੁੱਤਾਂ ਨੂੰ ਅੰਬਰ ਨਾ ਵਟਾ ਦੇਵੋ।

ਕੁਝ ਜੋੜ ਦਿਓ ਇਸ ਵਿਚ ਜਾਂ ਇਸ ਚੋਂ ਘਟਾ ਦੇਵੋ,
ਇਸ ਗ਼ਮ ਦੀ ਹਕੀਕਤ ਨੂੰ ਰੰਗੀਨ ਬਣਾ ਦੇਵੋ।

ਜਾਂ ਦਰਦ ਦੇ ਬੋਲਾਂ ਨੂੰ ਮੰਦਾ ਨਾ, ਕਹੋ ਏਦਾਂ,
ਜਾਂ ਮੈਨੂੰ ਸ਼ਿਕਾਇਤ ਦਾ ਅੰਦਾਜ਼ ਸਿਖਾ ਦੇਵੋ।

ਹਰ ਵਕਤ ਮੇਰੀ ਧਰਤੀ ਅੱਧੀ ਹੈ ਹਨੇਰੇ ਵਿਚ,
ਹਾਲਾਤ ਦੀ ਇਹ ਸੂਰਤ ਇਕਤਰਫਾ ਮਿਟਾ ਦੇਵੋ। **

# ਕੀ ਤੁਸੀਂ ਕਮਿਊਨਿਸਟ ਪਾਰਟੀ ਦੇ ਮੈਂਬਰ ਹੋ ?

## ਚਾਂਗਲਿਨ

*—ਅਨੁਵਾਦਕ : ਲਾਲ ਸਿੰਘ*

ਉੱਤਰ ਰੇਲਵੇ ਦੇ ਨਿਰਦੇਸ਼ਕ ਲਿਊ ਤਾਸ਼ਾਨ ਨੇ ਦੋ ਵਰ੍ਹਿਆਂ ਪਿਛੋਂ ਸੱਠਾਂ ਵਰ੍ਹਿਆਂ ਦਾ ਬੁੱਢਾ ਗਿਣਿਆ ਜਾਣਾ ਸੀ। ਉਸ ਅਨੁਸਾਰ ਉਸਦਾ ਬੀਤਿਆ ਜੀਵਨ ਅਣਗਿਣਤ ਉਤਰਾ-ਚੜਾਅ ਅਤੇ ਉਲਝਣਾਂ-ਔਕੜਾਂ ਨਾਲ ਭਰਿਆ ਪਿਆ ਸੀ। ਪਰ ਨਾਲ ਹੀ ਉਹ ਇਹ ਵੀ ਮਹਿਸੂਸ ਕਰਦਾ ਸੀ ਕਿ ਕੁਲ ਮਿਲਾ ਕੇ ਉਸ ਦਾ ਜੀਵਨ-ਪ੍ਰਵਾਹ ਸਾਧਾਰਨ ਹੀ ਰਿਹਾਂ ਹੈ।

ਬਚਪਨ ਵਿਚ ਉਹ ਅਜੇ ਆਪਣੀ ਛੋਟੀ ਬੰਦੂਕ ਜਿੰਨਾ ਵੀ ਲੰਮਾ ਨਹੀਂ ਸੀ ਹੋਇਆ ਕਿ ਉਹ ਜਪਾਨੀ ਹਮਲਾ-ਆਵਰਾਂ ਵਿਰੁੱਧ ਗੁਰੀਲਾ ਲੜਾਈ ਵਿਚ ਹਿੱਸਾ ਲੈਣ ਲਈ ਨਿਕਲ ਤੁਰਿਆ। ਇਸ ਯੁੱਧ ਦੇ ਸਮਾਪਤ ਹੁੰਦਿਆਂ ਹੀ ਉਹ ਕਿਊਮਿਨਤਾਂਗ ਪ੍ਰਤਿਕ੍ਰਿਆਵਾਦੀਆਂ ਵਿਰੁੱਧ ਡੱਟ ਗਿਆ। ਇਕ ਬਰਸਾਤ ਦੀ ਰਾਤ ਨੂੰ ਜਦੋਂ ਲਿਆਓਸ਼ੀ-ਸਨਯਾਂਗ ਦੀ ਲੜਾਈ ਛਿੜਨ ਵਾਲੀ ਸੀ ਅਤੇ ਸੈਨਾ ਦੱਖਣ ਵਾਲੇ ਪਾਸੇ ਨੂੰ ਕੂਚ ਕਰਨ ਦੀ ਤਿਆਰੀ ਕਰ ਰਹੀ ਸੀ, ਰੈਜਮੈਂਟ ਕਮਾਂਡਰ ਨੇ ਲਿਊ ਨੂੰ ਮੁੱਖ ਦਫ਼ਤਰ ਬੁਲਾਇਆ ਅਤੇ ਡਵੀਜ਼ਨਲ ਕਮਾਂਡਰ ਨੂੰ ਨਾਲ ਲੈ ਕੇ ਕਿਊਮਨਤਾਂਗ ਤੋਂ ਰੇਲਵੇ ਪ੍ਰਬੰਧ ਆਪਣੇ ਹੱਥਾਂ 'ਚ ਲੈਣ ਦਾ ਆਦੇਸ਼ ਦਿੱਤਾ ਅਤੇ ਨਾਲ ਇਹ ਵੀ ਕਿਹਾ ਕਿ ਹੁਣ ਉਹ ਰੇਲਵੇ ਨਾਲ ਸੰਬੰਧਤ ਕੰਮ ਹੀ ਕਰਿਆ ਕਰੇਗਾ। ਇਹ ਸੁਣ ਕੇ ਉਸ ਦੀਆਂ ਅੱਖਾਂ ਭਰ ਆਈਆਂ ਸਨ। ਉਸਦੇ ਹੱਥਾਂ ਵਿਚ ਅਜੇ ਵੀ ਰਾਈਫਲ ਸੀ। ਸਾਰੀ ਰਾਤ ਉਹ ਰੋਂਦਾ ਰਿਹਾ ਸੀ। ਬਾਹਰ ਹੁੰਦੀ ਵਰਖਾ ਨਾਲੋਂ ਵੀ ਵੱਧ ਹੰਝੂ ਕੇਰਦਾ ਰਿਹਾ ਸੀ। ਉਸਦੀ ਭਰਪੂਰ ਇੱਛਾ ਸੀ ਕਿ ਉਹ ਵੀ ਰੈਜਮੈਂਟ ਦੇ ਨਾਲ ਦੱਖਣੀ ਪਾਸੇ ਵੱਲ ਜਾਵੇ। ਉਸਦੀਆਂ ਅੱਖਾਂ ਵਿਚ ਹੰਝੂ ਦੇਖ ਕੇ ਉਸ ਦੇ ਸਾਥੀ ਲੜਾਕੂਆਂ ਤੋਂ ਨਾ ਰਿਹਾ ਗਿਆ। ਉਹ ਉਸ ਵਲੋਂ ਰੈਜਮੈਂਟ ਕਮਾਂਡਰ ਨੂੰ ਅਪੀਲ ਕਰਨ ਚਲੇ ਗਏ। ਪਰ, ਅੱਗੋਂ ਉਹਨਾਂ ਨੂੰ ਚੰਗੀ ਫਿਟਕਾਰ ਪਈ। ਉਹ ਚੁੱਪ ਚਾਪ ਪਰਤ ਆਏ।

ਅਗਲੇ ਦਿਨ ਸਵੇਰੇ ਸਵੇਰੇ ਡਵੀਜ਼ਨਲ ਕਮਾਂਡਰ ਉਸ ਦੀ ਬੈਰਕ ਵਿਚ ਆਇਆ। ਕਮਰੇ ਵਿਚ ਪੈਰ ਰੱਖਦਿਆਂ ਹੀ ਕਮਾਂਡਰ ਨੇ ਪੁੱਛਿਆ, "ਲਿਊ ਤਾਸ਼ਾਨ ਕਿਹਦਾ ਨਾਂ ਐ ?"

ਲਿਊ ਖਿਝਿਆ ਬੈਠਾ ਸੀ, ਖੜ੍ਹਾ ਹੋ ਗਿਆ। ਕਮਾਂਡਰ ਨੇ ਓਵਰਕੋਟ ਵਿਚੋਂ ਦੀ ਮੋਢੇ ਝਟਕੇ ਤੇ ਉਸਦੇ ਵੱਲ ਵਧਿਆ। ਉਹ, ਓਵਰਕੋਟ ਦੀਆਂ ਬਾਹਾਂ ਚਾੜ੍ਹਦਾ ਜ਼ੋਰ ਦੀ ਕੜਕਿਆ, "ਨਵੀਂ ਵਹੁਟੀ ਆਂਗੂ ਡੁਸਕੀ ਕਿਉਂ ਜਾਨਾਂ! ਕੀ ਤੂੰ ਕਮਿਊਨਿਸਟ ਪਾਰਟੀ ਦਾ ਮੈਂਬਰ ਹੈਂਅ...?"

ਏਨਾ ਕਹਿ ਕੇ ਉਹ ਬਾਹਰ ਚਲੇ ਗਿਆ।

ਲਿਊ ਤਾਸ਼ਾਨ ਅਵਾਕ ਰਹਿ ਗਿਆ। ਉਹਦੇ ਕੰਨਾਂ ਵਿਚ ਡਵੀਜ਼ਨਲ ਕਮਾਂਡਰ ਦੀ ਆਵਾਜ਼ ਗੂੰਜਦੀ ਰਹੀ। ਚੁੱਪ-ਚਾਪ ਉਸਨੇ ਆਪਣੀ ਰਾਈਫਲ ਨੂੰ ਚੁੱਕਿਆ ਤੇ ਦੂਸਰੇ ਸੈਨਿਕ ਦੇ ਹਵਾਲੇ ਕਰ ਦਿੱਤੀ।

ਉਸਦੀ ਸੈਨਾ-ਟੁਕੜੀ ਦੱਖਣੀ ਪਾਸੇ ਵੱਲ ਚਲੀ ਗਈ ਅਤੇ ਉਹ ਡਵੀਜ਼ਨਲ ਕਮਾਂਡਰ ਨਾਲ ਮਿਲਕੇ ਰੇਲਵੇ ਦੇ ਕੰਮਕਾਰ ਦੀ ਸੰਭਾਲ ਲਈ ਉਥੇ ਰਹਿ ਗਿਆ।

ਹੌਲੀ ਹੌਲੀ ਉਸਨੂੰ ਲੋਹੇ ਦੀ ਬਣੀ ਰੇਲ ਨਾਲ ਏਨਾ ਮੋਹ ਹੋ ਗਿਆ ਕਿ ਉਸਨੂੰ ਜਿਵੇਂ ਰੇਲ ਪਟੜੀਆਂ ਦੀ ਧੜਕਣ ਤੱਕ ਸੁਣਾਈ ਦੇਣ ਲੱਗ ਪਈ ਹੋਵੇ। ਉਸਨੂੰ ਏਥੇ ਲਿਆਉਣ ਵਾਲਾ ਗੁੱਸੈਖੋਰ ਡਵੀਜ਼ਨਲ ਕਮਾਂਡਰ



ਤਾਂ ਥੋੜੇ ਕੁ ਚਿਰੀਂ ਚਲਦਾ ਹੋਇਆ, ਪਰ ਲਿਊ ਤਾਸ਼ਾਨ ਨੂੰ ਉਸਦੀ ਯਾਦ ਕਦੀ ਭੁੱਲੀ ਨਾ।

ਲਿਊ ਤਾਸ਼ਾਨ ਦਾ ਜਨਮ ਸ਼ਾਨਤੁੰਗ ਸੂਬੇ ਦੇ ਚਿਆਓਤੁੰਗ ਇਲਾਕੇ ਵਿਚ ਹੋਇਆ ਸੀ। ਉਸਦਾ ਪਿਤਾ ਕਿਸਾਨ ਸੀ ਅਤੇ ਉਸਦੇ ਪਿਤਾ ਦਾ ਪਿਤਾ ਦਾ ਪਿਤਾ ਸਭ ਕਿਸਾਨ ਸਨ। ਲੰਮਾ ਨੱਕ, ਚੌੜਾ ਮੂੰਹ ਤੇ ਮੋਟੇ ਖੜ੍ਹਵੇਂ ਵਾਲਾਂ ਵਾਲੇ। ਲਿਊ ਦੇ ਲੰਮੇ ਤਕੜੇ ਕੱਦ-ਕਾਠ ਤੋਂ ਹੀ ਉਸਦੇ ਪ੍ਰਾਂਤ ਦੀ ਪਛਾਣ ਹੋ ਜਾਂਦੀ। ਉਸਦੇ ਸਿੱਧੇ ਖੜ੍ਹਵੇਂ ਵਾਲ ਸੁਆਰਨੇ ਔਖੇ ਸਨ, ਕੱਟਣੇ ਸੌਖੇ। ਇਸ ਲਈ ਉਸਨੇ ਸੈਨਿਕ ਮਾਰਕਾ ਵਾਲ ਕਟਵਾ ਕੇ ਇਹਨਾਂ ਨੂੰ ਜੁੱਤੀਆਂ ਸਾਫ਼ ਕਰਨ ਵਾਲੇ ਬੁਰਸ਼ ਬਣਾਉਣ ਵਿਚ ਭਲਾ ਸਮਝਿਆ, ਭਾਵੇਂ ਕਿ ਖੜ੍ਹਵੇਂ ਵਾਲ ਉਸਦੇ ਦ੍ਰਿੜ ਇਰਾਦੇ ਦੀ ਹਾਮੀ ਭਰਦੇ ਸਨ। ਸੱਚ-ਮੁੱਚ ਉਸਨੇ ਅਤਿ ਮੁਸ਼ਕਲ ਹਾਲਤਾਂ ਵਿਚ ਵੀ ਆਪਣੇ ਸਿਧਾਂਤਾਂ ਨੂੰ ਕਦੀ ਨਹੀਂ ਸੀ ਤਿਆਗਿਆ।

ਸਭਿਆਚਾਰਕ ਇਨਕਲਾਬ ਦੇ ਦਸ ਵਰ੍ਹਿਆਂ ਦੌਰਾਨ ਉਸਨੇ ਰਾਜਨੀਤਕ ਮੌਕਾ-ਪ੍ਰਸਤਾਂ ਅੱਗੇ ਕਦੀ ਸਿਰ ਨਹੀਂ ਸੀ ਝੁਕਾਇਆ। ਇਸ ਹੱਠਧਰਮੀ ਦੀ ਉਸਨੂੰ ਕਿੰਨੀ ਸਾਰੀ ਸਜ਼ਾ ਵੀ ਭੁਗਤਣੀ ਪਈ ਸੀ। ਫਿਰ ਪਾਰਟੀ ਦੀ ਨਵੀਂ ਨੀਤੀ ਲਾਗੂ ਹੋ ਜਾਣ ਤੇ ਉਸਦੇ ਦੁੱਖਦਾਈ ਦਿਨਾਂ ਦਾ ਅੰਤ ਹੋ ਗਿਆ। ਉਸਦੀ ਪਦ-ਉੱਨਤੀ ਵੀ ਕਰ ਦਿੱਤੀ ਗਈ। ਪਰ, ਇਸ ਥਾਂ 'ਤੇ ਉਸਨੂੰ ਬਹੁਤਾ ਕੰਮ ਨਹੀਂ ਸੀ ਕਰਨਾ ਪੈਂਦਾ। ਉਸਨੂੰ ਇਹ ਗੱਲ ਬਹੁਤ ਬੁਰੀ ਲੱਗਦੀ। ਉਹ ਆਖਦਾ, "ਏਹ ਕੰਮ ਤਾਂ ਵੱਡੇ-ਵਡੇਰਿਆਂ ਦੀਆਂ ਕਬਰਾਂ ਪੁੱਟਣ ਤੋਂ ਵੀ ਭੈੜਾ ਐ.....।"

ਉਸਨੂੰ ਮੁੜ ਤੋਂ ਰੇਲਵੇ ਬਿਊਰੋ ਦਾ ਨਿਰਦੇਸ਼ਕ ਬਣਾ ਦਿੱਤਾ ਗਿਆ।

ਰੇਲਵੇ ਬਿਊਰੋ ਦੇ ਸਾਰੇ ਸਕੱਤਰ ਨਵੇਂ ਹੋਣ ਦੇ ਬਾਵਜੂਦ ਚਲਾਕ ਅਤੇ ਦੁਨੀਆਦਾਰ ਸਨ। ਉਹ ਲਿਊ ਤਾਸ਼ਾਨ ਦੇ ਬਾਰੇ ਬਹੁਤਾ ਕੁਝ ਨਹੀਂ ਸੀ ਜਾਣਦੇ। ਉਹਨਾਂ ਕੇਵਲ ਇਹ ਹੀ ਸੁਣਿਆ ਹੋਇਆ ਸੀ ਕਿ ਲਿਊ ਨੂੰ ਗਾਲ੍ਹੀ ਦੇਣ ਦੀ ਆਦਤ ਐ। ਲਿਊ ਗੁੱਸੇ ਹੋਣ ਵੇਲੇ ਵੀ ਗਾਲ੍ਹੀ ਦਿੰਦਾ ਸੀ ਤੇ ਖ਼ੁਸ਼ ਹੋਣ ਵੇਲੇ ਵੀ। ਪਰ ਦੋਨੋਂ ਸਮੇਂ ਦੀਆਂ ਗਾਲ੍ਹੀਆਂ ਦੀ ਸੁਰ 'ਚ ਕਾਫੀ ਅੰਤਰ ਹੁੰਦਾ। ਉਹਨਾਂ, ਲਿਊ ਦੇ ਆਉਣ ਤੋਂ ਪਹਿਲਾਂ ਸਾਰੇ ਸਕੱਤਰ-ਦਫ਼ਤਰ ਨੂੰ ਨਵੇਂ ਸਿਰਿਉਂ ਤਰਤੀਬ ਦਿੱਤੀ। ਇਥੇ ਇਕ ਡਬਲ-ਬੈੱਡ ਜਿੰਨੀ ਚੌੜੀ ਮੇਜ਼ ਰੱਖੀ, ਜਿਸਦੇ ਪਾਵੇ ਬਾਘਾਂ ਦੇ ਪੈਰਾਂ ਵਰਗੇ ਸਨ। ਮੇਜ਼ ਉੱਪਰ ਤਿੰਨ ਟੈਲੀਫੂਨ ਰੱਖੇ ਗਏ। ਵਿਗਿਆਨਕ ਤੌਰ 'ਤੇ ਉਤਸ਼ਾਹ ਤੇ ਉਮਾਹ ਦਾ ਪ੍ਰਤੀਕ ਸਮਝੇ ਜਾਂਦੇ ਪੀਲੇ ਰੰਗ ਨਾਲ ਦੀਵਾਰਾਂ ਰੰਗੀਆਂ ਗਈਆਂ, ਤੇ ਇਹ ਉਮੀਦ ਕੀਤੀ ਗਈ ਕਿ ਚਿੜੇ-ਚਿੜੇ ਸੁਭਾਅ ਦੇ ਨਿਰਦੇਸ਼ਕ ਲਈ ਇਹ ਰੰਗ ਸੁਖਾਵਾਂ ਮਾਹੌਲ ਬਣਾਉਣ ਵਿਚ ਸਹਾਈ ਹੋਵੇਗਾ। ਪਰ, ਇਥੇ ਆਉਣ ਤੋਂ ਪਿਛੋਂ ਲਿਊ ਇਸ 'ਸੁਹਾਵਣੇ-ਘੁਰਨੇ' ਵਿਚ ਸਿਰਫ ਇਕ ਦਿਨ ਰੁਕਿਆ। ਅਗਲੇ ਹੀ ਦਿਨ ਉਸਨੇ ਸਕੱਤਰ ਚਿਓਫੰਗ ਨੂੰ ਬੁਲਾਇਆ ਤੇ ਕਿਹਾ, "ਮੈਂ ਇਸ ਦੀ ਨਹੀਂ, ਰੇਲਵੇ ਸਟੇਸ਼ਨ ਦੇ ਨਾਲ ਵਾਲੇ ਕਮਰੇ ਦੀ ਵਰਤੋਂ ਕਰਾਂਗਾ।"

ਸਾਰੇ ਸਕੱਤਰ ਫਿਰ ਪੂਰੀ ਤਰ੍ਹਾਂ ਰੁਝ ਗਏ। ਦਫ਼ਤਰ ਬਦਲਦਿਆਂ ਉਹ ਪੂਰੀ ਤਰ੍ਹਾਂ ਥੱਕ ਗਏ ਸਨ। ਇਸ ਨਵੇਂ ਦਫ਼ਤਰ ਦਾ ਕਮਰਾ ਛੋਟਾ ਸੀ। ਏਥੋਂ ਸਾਰੇ ਸਟੇਸ਼ਨ 'ਤੇ ਪੂਰੀ ਤਰ੍ਹਾਂ ਨਜ਼ਰ ਰੱਖੀ ਜਾ ਸਕਦੀ ਸੀ। ਇਸ ਕਮਰੇ ਦੀ ਖਿੜਕੀ ਵੱਡੇ ਟੀ.ਵੀ. ਦੀ ਸਕਰੀਨ ਜਿੱਡੀ ਸੀ। ਇਸ ਵਿਚੋਂ ਦੀ ਰੇਲਵੇ ਸਟੇਸ਼ਨ 'ਤੇ ਹੁੰਦੀ ਸਾਰੀ ਹਿਲ-ਜੁਲ ਸਾਫ਼-ਸਾਫ਼ ਨਜ਼ਰੀਂ ਪੈਂਦੀ। ਗੱਡੀ ਚੜ੍ਹਾਉਣ ਆਏ ਲੋਕਾਂ ਦੀ ਸੁਰ, ਕੁਲੀਆਂ ਦਾ ਸ਼ੋਰ, ਚੌਂਕਰਾਂ ਦੀਆਂ ਝਿੜਕਾਂ ਅਤੇ ਸਭ ਤੋਂ ਉੱਚੀ ਇੰਜਣ ਸੀਟੀ ਦੀ ਆਵਾਜ਼। ਇਹ ਸਾਰੀਆਂ ਆਵਾਜ਼ਾਂ ਮਿਲ ਕੇ ਵਾਤਾਵਰਣ ਨੂੰ ਪ੍ਰਭਾਵਤ ਕਰਦੀਆਂ। ਇਥੇ ਬੈਠ ਕੇ ਨਿਰਦੇਸ਼ਕ ਲਿਊ ਤਾਸ਼ਾਨ ਏਨੀ ਸੁਵਿਧਾ ਅਤੇ ਆਰਾਮ ਮਹਿਸੂਸ ਕਰਦਾ ਸੀ ਜਿਵੇਂ ਉਸਨੂੰ ਪੀਣ ਨੂੰ ਚੰਗੀ ਸ਼ਰਾਬ ਤੇ ਸੁਣਨ ਨੂੰ ਸੁਰੀਲਾ ਸੰਗੀਤ ਮਿਲ ਰਿਹਾ ਹੋਵੇ। ਖਿੜਕੀ ਦੇ ਸਾਹਮਣੇ ਕੁਰਸੀ 'ਤੇ ਬੈਠ ਕੇ ਮੁਸਕਰਾਉਂਦਾ ਹੋਇਆ ਉਹ ਆਖਦਾ, "ਹੂੰਅ....ਏਹੋ

ਜਿਹੀ ਹੀ ਵਿਵਸਥਾ ਹੋਣੀ ਚਾਹੀਦੀ ਸੀ।"

ਉਸਦੇ ਸਕੱਤਰਾਂ ਨੂੰ ਆਪਣੇ ਨਵੇਂ ਨਿਰਦੇਸ਼ਕ ਬਾਰੇ ਜਾਨਣ ਵਿਚ ਕੋਈ ਔਖ ਨਾ ਆਈ। ਥੋੜ੍ਹੇ ਹੀ ਦਿਨਾਂ ਵਿਚ ਉਹਨਾਂ ਨੂੰ ਉਸ ਦੇ ਬੀਤੇ ਜੀਵਨ ਬਾਰੇ ਕੁਝ ਵਿਸ਼ੇਸ਼ ਜਾਣਕਾਰੀਆਂ ਉਪਲਬਧ ਹੋ ਗਈਆਂ। ਜਿਹਨਾਂ ਵਿਚੋਂ ਦੋ ਘਟਨਾਵਾਂ ਬਹੁਤ ਮਹੱਤਵਪੂਰਨ ਸਨ। ਪਹਿਲੀ ਘਟਨਾ-1965 ਦੀ ਕੜਾਕੇਦਾਰ ਸਰਦੀ ਵਿਚ ਰੇਲਵੇ ਲਾਈਨਾਂ ਉੱਤੇ ਬਰਫ਼ ਜੰਮ ਗਈ। ਸਾਰੇ ਸਕੱਤਰ ਠੀਕ ਤਰ੍ਹਾਂ ਕੰਮ ਨਹੀਂ ਸੀ ਕਰ ਰਹੇ। ਚੜ੍ਹਾਈ ਚੜ੍ਹਨ ਵੇਲੇ ਰੇਲ-ਗੱਡੀਆਂ ਦੇ ਪਹੀਏ ਜਾਮ ਹੋ ਜਾਂਦੇ। ਇਸ ਡਰਾਉਣੇ ਮੌਸਮ ਵਿਚ ਇਕ ਦੁਰਘਟਨਾ ਵਾਪਰ ਗਈ। ਇਸ ਦੁਰਘਟਨਾ ਦੇ ਵਾਪਰਣ ਸਮੇਂ ਲੁਗਹੋ ਬਰਾਂਚ ਦਾ ਨਿਰਦੇਸ਼ਕ ਆਪਣੇ ਦਫ਼ਤਰ ਵਿਚ ਨਹੀਂ ਸੀ। ਉਹ ਘਰ ਜਾ ਕੇ ਗੂੜ੍ਹੀ ਨੀਂਦੇ ਸੁੱਤਾ ਪਿਆ ਸੀ। ਜਦੋਂ ਲਿਊ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਅੱਗ-ਭਬੂਕਾ ਹੋ ਉਠਿਆ। ਉਸ ਸ਼ਾਮ ਛੇ ਵਜੇ, ਸ਼ਿਫਟ-ਬਦਲੀ ਸਮੇਂ ਉਸਨੇ ਸ਼ਾਖਾ ਬਿਊਰੋ ਦੇ ਨਿਰਦੇਸ਼ਕ ਨੂੰ ਟੈਲੀਫੂਨ ਕੀਤਾ। ਨਿਰਦੇਸ਼ਕ ਦੀ 'ਹੈਲੋ' ਦਾ ਉੱਤਰ ਸੁਣਦਿਆਂ ਸਾਰ ਲਿਊ ਨੇ ਉਸ ਉੱਤੇ ਗਾਲ਼ਾਂ ਦੀ ਬੁਛਾੜ ਕਰ ਦਿੱਤੀ, "ਦੁਰ ਫਿੱਟੇ ਮੂੰਹ ਤੇਰੇ, ਲਾਅਨਤ ਐ....ਸਾਡੇ ਆਦਮੀ ਉਥੇ ਦਿਨ ਰਾਤ ਕੰਮ 'ਤੇ ਜੁਟੇ ਪਏ ਆ, ਤੇ ਤੂੰ....ਤੇ ਤੂੰ ਸ਼ਿਫਟ ਮੁੱਕਦਿਆਂ ਸਾਰ ਘਰ ਦੌੜ ਆਇਆ....ਚਾਰ ਘੁੱਟ ਘਟੀਆ ਜਿਹੀ ਸ਼ਰਾਬ ਪੀ ਕੇ ਜਨਾਨੀ ਦੀ ਰਜਾਈ 'ਚ ਵੜਿਆ ਬੈਠਾ...ਕੀ ਤੂੰ ਪਾਰਟੀ ਮੈਂਬਰ ਹੈਂ ਵੀ...?" ਗੁੱਸੇ 'ਚ ਲਾਲ-ਪੀਲੇ ਹੋਏ ਲਿਊ ਨੇ ਅਗਲਾ ਹੁਕਮ ਵੀ ਨਾਲ ਹੀ ਜੋੜ ਦਿੱਤਾ, "ਅੱਜ ਤੋਂ ਸਾਰੇ ਬਰਾਂਚ ਬਿਊਰੋ ਨਿਰਦੇਸ਼ਕ ਰਾਤ ਦੀ ਡਿਊਟੀ ਕਰਨਗੇ। ਜੇ ਕੋਈ ਥੱਕ ਜਾਏ ਤਾਂ ਰੇਲਵੇ ਲਾਈਨ ਨਾਲ ਹੀ ਕਿਧਰੇ ਸੌਂ ਗਏ। ਕਿਸੇ ਨੂੰ ਘਰ ਜਾਣ ਦੀ ਆਗਿਆ ਨਹੀਂ। ਮੈਂ ਹਰ ਰੋਜ਼ ਰਾਤ ਨੂੰ 12 ਵਜੇ ਸਭ ਦੀ ਹਾਜ਼ਰੀ ਚੈੱਕ ਕਰਾਂਗਾ।"

ਇਸ ਤਰ੍ਹਾਂ ਸਾਰੀਆਂ ਬਰਾਂਚਾਂ ਦੇ ਬਿਊਰੋ ਨਿਰਦੇਸ਼ਕਾਂ ਨੇ ਆਪਣਾ ਆਪਣਾ ਕੰਮ ਏਨੀ ਫੁਰਤੀ ਨਾਲ ਮੁਕਾਇਆ ਕਿ ਮੁੜ ਉਵੇਂ ਦੀ ਦੁਰਘਟਨਾ ਉਸ ਥਾਂ ਕਦੀ ਨਾ ਵਾਪਰੀ। ਦੂਸਰੀ ਘਟਨਾ-1964 ਵਿਚ ਰੇਲਵੇ ਮਜ਼ਦੂਰਾਂ ਨੇ ਸ਼ਿਕਾਇਤ ਕੀਤੀ, "ਕਿ ਰੇਲਵੇ ਬਿਊਰੋ ਦੇ ਹਸਪਤਾਲ ਦੀ ਹਾਲਤ ਬਹੁਤ ਮਾੜੀ ਐ। ਹਸਪਤਾਲ ਦੇ ਕਰਮਚਾਰੀ ਰੋਗੀਆਂ ਦੀ ਬਿਲਕੁਲ ਪ੍ਰਵਾਹ ਨਹੀਂ ਕਰਦੇ। ਠੀਕ ਇਲਾਜ ਨਾ ਹੋਣ ਕਾਰਨ ਦੋ ਰੋਗੀ ਮਰ ਵੀ ਗਏ ਹਨ। ਇਕ ਡਾਕਟਰ ਤਾਂ ਬਿਨਾਂ ਸਟੈਥੋ-ਸਕੋਪ ਲਾਇਆਂ ਰੋਗੀਆਂ ਦੀ ਜਾਂਚ ਕਰਦਾ ਐ...।" ਜਦ ਲਿਊ ਨੂੰ ਇਹ ਜਾਣਕਾਰੀ ਮਿਲੀ, ਉਹ ਗੁੱਸੇ 'ਚ ਨਹੀਂ ਆਇਆ। ਉਹਨਾਂ ਨੂੰ ਗਾਲ਼ਾਂ ਨਹੀਂ ਕੱਢੀਆਂ। ਸਗੋਂ ਆਪਣੇ ਬੁੱਲ੍ਹ ਜ਼ੋਰ ਦੀ ਘੁੱਟ ਲਏ। ਥੋੜ੍ਹੇ ਕੁ ਦਿਨੀਂ ਉਸਨੇ ਆਪਣੇ ਦਫ਼ਤਰ ਬੈਠੇ ਬੈਠੇ ਨੇ ਅਚਾਨਕ ਕਿਹਾ ਕਿ ਮੇਰੇ ਪੇਟ 'ਚ ਦਰਦ ਐ। ਉਸਨੇ ਨਾ ਆਪਣੀ ਕਾਰ ਕੱਢੀ, ਨਾ ਕਿਸੇ ਨੂੰ ਨਾਲ ਲਿਆ। ਸਹਿਜੇ ਸਹਿਜੇ ਤੁਰਿਆ ਉਹ ਐਮਰਜੈਂਸੀ ਵਾਰਡ ਤੱਕ ਪਹੁੰਚ ਗਿਆ। ਉਸ ਥਾਂ ਡਿਊਟੀ ਦੇ ਰਿਹਾ ਡਾਕਟਰ ਆਰਾਮ ਨਾਲ ਸੁੱਤਾ ਪਿਆ ਸੀ। ਲਿਊ ਨੇ ਉਸ ਨੂੰ ਆਵਾਜ਼ ਮਾਰ ਕੇ ਜਗਾ ਲਿਆ। ਉਸਨੇ ਨੀਂਦ ਨਾਲ ਭਰੀਆਂ ਅੱਖਾਂ ਇਕ ਵਾਰ ਖੋਲ੍ਹੀਆਂ, ਫਿਰ ਉਵੇਂ ਦੀਆਂ ਉਵੇਂ ਬੰਦ ਕਰਦੇ ਨੇ ਲਿਊ ਤੋਂ ਉਸਦੀ ਬੀਮਾਰੀ ਬਾਰੇ ਪੁੱਛਿਆ। ਉਸਨੂੰ ਬਿਸਤਰੇ 'ਤੇ ਲੰਮੇ ਪੈ ਜਾਣ ਲਈ ਆਖਿਆ। ਡਾਕਟਰ ਨੇ ਉਬਾਸੀਆਂ ਲੈਂਦੇ ਨੇ ਛੇਤੀ ਛੇਤੀ ਲਿਊ ਦੇ ਪੇਟ ਨੂੰ ਟੋਹਿਆ ਤੇ ਕਿਹਾ ਕਿ ਇਹ ਅਪੈਂਡੇਸਾਈਟਿਕਸ ਦੀ ਦਰਦ ਐ, ਐਮਰਜੈਂਸੀ ਅਪ੍ਰੇਸ਼ਨ ਕਰਨਾ ਪਵੇਗਾ। ਲਿਊ ਝੱਟ ਦੇਣੀ ਬਿਸਤਰੇ ਤੋਂ ਉੱਠ ਬੈਠਾ ਤੇ ਡਾਕਟਰ ਨੂੰ ਫਿਟਕਾਰਨ ਲੱਗ ਪਿਆ, "ਸ਼ਰਮ ਆਉਣੀ ਚਾਹੀਦੀ ਐ ਤੈਨੂੰ ਅਤੇ ਤੇਰੀ ਅਪੈਂਡੇਸਾਈਟਿਕਸ ਨੂੰ। ਤੂੰ ਕਿਹੋ ਜਿਹਾ ਡਾਕਟਰ ਐਂ....ਤੂੰ ਤਾਂ ਇਸ ਸਫ਼ੈਦ ਕੋਟ ਨੂੰ ਕਲੰਕਤ ਕਰ ਰੱਖਿਆ....।"

ਡਾਕਟਰ ਦੀ ਨੀਂਦ ਇਕ-ਦਮ ਉੱਡ-ਪੁੱਡ ਗਈ। ਉਹ ਘਬਰਾ ਗਿਆ। ਸਾਹਮਣੇ ਖੜ੍ਹੇ ਤੰਦਰੁਸਤ



ਰੋਗੀ ਨੂੰ ਦੇਖ ਕੇ ਏਹੀ ਆਖ ਸਕਿਆ...."ਤੁਸੀਂ....।"

"ਹਾਂ ਮੈਂ ਲਿਊ ਤਾਸ਼ਾਨ। ਡਾਕਟਰ ਸਾਬ੍ਹ ਅੱਜ ਮੈਂ ਉਚੇਚੇ ਤੌਰ 'ਤੇ ਤੈਨੂੰ ਹੀ ਦੇਖਣ ਆਇਆ ਸੀ....।"

ਡਾਕਟਰ ਦਾ ਸਾਹ-ਸਤ ਸੂਤਿਆ ਗਿਆ ਤੇ ਉਹ ਨੀਵੀਂ ਪਾਈ ਖੜ੍ਹਾ ਰਿਹਾ।

ਲਿਊ ਨੇ ਬਿਸਤਰੇ ਤੋਂ ਥੱਲੇ ਉੱਤਰਦਿਆਂ ਤੇ ਕਮੀਜ਼ ਦੇ ਬਟਨ ਬੰਦ ਕਰਦਿਆਂ ਹੁਕਮ ਦਿੱਤਾ—"ਜਾਹ, ਜਾ ਕੇ ਆਪਣੇ ਇੰਚਾਰਜ ਨੂੰ ਫੋਨ ਕਰ, ਉਨ੍ਹੂੰ ਏਥੇ ਬੁਲਾ, ਛੇਤੀ।"

ਥੋੜ੍ਹੇ ਹੀ ਚਿਰ 'ਚ ਹਸਪਤਾਲ ਦਾ ਇੰਚਾਰਜ ਉਥੇ ਪਹੁੰਚ ਗਿਆ। ਉਹਨੂੰ ਨਹੀਂ ਸੀ ਪਤਾ ਕਿ ਕੀ ਵਾਪਰਿਆ ਹੈ। ਘਬਰਾਹਟ ਕਾਰਨ ਡਾਕਟਰ ਉਸਨੂੰ ਸਹੀ ਸਹੀ ਸਾਰਾ ਕੁਝ ਨਹੀਂ ਸੀ ਦੱਸ ਸਕਿਆ। ਉਹ ਜਦੋਂ ਦਰਵਾਜ਼ੇ ਅੰਦਰ ਦਾਖ਼ਲ ਹੋਇਆ, ਉਸਦੇ ਸਾਹਮਣੇ ਰੇਲਵੇ ਬਿਊਰੋ ਦਾ ਨਿਰਦੇਸ਼ਕ ਖੜ੍ਹਾ ਸੀ।

ਲਿਊ ਨੇ ਉਸਨੂੰ ਬੜੀ ਹਲੀਮੀ ਨਾਲ ਪੁੱਛਿਆ, "ਕੀ ਤੂੰ ਕਮਿਊਨਿਸਟ ਪਾਰਟੀ ਦਾ ਮੈਂਬਰ ਹੈਂਅ?"

ਇੰਚਾਰਜ ਨੇ ਹਾਂ ਕਹਿ ਦਿੱਤੀ। ਉਸ ਨੂੰ ਨਹੀਂ ਸੀ ਪਤਾ ਕਿ ਲਿਊ ਨੇ ਉਸਨੂੰ ਇਹ ਸਵਾਲ ਕਿਉਂ ਪੁੱਛਿਆ ਹੈ। ਭਾਵੇਂ ਲਿਊ ਨੂੰ ਗੁੱਸਾ ਚੜ੍ਹ ਗਿਆ ਸੀ, ਪਰ ਫਿਰ ਵੀ ਉਸਨੇ ਠਰ੍ਹੰਮਾ ਕਾਇਮ ਰੱਖਦਿਆਂ ਕਿਹਾ, "ਤੂੰ ਆਪਣੇ ਆਪ ਨੂੰ ਕਮਿਊਨਿਸਟ ਕਹਿਨਾ। ਮੈਨੂੰ ਤਾਂ ਤੂੰ ਕਿਉਮਨਤਾਂਗ ਦਾ ਬੰਦਾ ਲੱਗਦਾ।"

ਉੱਪਰਲੀਆਂ ਦੋਨਾਂ ਘਟਨਾਵਾਂ ਵਿਚ ਕੁਝ ਵਾਧ-ਘਾਟ ਵੀ ਹੋ ਸਕਦੀ ਹੈ। ਰੇਲਵੇ ਮਜ਼ਦੂਰਾਂ ਦੇ ਮੂੰਹ ਚੜ੍ਹੀਆਂ ਇਹਨਾਂ ਕਹਾਣੀਆਂ ਨੂੰ ਸੁਣਦਿਆਂ-ਸੁਣਾਂਦਿਆਂ ਕੁਝ ਮਿਰਚ-ਮਸਾਲਾ ਵੀ ਲੱਗ ਗਿਆ ਹੋਵੇਗਾ। ਇਹ ਵੀ ਸਭ ਨੂੰ ਪਤਾ ਸੀ ਕਿ ਲਿਊ ਨੇ ਰੇਲਵੇ ਅਧਿਕਾਰੀਆਂ ਨੂੰ ਫਿੱਟਕਾਰ ਪਾਈ ਹੈ। ਉਸਦਾ ਇਹ ਸਖ਼ਤ ਸੁਭਾਅ ਤੇ ਗਾਲ਼ੀ ਕੱਢਣ ਦੀ ਆਦਤ ਵੀ ਉਸਦੇ ਗੁਰੀਲਾ ਜੀਵਨ ਦੀ ਉਸਨੂੰ ਦੇਣ ਹੈ। ਉਸਨੇ ਕਈ ਵਾਰ ਇਸ ਭੈੜੀ ਆਦਤ ਨੂੰ ਮਹਿਸੂਸ ਵੀ ਕੀਤਾ ਤੇ ਅਗਾਂਹ ਤੋਂ ਇਸ ਤੋਂ ਮੁਕਤ ਹੋਣ ਦਾ ਭਰੋਸਾ ਵੀ ਦਿੱਤਾ। ਪਰ, ਹਫ਼ਤੇ ਕੁ ਪਿਛੋਂ ਉਹ ਫਿਰ ਕਿਸੇ ਨਾ ਕਿਸੇ ਨੂੰ ਗਾਲ਼ੀਆਂ ਦੇ ਰਿਹਾ ਹੁੰਦਾ। ਦਰਅਸਲ ਉਸਨੂੰ ਲੱਗਦਾ ਸੀ ਕਿ ਗਾਲ਼ੀ ਗਲੋਚ ਉਹ ਆਪਣੀ ਗੱਲ ਨੂੰ ਵੱਧ ਪ੍ਰਭਾਵੀ ਬਣਾਉਣ ਲਈ ਕਰਦਾ ਐ। ਬਿਲਕੁਲ ਉਵੇਂ ਜਿਵੇਂ ਲੇਖਕ ਲੋਕ ਵਿਸਮਾਦ-ਪੂਰਨ ਚਿੰਨ੍ਹਾਂ ਦਾ ਪ੍ਰਯੋਗ ਜ਼ਰੂਰ ਕਰਦੇ ਹਨ। ਦਰਅਸਲ, 'ਸਭਿਆਚਾਰਕ ਇਨਕਲਾਬ' ਸ਼ੁਰੂ ਹੋਣ ਵੇਲੇ ਉਹ ਉਹਨਾਂ ਪਹਿਲੇ ਵਿਅਕਤੀਆਂ ਵਿਚ ਸ਼ਾਮਲ ਸੀ ਜਿਹਨਾਂ ਦੇ ਗਲ਼ਾਂ ਅੰਦਰ ਲੋਕਾਂ ਦੀ ਆਲੋਚਨਾ ਕਰਨ ਦੇ ਦੋਸ਼ ਕਾਰਨ ਵੱਡੀਆਂ ਵੱਡੀਆਂ ਫੱਟੀਆਂ ਲਟਕਾਈਆਂ ਗਈਆਂ ਸਨ। ਲਿਊ ਉੱਤੇ ਲੱਗੇ ਦੋਸ਼ਾਂ ਦੀ ਸੂਚੀ ਵੀ ਲੰਮੀ ਸੀ। ਕਮਿਊਨਿਸਟ ਪਾਰਟੀ ਦਾ ਕੋਈ ਮੈਂਬਰ ਜਦ ਉਸਨੂੰ ਕਿਉਮਨਤਾਂਗੀ ਕਹਿਣ ਤੱਕ ਜਾਂਦਾ ਤਾਂ ਲਿਊ ਜਿਵੇਂ ਨਰਕ ਅੰਦਰ ਡਿੱਗਿਆ ਮਹਿਸੂਸ ਕਰਦਾ। ਜਦੋਂ ਉਸਤੇ ਲੱਗੇ ਦੋਸ਼ਾਂ ਕਾਰਨ ਉਸ ਦੀ ਖੁੱਲਮ-ਖੁੱਲੀ ਆਲੋਚਨਾ ਹੋਣ ਲੱਗ ਪਈ ਤਾਂ ਰੇਲਵੇ ਹਸਪਤਾਲ ਦਾ ਨਿਰਦੇਸ਼ਕ ਸਭ ਤੋਂ ਪਹਿਲਾਂ ਨਿੱਤਰ ਕੇ ਉਸਦੇ ਹੱਕ ਵਿਚ ਸਾਹਮਣੇ ਆਇਆ। ਉਸਨੇ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਲਿਊ ਵਲੋਂ ਹਸਪਤਾਲ ਦੀ ਆਲੋਚਨਾ ਕਿਸੇ ਵੀ ਤਰ੍ਹਾਂ ਪਾਰਟੀ ਆਲੋਚਨਾ ਨਹੀਂ ਸੀ। ਲਿਊ ਤਾਸ਼ਾਨ ਨੂੰ ਹਸਪਤਾਲ ਪ੍ਰਬੰਧਕ 'ਤੇ ਪੂਰਾ ਭਰੋਸਾ ਸੀ, ਪਰ ਉਸ ਵਲੋਂ ਲਿਊ ਦੇ ਬਚਾਅ ਲਈ ਕੀਤੇ ਯਤਨਾਂ ਦੇ ਇਵਜ਼ਾਨੇ ਵਜੋਂ ਉਸਨੂੰ ਵੀ ਦੋਸ਼ੀ ਕਰਾਰ ਦੇ ਕੇ ਉਸਦੇ ਗਲੇ ਵਿਚ ਵੀ ਲਿਊ ਤਾਸ਼ਾਨ ਵਰਗੀ ਫੱਟੀ ਲਟਕਾ ਦਿੱਤੀ ਗਈ। ਲਿਊ ਤਾਸ਼ਾਨ ਨੂੰ ਇਸ ਕਾਰਨ ਹੋਰ ਵੀ ਗੁੱਸਾ ਚੜ੍ਹ ਗਿਆ। ਤੇ ਉਹ ਤਥਾ-ਕਥਿਤ ਇਨਕਲਾਬ 'ਤੇ ਚੰਗੀ ਤਰ੍ਹਾਂ ਵਰ੍ਹਿਆ, "ਏਹ ਕੀ ਬਕਵਾਸ ਐ। ਲਾਅਨਤ ਐ ਤੁਆਡੇ ਲੋਕਾਂ ਤੇ।"

ਇਸ ਤੋਂ ਪਿਛੋਂ ਕੀ ਹੋਇਆ ਹੋਵੇਗਾ, ਇਸ ਦੀ ਸਹਿਜੇ ਹੀ ਕਲਪਣਾ ਕੀਤੀ ਜਾ ਸਕਦੀ ਹੈ। ਪਰ ਇਹ ਸਭ ਪੁਰਾਣੀਆਂ ਗੱਲਾਂ ਨੇ। ....ਲਿਊ ਤਾਸ਼ਾਨ ਪੁਰਾਣਿਕ ਕਥਾਵਾਂ ਦੇ ਨਾਇਕ ਵਜੋਂ ਪ੍ਰਸਿੱਧ ਹੋ ਗਿਆ ਸੀ। ਰੇਲਵੇ ਬਿਊਰੋ ਅੰਦਰ ਤਾਂ ਉਸ ਦੇ ਅਨੇਕਾਂ ਕਿੱਸੇ ਪ੍ਰਸਿੱਧ ਸਨ।

II

ਲਿਊ ਤਾਸ਼ਾਨ ਦੀ ਇਕ ਹੋਰ ਆਦਤ ਸੀ। ਉਹ ਹਰ ਰੋਜ਼ ਬਿਊਰੋ ਦੇ ਵੱਖ-ਵੱਖ ਵਿਭਾਗਾਂ ਅਤੇ ਦਫ਼ਤਰਾਂ 'ਤੇ ਅਚਾਨਕ ਛਾਪੇ ਮਾਰਦਾ ਤੇ ਕਰਮਚਾਰੀਆਂ ਤੇ ਮਜ਼ਦੂਰਾਂ ਦੇ ਕੰਮਕਾਰ ਦਾ ਨਿਰੀਖ਼ਣ ਕਰਦਾ। ਉਸਦਾ ਮੱਤ ਸੀ ਕਿ ਰੇਲਵੇ ਦੇਸ਼ ਦਾ ਪ੍ਰਮੁੱਖ ਧੁਰਾ ਹੈ। ਇਸ ਨੂੰ ਚੰਗੀ ਤਰ੍ਹਾਂ ਕੰਮ ਕਰਨਾ ਚਾਹੀਦਾ। ਨਾਲ ਦੀ ਨਾਲ ਇਸ ਦੀ ਦੇਖ-ਭਾਲ ਕਰਨ ਵਾਲੇ ਬਿਊਰੋ ਦਾ ਕੰਮ-ਢੰਗ ਵੀ ਠੀਕ-ਠਾਕ ਹੋਣਾ ਚਾਹੀਦਾ। ਬਿਊਰੋ ਨੂੰ ਆਪਣੇ ਕਰਤਵਾਂ ਦੀ ਪਾਲਣਾ ਕਰਦਿਆਂ ਕਿਸੇ ਤਰ੍ਹਾਂ ਦੀ ਕੁਤਾਹੀ ਨਹੀਂ ਕਰਨੀ ਚਾਹੀਦੀ।

ਇਕ ਦਿਨ ਆਵਾਜਾਈ ਅਤੇ ਵਿੱਤ ਵਿਭਾਗ ਦਾ ਨਿਰੀਖਣ ਕਰਨ ਪਿਛੋਂ ਲਿਊ ਤਾਸ਼ਾਨ ਟਾਈਪਿੰਗ ਸੈਕਸ਼ਨ ਵਿਚ ਜਾ ਪੁੱਜਾ। ਉਹ ਇਥੇ ਕਦੀ ਕਦਾਈਂ ਹੀ ਆਇਆ ਕਰਦਾ ਸੀ। ਕਮਰੇ ਅੰਦਰ ਦਾਖ਼ਲ ਹੁੰਦਿਆਂ ਸਾਰ ਉਸਨੇ ਦੇਖਿਆ ਕਿ ਇਕ ਚਾਲੀ ਕੁ ਸਾਲ ਦੀ ਔਰਤ ਹਲਕੇ ਨੀਲੇ ਰੰਗ ਦਾ ਵੇਲ-ਬੂਟਿਆਂ ਵਾਲਾ ਊਨੀ ਕੋਟ ਪਾਉਣ 'ਚ ਰੁਝੀ ਹੋਈ ਹੈ। ਕੋਟ ਪਾ ਕੇ ਉਸ ਨੇ ਆਪਣੇ ਆਪ ਨੂੰ ਅੱਗਿਓਂ-ਪਿਛਿਓਂ ਉਪਰੋਂ ਹੇਠੋਂ ਦੇਖਿਆ ਤਾਂ ਉਸਦੀਆਂ ਅੱਖਾਂ ਅੰਦਰ ਇਕ ਤਰ੍ਹਾਂ ਦੀ ਚਮਕ ਆ ਗਈ। ਕਰੀਬ ਵੀਹ ਕੁ ਵਰ੍ਹਿਆਂ ਦੀ ਦੂਜੀ ਲੜਕੀ ਨੇ ਤਾੜੀ ਮਾਰ ਦਿੱਤੀ। ਲਿਊ ਨੂੰ ਇਹ ਸਭ ਕੁਝ ਬਹੁਤ ਬੁਰਾ ਲੱਗਾ ਪਰ ਉਸਨੇ ਉਹਨਾਂ ਦੀ ਝਾੜ-ਝੰਬ ਨਾ ਕੀਤੀ। ਉਹ ਜਾਣਦਾ ਸੀ ਕਿ ਜੇ ਉਹਨਾਂ ਨੂੰ ਕੁਝ ਵੀ ਕਿਹਾ ਗਿਆ ਤਾਂ ਉਹ ਦੁਖੀ ਹੋ ਜਾਣਗੀਆਂ। ਇਸਤਰੀਆਂ ਸਾਹਮਣੇ ਉਹ ਹਮੇਸ਼ਾ ਆਪਣੇ ਆਪ ਨੂੰ ਕਾਬੂ ਵਿਚ ਰੱਖਣ ਦੀ ਕੋਸ਼ਿਸ਼ ਕਰਦਾ ਸੀ। ਤਾਂ ਵੀ, ਉਹ ਇਹ ਕਹਿਣਾ ਚਾਹ ਰਿਹਾ ਸੀ ਕਿ, ਜੇ ਤੂੰ ਇਹ ਕੋਟ ਪਾ ਕੇ ਦੇਖਣਾ ਹੀ ਸੀ ਤਾਂ ਇਹ ਕੰਮ ਘਰ ਜਾ ਕੇ ਕਰਦੀ। ਦਫ਼ਤਰ ਇਹੋ ਜਿਹੇ ਰੰਗ-ਰੋਗਨ ਲਈ ਨਈਂ ਹੁੰਦਾ। ਉਸਨੇ ਇਹ ਵੀ ਸੋਚ ਲਿਆ ਕਿ ਇਉਂ ਕਹਿੰਦਿਆਂ ਉਹ ਉੱਚੀ ਨਹੀਂ ਬੋਲੇਗਾ। ਪਰ, ਉਸਦੇ ਕੁਝ ਵੀ ਬੋਲਣ ਤੋਂ ਪਹਿਲਾਂ ਦੋਨਾਂ ਟਾਈਪਿਸਟ ਲੜਕੀਆਂ ਨੇ ਉਸਨੂੰ ਦੇਖ ਲਿਆ। ਛੋਟੀ ਲੜਕੀ ਵਿਚਾਰੀ ਤਾਂ ਬਿਲਕੁਲ ਦਹਿਲ ਗਈ। ਦੋਨੋਂ ਛੇਤੀ ਛੇਤੀ ਆਪੋ ਆਪਣੀਆਂ ਕੁਰਸੀਆਂ 'ਤੇ ਜਾ ਬੈਠੀਆਂ ਤੇ ਕੰਮਕਾਰ ਵਿਚ ਇਸ ਤਰ੍ਹਾਂ ਖੁੱਭ ਗਈਆਂ ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਬਿਨਾਂ ਬੋਲੇ ਲਿਊ ਵੀ ਕਮਰੇ 'ਚੋਂ ਬਾਹਰ ਆ ਗਿਆ। ਉਸਦੇ ਆਪਣੇ ਅੰਦਰ ਇਕ ਸ਼ੰਕਾ ਉਭਰੀ ਕਿ 'ਏਸ ਉਮਰੇ ਏਹ ਔਰਤ ਅਜੇ ਵੀ ਹਲਕੇ ਨੀਲੇ ਰੰਗ ਦਾ ਇਹ ਫੁੱਲ-ਬੂਟੀਆਂ ਵਾਲਾ ਕੋਟ ਪਹਿਣ ਰਹੀ ਐ, ਕੀ ਇਹ ਉਚਿਤ ਐ ! ਉਂਝ ਲੋਕੀਂ ਉਸ ਬਾਰੇ ਦੱਸਦੇ ਹਨ ਕਿ ਇਹ ਅਣਵਿਆਹੀ ਹੈ। ਆਪਣੀ ਜੁਆਨੀ ਵੇਲੇ ਇਸਨੇ ਇਕ ਤੋਂ ਇਕ ਸੁੰਦਰ ਚੁਸਤ-ਫੁਸਤ ਨੌਜਵਾਨ ਟੋਲਣ ਦੇ ਯਤਨ ਕੀਤੇ ਸਨ। ਪਰ, ਉਸਦੇ ਮਨ-ਭਾਉਂਦਾ ਨੌਜਵਾਨ ਉਸਦੇ ਸੁਪਨਿਆਂ ਵਿਚ ਹੀ ਆਉਂਦਾ ਰਿਹਾ, ਵਾਸਤਵ ਵਿਚ ਉਸਨੂੰ ਮਿਲਿਆ ਨਾ। ਰੱਬ ਨੇ ਅਜਿਹੇ ਨੌਜਵਾਨ ਦੀ ਰਚਨਾ ਹੀ ਨਹੀਂ ਸੀ ਕੀਤੀ, ਜਿਹੋ ਜਿਹਾ ਇਹ ਭਾਲਦੀ ਸੀ। ਹੁਣ ਜਦੋਂ ਇਸਦੀ ਉਮਰ ਚਾਲੀ ਸਾਲਾਂ ਦੀ ਹੋ ਗਈ ਹੈ ਤਾਂ ਇਸਨੂੰ ਲੱਗਾ ਕਿ ਜੀਵਨ-ਸਾਥੀ ਦੀ ਤਲਾਸ਼ ਕਰਦਿਆਂ ਐਨੀ ਮੀਨ-ਮੇਖ ਨਹੀਂ ਸੀ ਕਰਨੀ ਚਾਹੀਦੀ। ਹੁਣ ਬੱਸ ਉਸਦੀ ਇਹੀ ਇੱਛਾ ਸੀ ਕਿ ਉਸ ਵਾਂਗ ਉਸਦਾ ਸਾਥੀ ਵੀ ਸਰਕਾਰੀ ਕਰਮਚਾਰੀ ਹੋਵੇ, ਭਾਵੇਂ ਥੋੜ੍ਹਾ ਵੱਡੀ ਉਮਰ ਦਾ ਹੀ ਹੋਵੇ।'

ਇਹ ਸਭ ਕੁਝ ਸੋਚਦਾ ਲਿਊ ਤਾਸ਼ਾਨ ਸਕੱਤਰ ਦੇ ਦਫ਼ਤਰ ਚਲਾ ਗਿਆ। ਉਥੇ ਵੀ ਕੋਈ ਨਹੀਂ ਸੀ। ਉਸਨੂੰ ਕਿਸੇ ਨੇ ਦੱਸਿਆ ਕਿ ਆਵਾਜਾਈ ਵਿਭਾਗ ਨੇ ਕਿਤਿਉਂ ਤਾਜ਼ੀ ਮੱਛੀ ਲਿਆਂਦੀ ਐ ਤੇ ਸਾਰਾ ਸਟਾਫ਼ ਆਪਣੇ ਹਿੱਸੇ ਆਉਂਦੀ ਮੱਛੀ ਲੈ ਗਿਆ। ਲਿਊ ਨੂੰ ਬਹੁਤ ਗੁੱਸਾ ਆਇਆ। ਉਸਨੇ ਸੋਚਿਆ, 'ਕਿੰਨੇ ਗੈਰ ਜ਼ੁੰਮੇਵਾਰ ਨੇ ਇਹ ਲੋਕ ! ਮੱਛੀ ਦੀ ਮੁਸ਼ਕ ਆਉਂਦਿਆਂ ਸਾਰ ਹੀ ਕੰਮ ਛੱਡ ਕੇ ਚਲੇ ਗਏ। ...ਐਥੇ ਬੈਠ ਕੇ ਦੇਖਦਾਂ ਕਦੋਂ ਮੁੜਦੇ ਆ।' ਉਹ ਇਕ ਕੁਰਸੀ 'ਤੇ ਬੈਠ ਗਿਆ 'ਤੇ ਮੇਜ਼ ਤੇ ਪਏ ਸ਼ੀਸ਼ੇ ਹੇਠਾਂ



ਪਈ ਤਸਵੀਰ ਦੇਖਣ ਲੱਗ ਪਿਆ। ਇਹ ਤਸਵੀਰ ਇਕ ਸੋਹਣੀ ਕੁੜੀ ਦੀ ਸੀ ਜੋ ਬੈਲੇ-ਡਾਂਸਰ ਲੱਗਦੀ ਸੀ। ਸ਼ਾਇਦ ਕਿਸੇ ਨੇ ਸੁਚਿੱਤਰ ਪੱਤਰਕਾ 'ਚੋਂ ਕੱਟ ਕੇ ਰੱਖੀ ਹੋਵੇ। ਇਸੇ ਹੀ ਥਾਂ ਉਸਨੂੰ ਉਸਦੇ ਨਾਂ ਸਿਰਨਾਵਾਂ ਹੋਈ ਇਕ ਚਿੱਠੀ ਦਿਸ ਪਈ। ਉਸਨੇ ਚਿੱਠੀ ਛੇਤੀ ਦੇਣੀ ਕੱਢ ਕੇ ਪੜ੍ਹੀ। ਫਿਰ ਤਾਂ ਉਸਦੇ ਗੁੱਸੇ ਦੀ ਕੋਈ ਹੱਦ ਹੀ ਨਾ ਰਹੀ। ਉਹ ਜ਼ੋਰ ਦੀ ਚੀਕਿਆ—"ਦੁਰ-ਲਾਅਨਤ ਐ..!"

ਇਸ ਚਿੱਠੀ ਵਿਚ ਪਿਛਲੇ ਮਹੀਨੇ ਪਾਇਥਾ ਰੇਲਵੇ ਸਟੇਸ਼ਨ 'ਤੇ ਹੋਈ ਦੋ ਗੱਡੀਆਂ ਦੀ ਟੱਕਰ ਦੀ ਵਿਸਥਾਰ ਪੂਰਨ ਜਾਣਕਾਰੀ ਦਰਜ ਸੀ। ਇਸ ਪੱਤਰ ਨੇ ਇਸ ਤੱਥ ਦਾ ਭਲੀ ਭਾਂਤ ਪਰਦਾ ਫਾਸ਼ ਕੀਤਾ ਕਿ ਪਾਇਥਾ ਰੇਲਵੇ ਸਟੇਸ਼ਨ ਅਤੇ ਪੇਸ਼ਾਗ ਸ਼ਾਖਾ ਬਿਊਰੋ ਨੇ ਮਿਲ ਕੇ ਆਪਣੀ ਰੀਪੋਰਟ ਵਿਚ ਵੱਡੀ ਦੁਰਘਟਨਾ ਨੂੰ ਛੋਟੀ ਜਿਹੀ ਘਟਨਾ ਦੱਸ ਕੇ ਉੱਚ ਅਧਿਕਾਰੀਆਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਹੈ। ਲਿਊ ਨੇ ਇਸ ਦੁਰਘਟਨਾ ਨੂੰ ਉਹਨਾਂ ਦੇ ਆਖੇ ਛੋਟੀ ਘਟਨਾ ਹੀ ਮੰਨ ਲਿਆ ਸੀ। ਉਸਨੇ ਗੁੱਸੇ ਵਿਚ ਮੇਜ਼ 'ਤੇ ਏਨੀ ਜ਼ੋਰ ਦੀ ਮੁੱਕਾ ਮਾਰਿਆ ਕਿ ਇਸ ਉੱਪਰ ਪਈ ਦਵਾਤ ਉੱਛਲ ਪਈ। ਉਹ ਜ਼ੋਰ ਦੀ ਚੀਕਿਆ, "ਲਾਅਨਤ ਐ ! ਤੁਸੀਂ ਲੋਕਾਂ ਨੇ ਮੈਨੂੰ ਧੋਖੇ 'ਚ ਰੱਖਿਆ ਐ। ਜੇ ਇਸ ਚਿੱਠੀ ਅੰਦਰਲੇ ਤੱਥ ਸੱਚ ਹੋਏ ਤਾਂ ਫਿਰ ਦੇਖਣਾ...।" ਫਿਰ ਅਚਾਨਕ ਉਸਨੂੰ ਖ਼ਿਆਲ ਆਇਆ ਕਿ ਇਹ ਕਿਤੇ ਝੂਠੀ ਦੂਸ਼ਣਬਾਜ਼ੀ ਤਾਂ ਨਈਂ ! ਸਭਿਆਚਾਰਕ ਇਨਕਲਾਬ ਸਮੇਂ ਇਹੋ ਜਿਹੀਆਂ ਦੂਸ਼ਣ ਬਾਜ਼ੀਆਂ ਆਮ ਹੋ ਗਈਆਂ ਸਨ। ਉਸਨੇ ਚਿੱਠੀ ਫਿਰ ਪੜ੍ਹੀ। ਹੇਠਾਂ ਕੀਤੇ ਦਸਤਖਤ ਦੇਖੇ ਤੇ ਪਤਾ ਪੜ੍ਹ ਕੇ ਉਸਨੂੰ ਯਕੀਨ ਹੋ ਗਿਆ ਕਿ ਲਾਏ ਦੋਸ਼ ਠੀਕ ਹੀ ਹੋਣਗੇ।

ਇਹ ਪੱਤਰ ਰੇਲਵੇ ਸਟੇਸ਼ਨ ਦੇ ਇਕ ਪੈਟਮੈਨ ਲਵੀ ਚਿਊਸ਼ਾਏ ਵੱਲੋਂ ਸੀ। ਹੇਠਾਂ ਦਸਖਤ ਵੀ ਉਸਦੇ ਆਪਣੇ ਸਨ। ਲਿਊ ਨੇ ਬੁੱਲ੍ਹਾਂ 'ਤੇ ਜੀਭ ਫੇਰਦਿਆਂ, ਉਸਨੂੰ ਪੱਤਰ ਲਿਖਣ ਵਾਲੇ ਲਈ ਪ੍ਰਸੰਸਾਤਮਿਕ ਸ਼ਬਦ ਬੋਲੇ, "ਜਿਹਨੇ ਆਪਣਾ ਨਾਂ ਤੇ ਪਤਾ ਲਿਖਣ ਦਾ ਹੌਸਲਾ ਕੀਤਾ, ਇਹ ਆਦਮੀ ਵੀ ਸੱਚਾ ਹੀ ਹੋਵੇਗਾ।"

ਬਰਾਂਡੇ ਵਿਚ ਉੱਚੀ ਅੱਡੀ ਦੀ ਜੁੱਤੀ ਦੀ ਠੱਕ-ਠੱਕ ਵਰਗੀ ਆਵਾਜ਼ ਸੁਣਾਈ ਦਿੱਤੀ। ਜਿਵੇਂ ਕੋਈ ਚੰਚਲ ਲੜਕੀ ਤੁਰੀ ਆਉਂਦੀ ਹੋਵੇ। ਪਲ ਕੁ ਪਿਛੋਂ ਮਜ਼ਬੂਤ ਧਾਗਿਆਂ ਨਾਲ ਨੱਥੀ ਮੱਛਲੀਆਂ ਲਮਕਾਈ ਸਕੱਤਰ ਚਾਓ-ਫੰਗ ਨੇ ਮੁਸਕਰਾਉਂਦੇ ਨੇ ਕਮਰੇ ਅੰਦਰ ਪ੍ਰਵੇਸ਼ ਕੀਤਾ। ਇਕ ਮੱਛੀ ਅਜੇ ਵੀ ਤੜਫ਼ ਰਹੀ ਸੀ। ਚਾਓ-ਫੰਗ ਨੇ ਇਹਨਾਂ ਮੱਛੀਆਂ ਵਿਚੋਂ ਦੋ ਮੱਛੀਆਂ ਛਾਂਟ ਕੇ ਲਿਊ ਸਾਹਮਣੇ ਰੱਖਦਿਆਂ ਕਿਹਾ, "ਡਾਇਰੈਕਟਰ ਲਿਊ, ਏਹ ਤੁਹਾਡੇ ਲਈ ਹਨ...।"

ਲਿਊ ਤਾਸ਼ਾਨ ਨੇ ਸਕੱਤਰ ਚਾਓ ਨੂੰ ਘੂਰਦਿਆਂ ਪੁੱਛਿਆ, "ਕਿਥੋਂ ਮਾਰਕੇ ਲਿਆਂਦੀਆਂ ਐਨੀਆਂ ਚੰਗੀਆਂ...?"

ਚਾਓ-ਫੰਗ ਝੇਂਪ ਗਿਆ ਸੀ। ਉਸ ਨੇ ਉੱਤਰ ਤਾਂ ਕੋਈ ਨਾ ਦਿੱਤਾ, ਮੁਸਕਰਾਉਂਦਾ ਜ਼ਰੂਰ ਰਿਹਾ। ਨਿਰਦੇਸ਼ਕ ਲਿਊ ਦਾ ਚਿਹਰਾ ਤਣ ਗਿਆ ਸੀ ਤੇ ਗੁੱਸੇ ਕਾਰਨ ਉਸਦੀ ਠੋਡੀ ਕੰਬ ਰਹੀ ਸੀ, "ਮੈਂ ਵੀ ਇਕ ਵੱਡੀ ਮੱਛੀ ਫੜੀ ਐ, ਨਾਲ ਹੀ ਕੁਝ ਕੁ ਛੋਟੀਆਂ ਵੀ...।" ਉਸਨੇ ਹੁਣੇ ਹੁਣੇ ਪੜ੍ਹੀ ਚਿੱਠੀ ਚਾਓ-ਫੰਗ ਨੂੰ ਦਿਖਾਈ। ਚਾਓ-ਫੰਗ ਦੇ ਜਿਵੇਂ ਸਾਹ ਸੂਤੇ ਗਏ। ਮੱਛੀਆਂ ਉਹਦੇ ਹੱਥੋਂ ਡਿੱਗਦੀਆਂ ਡਿਗਦੀਆਂ ਮਸਾਂ ਬਚੀਆਂ।

"ਇਹ ਚਿੱਠੀ ਕਦੋਂ ਆਈ...?" ਲਿਊ ਨੇ ਪੁੱਛਿਆ।

"ਸੱਚ ਸੱਚ ਦੱਸ....।"

ਚਾਓ-ਫੰਗ ਨੇ ਲਿਊ ਵੱਲ ਦੇਖਿਆ ਤੇ ਸੋਚਿਆ-ਹੁਣ ਝੂਠ ਬੋਲਣ ਦਾ ਕੋਈ ਫਾਇਦਾ ਨਹੀਂ।

"ਤਿੰਨ ਦਿਨ ਪਹਿਲਾਂ...।" ਉਸਨੇ ਕਿਹਾ।

"ਫਿਰ ਏਹ ਉਸੇ ਵੇਲੇ ਮੇਰੇ ਪਾਸ ਕਿਉਂ ਨਹੀਂ ਭੇਜੀ ?"

"ਪੇਸ਼ਾਂਗ ਸ਼ਾਖਾ ਬਿਊਰੋ ਦੇ ਪ੍ਰਧਾਨ ਪਾਏ ਫਾਂਗ ਨੇ ਮੈਨੂੰ ਫੋਨ ਕੀਤਾ ਸੀ ਕਿ ਇਕ ਮਜ਼ਦੂਰ ਬਾਤ ਦਾ ਬਤੰਗੜ ਬਣਾ ਰਿਹੈ। ਮੈਂ ਸੋਚਿਆ ਚੂੰਕਿ ਸਭਿਆਚਾਰਕ ਕ੍ਰਾਂਤੀ ਦੌਰਾਨ ਤੁਸੀਂ ਪਾਏ ਫਾਂਗ ਦੇ ਨਾਲ ਦੋ ਸਾਲ ਹਿਰਾਸਤ ਵਿਚ ਰਹੇ ਹੋ, ਇਸ ਹਾਲਾਤ 'ਚ ਇਹ ਪੱਤਰ ਪ੍ਰਾਪਤ ਕਰਕੇ ਤੁਸੀਂ ਬੇਇਜ਼ਤ ਨਾ ਮਹਿਸੂਸ ਕਰੋ...।"

ਲਿਊ ਨੇ ਅੱਖਾਂ ਝਮਕੀਆਂ, "ਕੀ ਇਸ ਪੱਤਰ ਦੀ ਫਾਂਗ ਨੂੰ ਜਾਣਕਾਰੀ ਹੈ....?"

ਚਾਓ-ਫੰਗ ਨੇ ਭਿੱਜੀ ਬਿੱਲੀ ਦੀ ਤਰ੍ਹਾਂ ਲਿਊ ਵਲ ਦੇਖਦਿਆਂ ਹਾਮੀ ਭਰੀ, "ਜੀਈ...ਉਨ੍ਹਾਂ ਫੋਨ 'ਤੇ ਦੱਸਿਆ ਸੀ ਕਿ ਸ਼ਾਖਾ ਬਿਊਰੋ ਨੂੰ ਵਧੀਆ ਕਾਰਗੁਜ਼ਾਰੀ ਲਈ ਛੇਤੀ ਹੀ ਲਾਲ ਝੰਡਾ ਦਿੱਤਾ ਜਾਵੇਗਾ। ਜੇ ਇਸ ਚਿੱਠੀ ਅੰਦਰਲੀਆਂ ਗੱਲਾਂ ਬਾਹਰ ਆ ਗਈਆਂ ਤਾਂ...।"

ਲਿਊ ਤਾਸ਼ਾਨ ਦੇ ਚਿਹਰੇ ਦਾ ਰੰਗ ਬਦਲ ਗਿਆ। ਉਸਨੇ ਡੂੰਘੇ ਸਾਹ ਲੈਂਦਿਆਂ ਘੁੱਟੇ-ਘੁੱਟੇ ਬੁੱਲ੍ਹਾਂ ਨਾਲ ਕਿਹਾ, "ਜੇ ਕੋਈ ਤੇਰੀ ਚਾਪਲੂਸੀ ਕਰੇ ਤਾਂ ਕੀ ਤੂੰ ਆਪਣੇ ਸਿਧਾਂਤਾਂ ਦੀ ਬਲੀ ਦੇ ਸਕਦੈਂ...?" ਤੂੰ ਤਾਂ ਇਕ ਆਦਰਸ਼ਕ ਸਕੱਤਰ ਹੋਇਆ ਕਰਦਾ ਸੀ। ਇਸ ਘਿਰਣਾ ਭਰੇ ਧੰਦੇ 'ਚ ਕਦੋਂ ਤੋਂ ਲੱਗਾ...?"

ਗੁੱਸੇ 'ਚ ਲਿਊ ਓਧਰ-ਐਧਰ ਘੁੰਮਣ ਲੱਗਾ। ਬਾਹਰ ਮਾਲ-ਗੱਡੀ ਦੇ ਇੰਜਣ ਨੇ ਸੀਟੀ ਦਿੱਤੀ। ਲੱਕੜ ਦੇ ਭਾਰੇ ਮੋਛਿਆਂ ਨਾਲ ਲੱਦੀ ਮਾਲ-ਗੱਡੀ ਰਵਾਨਾ ਹੋ ਗਈ। ਲਿਊ ਨੇ ਫਿਰ ਮੁੜਕੇ ਸਕੱਤਰ ਤੋਂ ਪੁੱਛਿਆ, "ਕੀ ਤੂੰ 1917 ਵਿਚ ਲੈਨਿਨ ਫਿਲਮ ਦੇਖੀ ਐ ? ਕਰੇਮਲਿਨ ਦੀ ਰੱਖਿਆ ਕਰਨ ਵਾਲੇ ਗਾਰਡਾਂ ਦਾ ਕਪਤਾਨ ਯਾਦ ਐ ? ਉਹ ਸਿਧਾਂਤਾਂ ਵਾਲਾ ਆਦਮੀ ਸੀ, ਸੱਚਾ-ਸੁੱਚਾ ਕਮਿਊਨਿਸਟ। ਪੂੰਜੀਪਤੀਆਂ ਨੇ ਉਸਨੂੰ ਰੁਪਈਆਂ ਨਾਲ ਲੱਦ ਦੇਣ ਦਾ ਲਾਲਚ ਵੀ ਦਿੱਤਾ। ਕੀ ਉਹ ਥਿੜਕਿਆ ? ਜੇ ਉਨੇ ਪੈਸੇ ਤੈਨੂੰ ਦਿੱਤੇ ਜਾਣ ਤਾਂ ਤੂੰ ਥਿੜਕ ਨਹੀਂ ਜਾਏਂਗਾ...?"

ਲਿਊ ਏਨੇ ਜ਼ੋਰ ਦੀ ਬੋਲ ਰਿਹਾ ਸੀ ਕਿ ਉਸਨੂੰ ਪਤਾ ਤੱਕ ਨਾ ਲੱਗਾ ਕਿ ਕਿਸੇ ਨੇ ਦਰਵਾਜ਼ਾ ਖੋਲ੍ਹ ਕੇ ਅੰਦਰ ਝਾਕਿਆ ਹੈ, ਫਿਰ ਦਰਵਾਜ਼ਾ ਬੰਦ ਕਰ ਦਿੱਤਾ ਹੈ। ਸਕੱਤਰ ਲਿਊ ਸਾਹਮਣੇ ਚੁੱਪ-ਚਾਪ ਖੜ੍ਹਾ ਸੀ। ਇਕ ਵੀ ਸ਼ਬਦ ਉਸਦੇ ਮੂੰਹੋਂ ਨਹੀਂ ਸੀ ਨਿਕਲਿਆ। ਉਸਨੇ ਉਹ ਫਿਲਮ ਦੇਖੀ ਤਾਂ ਹੋਈ ਸੀ ਪਰ ਉਹਨੇ ਕਦੀ ਇਹ ਨਹੀਂ ਸੋਚਿਆ ਕਿ ਜੇ ਉਹ ਸੁਰੱਖਿਆ ਗਾਰਡਾਂ ਦਾ ਕਪਤਾਨ ਹੁੰਦਾ ਤਾਂ ਕੀ ਕਰਦਾ। ਲਿਊ ਕਮਰੇ ਵਿਚ ਐਧਰ-ਓਧਰ ਘੁੰਮਦਾ ਰਿਹਾ। ਫਿਰ ਅਚਾਨਕ ਉਸਨੇ ਟੈਲੀਫੂਨ ਦਾ ਰਸੀਵਰ ਚੁੱਕਿਆ ਤੇ ਬੋਲਿਆ, "ਹੈਲੋ, ਪਾਰਟੀ ਸਕੂਲ ਐ ਨਾ....।" ਮੈਂ ਲਿਊ ਤਾਸ਼ਾਨ ਬੋਲ ਰਿਹਾਂ....ਮੈਂ ਇਕ ਵਿਦਿਆਰਥੀ ਤੁਆਡੇ ਪਾਸ ਭੇਜ ਰਿਹਾਂ.....।

ਓਧਰੋਂ ਆਵਾਜ਼ ਆਈ—"ਕਲਾਸ ਚਾਲੂ ਹੋਈ ਨੂੰ ਤਾਂ ਹਫ਼ਤਾ ਹੋ ਗਿਐ....।"

"ਇਦ੍ਹਾਂ ਕੋਈ ਫਰਕ ਨਹੀਂ ਪੈਣਾ, ਵਿਦਿਆਰਥੀ ਦਾ ਨਾਮ ਚਾਓ-ਫੰਗ ਐ....।"

ਲਿਊ ਨੇ ਰੀਸੀਵਰ ਰੱਖ ਦਿੱਤਾ। ਅੱਖਾਂ ਲਮਕੀਆਂ ਤੇ ਕਿਹਾ, "ਮੇਰੇ ਨੌਜਵਾਨ ਚਤਰ-ਚਲਾਕ ਸਾਥੀ, ਤੂੰ ਕਲ੍ਹ ਤੋਂ ਪਾਰਟੀ ਸਕੂਲ ਜਾਏਂਗਾ। ਆਪਣੇ ਦਿਮਾਗ 'ਚ ਕੁਝ ਕੰਮ ਦੀਆਂ ਗੱਲਾਂ ਭਰੀਂ, ਭਰੇਂਗਾ ਨਾ। 1917 ਵਿਚ ਲੈਨਿਨ ਫਿਲਮ ਨੂੰ ਮੁੜ ਤੋਂ ਦੇਖੀਂ।"

ਚਾਓ-ਫੰਗ ਨੇ ਹਾਮੀ ਭਰ ਦਿੱਤੀ ਤੇ ਮੁੜ ਤੋਂ ਮੱਛੀਆਂ ਹੱਥਾਂ ਵਿਚ ਚੁੱਕ ਲਈਆਂ। ਉਸਨੇ ਅਜੇ ਤੱਕ ਕੋਈ ਗੱਲ ਨਹੀਂ ਸੀ ਕੀਤੀ ਕਿ ਲਿਊ ਬੋਲ ਪਿਆ, "ਏਹ ਮੱਛੀਆਂ ਵੀ ਉਥੇ ਈ ਭੇਜ ਦੇ। ਮੈਂ ਤਾਂ ਪਹਿਲਾਂ ਹੀ ਚਿੱਟੀ ਮੱਛੀ ਫੜ ਲਈ ਐ। (ਪਾਏ ਫਾਨ ਦੇ ਪਹਿਲੇ ਸ਼ਬਦ ਪਾਏ ਦਾ ਅਰਥ ਹੈ ਚਿੱਟਾ)"

ਚਾਓ-ਫੰਗ ਦੇ ਚਿੱਟੇ ਚਿਹਰੇ ਤੋਂ ਪਸੀਨਾ ਚੋ ਰਿਹਾ ਸੀ। ਉਹਨੇ ਸੋਚਿਆ—ਮੈਂ ਵੀ ਕੀ ਕਰ ਬੈਠਾਂ ! ਜਦ



ਦੁਨੀਆ ਵਿਚ ਅੰਨੇ ਬੰਦੇ ਮੌਜੂਦ ਨੇ ਤਾਂ ਮੈਨੂੰ ਉਹਨਾਂ ਦੇ ਖ਼ਿਲਾਫ਼ ਖੜ੍ਹੇ ਹੋਣ ਦੀ ਕੀ ਜ਼ਰੂਰਤ ਸੀ..।

III

ਉਸ ਦਿਨ ਦੁਪਹਿਰ ਵੇਲੇ ਲਿਊ ਨੇ ਇਕ ਮੀਟਿੰਗ ਬੁਲਾਈ ਤੇ ਇਕ ਵਿਸ਼ੇਸ਼ ਜਾਂਚ ਦਲ ਦਾ ਗਠਨ ਕੀਤਾ, ਜਿਸ ਵਿਚ ਅਨੁਸਾਸ਼ਣ ਨਿਰੀਖਣ ਵਿਭਾਗ ਦੇ ਪ੍ਰਧਾਨ ਤੋਂ ਇਲਾਵਾ ਆਵਾਜਾਈ ਅਤੇ ਤਕਨੀਕੀ ਵਿਭਾਗਾਂ ਦੇ ਪ੍ਰਧਾਨ ਸ਼ਾਮਲ ਕੀਤੇ ਗਏ। ਇਸ ਜਾਂਚ ਦਲ ਨੇ ਪਾਇਥਾ ਰੇਲਵੇ ਸਟੇਸ਼ਨ ਜਾਣਾ ਸੀ। ਜਾਣ ਤੋਂ ਪਹਿਲਾਂ ਉਹਨਾਂ ਨੂੰ ਲਿਊ ਨੇ ਦਫ਼ਤਰ ਬੁਲਾ ਕੇ ਚਿਤਾਵਨੀ ਦਿੱਤੀ—"ਤੁਸੀਂ ਸਾਰੇ ਕਮਿਊਨਿਸਟ ਪਾਰਟੀ ਦੇ ਮੈਂਬਰ ਹੋ, ਠੀਕ ਐ ਨਾ ! ਜਿੰਨਾ ਚਿਰ ਪਾਇਥਾ ਸਟੇਸ਼ਨ 'ਤੇ ਰਹੋਗੇ, ਕਿਸੇ ਦੇ ਘਰ ਖਾਣਾ ਨਹੀਂ ਖਾਓਗੇ। ਕਿਸੇ ਦੀ ਆਓ-ਭਗਤ ਸਵੀਕਾਰ ਨਹੀਂ ਕਰੋਗੇ। ਕਿਸੇ ਤੋਂ ਕੋਈ ਰਿਸ਼ਵਤ ਨਹੀਂ ਲਵੋਗੇ। ਕਿਸੇ ਤੋਂ ਸ਼ਰਾਬ ਨਹੀਂ ਪੀਓਗੇ। ਜੇ ਸ਼ਰਾਬ ਬਿਨਾਂ ਨਈਂ ਰਿਹਾ ਜਾਂਦਾ ਤਾਂ ਮੁੜਕੇ ਆਉਂਦਿਆਂ ਨੂੰ ਮੈਂ ਪਿਲਾ ਦਿਆਂਗਾ ਤੁਆਨੂੰ...।"

ਉਸ ਵੇਲੇ ਕਿਸੇ ਯਾਤਰੂ ਗੱਡੀ ਦਾ ਸਮਾਂ ਨਾ ਹੋਣ ਕਾਰਨ ਜਾਂਚ ਦਲ ਮਾਲ ਗੱਡੀ ਰਾਹੀਂ ਰਵਾਨਾ ਹੋ ਗਿਆ। ਦੋ ਦਿਨਾਂ ਪਿਛੋਂ ਦਲ ਵਾਪਸ ਆ ਕੇ ਸਿੱਧਾ ਲਿਊ ਦੇ ਦਫ਼ਤਰ ਪਹੁੰਚ ਗਿਆ। ਲਿਊ ਉਸ ਸਮੇਂ ਇਕ ਜ਼ਰੂਰੀ ਮੀਟਿੰਗ ਵਿਚ ਬੈਠਾ ਸੀ। ਥੋੜ੍ਹੇ ਕੁ ਚਿਰੀਂ ਬਾਹਰ ਆਇਆ ਤਾਂ ਉਸਦਾ ਚਿਹਰਾ ਭਖਿਆ ਹੋਇਆ ਸੀ। ਦਰਅਸਲ ਮੀਟਿੰਗ ਅਜੇ ਮੁੱਕੀ ਨਹੀਂ ਸੀ। ਕਿਸੇ ਮੁੱਦੇ 'ਤੇ ਜ਼ੋਰਦਾਰ ਬਹਿਸ ਚਲ ਰਹੀ ਸੀ। ਲਿਊ ਜਾਂਚ ਦੇ ਵਾਪਸ ਆ ਜਾਣ ਦੀ ਸੂਚਨਾ ਮਿਲਣ 'ਤੇ ਉਹ ਮੀਟਿੰਗ ਚੋਂ ਉੱਠ ਆਇਆ ਸੀ। ਦਲ ਨੇ ਪ੍ਰਾਪਤ ਕੀਤੀ ਜਾਣਕਾਰੀ ਦੀ ਵਿਸਥਾਰ ਪੂਰਵਕ ਰੀਪੋਰਟ ਦਿੱਤੀ। ਪੈਂਟਮੈਨ ਦੇ ਪੱਤਰ ਦੀਆਂ ਗੱਲਾਂ ਸਹੀ ਸਨ। ਜਾਂਚ ਦਲ ਨੇ ਮਜ਼ਦੂਰਾਂ ਨਾਲ ਵੀ ਗੱਲਬਾਤ ਕੀਤੀ ਸੀ। ਇਹ ਸੱਚ-ਮੁਚ ਵੱਡੀ ਦੁਰਘਟਨਾ ਸੀ। ਉਥੇ ਗਏ ਜਾਂਚ ਦਲ ਨੂੰ ਕਿਸੇ ਨੇ ਖਾਣੇ ਦੀ ਦਾਅਵਤ ਦੇਣ ਦੀ ਕੋਸ਼ਿਸ਼ ਵੀ ਕੀਤੀ। ਇਹ ਵਿਅਕਤੀ ਕੋਈ ਹੋਰ ਨਹੀਂ ਉਥੋਂ ਦਾ ਸਟੇਸ਼ਨ ਮਾਸਟਰ ਸੀ। ਸਟੇਸ਼ਨ ਮਾਸਟਰ ਬੜਾ ਜ਼ਿੰਦਾਦਿਲ ਅਤੇ ਗੱਲਬਾਤ ਕਰਨ 'ਚ ਬੜਾ ਹੁਸ਼ਿਆਰ ਜਾਪਦਾ ਸੀ। ਉਸਨੇ ਗੱਲਾਂ ਦੀ ਬੜੀਆਂ ਮਿੱਠੀਆਂ ਮਿੱਠੀਆਂ ਕੀਤੀਆਂ। ਪਰ, ਜਾਂਚ ਦਲ ਨੇ ਉਸਦਾ ਨਿਮੰਤ੍ਰਿਣ ਸਵੀਕਾਰ ਨਹੀਂ ਸੀ ਕੀਤਾ। ਅਸਲ 'ਚ ਦੁਰਘਟਨਾ ਦੀ ਰੀਪੋਰਟ ਵੀ ਉਸਨੇ ਹੀ ਲਿਖੀ ਸੀ ਤੇ ਬਰਾਂਚ ਬਿਊਰੋ ਦੇ ਪ੍ਰਧਾਨ ਪਾਏ ਨੂੰ ਇਵੇਂ ਦੀ ਰੀਪੋਰਟ ਲਿਖਣ ਦਾ ਕਾਰਨ ਵੀ ਦੱਸਿਆ ਸੀ। ਪਾਏ ਨੇ ਉਸਦੀ ਦਲੀਲ ਸੁਣ ਕੇ ਉਸਦੀ ਪ੍ਰਸ਼ੰਸਾ ਕਰਦਿਆਂ ਕਿਹਾ ਸੀ। "ਤੇਰਾ ਦਿਮਾਗ ਬੜਾ ਤੇਜ਼ ਐ...।"

"ਦੁਰਲਾਅਨਤ ਏਨ੍ਹਾਂ ਦੇ .... ਏਹ ਲੋਕ ਹਮੇਸ਼ਾ ਗੜਬੜ ਘੁਟਾਲਾ ਈ ਕਰਦੇ ਆ," ਲਿਊ ਨੇ ਜਾਂਚ ਦਲ ਦੀ ਰੀਪੋਰਟਿੰਗ ਸੁਣ ਕੇ ਟਿੱਪਣੀ ਕੀਤੀ। ਆਪਣੇ ਵਾਲਾਂ 'ਚ ਹੱਥ ਫੇਰਦਾ ਲਿਊ ਉੱਠ ਖੜ੍ਹਾ ਹੋਇਆ, "ਪਾਇਥਾ ਰੇਲਵੇ ਸਟੇਸ਼ਨ ਨਾਲ ਮੇਰੀ ਗੱਲ ਕਰਾਓ ਤੇ ਲਵੀ ਚਿਊਸ਼ਾਏ ਨੂੰ ਤੁਰੰਤ ਏਥੇ ਬੁਲਾਓ, ਸਟੇਸ਼ਨ ਮਾਸਟਰ ਚਿਊਸ਼ਾਏ ਨੂੰ। ਉਸ ਚਲਾਕ ਗਧੇ ਨੂੰ ਤੁਰੰਤ ਬਰਖਾਸਤ ਕਰੋ ਤੇ ਕਿਸੇ ਇਮਾਨਦਾਰ ਬੰਦੇ ਨੂੰ ਉਸ ਦੀ ਥਾਂ ਲਗਾ ਦਿਓ।"

ਲਿਊ ਤੋਂ ਬਿਨਾਂ ਸਾਰੇ ਉਥੋਂ ਚਲੇ ਗਏ। ਲਿਊ ਅੱਖਾਂ ਬੰਦ ਕੀਤੀ ਗੱਡੀਆਂ ਦੀਆਂ ਸੀਟੀਆਂ ਸੁਣਦਾ ਰਿਹਾ। ਉਹ ਸੋਚਦਾ ਰਿਹਾ—'ਇਸ ਵੱਡੀ ਚਿੱਟੀ ਮੱਛੀ ਨਾਲ ਕਿੱਦਾਂ ਨਜਿੱਠਿਆ ਜਾਏ। ....ਹਾਂ, ਮੈਨੂੰ ਹਟਾ ਕੇ ਉਹਦੇ ਨਾਲ ਕੰਮ ਕਰਨ ਭੇਜਿਆ ਗਿਆ ਸੀ। ਬਿਨਾਂ ਗਲਤੀ ਦੇ ਸਾਨੂੰ ਦੋਨਾਂ ਨੂੰ ਦੋ ਦੋ ਸਾਲਾਂ ਦੀ ਸਜ਼ਾ ਵੀ ਹੋਈ ਸੀ। ਕੈਦ ਕੱਟਦਿਆਂ ਅਸੀਂ ਬੜੀਆਂ ਗੱਲਾਂ ਕਰਿਆ ਕਰਦੇ ਸਾਂ। ਦੁਨੀਆ ਦੇ ਸਾਰੇ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਕਰਿਆ ਕਰਦੇ ਸਾਂ। ਅਸੀਂ ਕਿਹਾ ਕਰਦੇ ਸੀ, ਇਸ ਗੋਲ-ਗੋਲ ਦੁਨੀਆਂ ਦੀਆਂ ਸਮੱਸਿਆਵਾਂ ਵੀ ਬੜੀਆਂ ਗੋਲ ਐਂ। ਕਈਆਂ ਸਮੱਸਿਆਵਾਂ ਦਾ ਹੱਲ ਸਾਨੂੰ ਪਤਾ ਸੀ, ਪਰ ਬਹੁਤੀਆਂ

ਬਾਰੇ ਅਸੀਂ ਕੁਝ ਨਹੀਂ ਸੀ ਜਾਣਦੇ। ਜਦੋਂ ਸਾਨੂੰ ਕਿਸੇ ਸਵਾਲ ਦਾ ਜਵਾਬ ਨਾ ਲੱਭਦਾ, ਅਸੀ ਬੜੇ ਦੁਖੀ ਹੁੰਦੇ। ਹੌਲੀ ਹੌਲੀ ਸਾਨੂੰ ਸ਼ਰਾਬ ਪੀਣ ਦੀ ਆਦਤ ਪੈ ਗਈ। ਸਾਡੀ ਨਿਗਰਾਨੀ ਲਈ ਰੱਖੇ ਸੁੱਕੇ ਜਿਹੇ ਨੌਜਵਾਨ ਤੋਂ ਅਸੀਂ ਸ਼ਰਾਬ ਮੰਗਵਾ ਲੈਂਦੇ। ਜਦ ਰਾਤੀਂ ਸਾਨੂੰ ਨੀਂਦ ਨਾ ਆਉਂਦੀ ਤਾਂ ਸ਼ਰਾਬ ਪੀ ਕੇ ਖੂਬ ਗੱਲਾਂ ਕਰਦੇ, ਬੜੇ ਧੀਰਜ ਨਾਲ। ਕਦੀ ਕਦੀ ਬਹੁਤੀ ਸ਼ਰਾਬ ਪੀਣ ਨਾਲ ਪਾਇ ਦਾ ਚਿਹਰਾ ਸਮੁੰਦਰੀ ਝੱਗ ਦੀ ਤਰ੍ਹਾਂ ਲਾਲ ਹੋ ਜਾਂਦਾ। ਨਸ਼ੇ ਦੀ ਹਾਲਤ 'ਚ ਅੱਧ-ਮੀਚੀਆਂ ਅੱਖਾਂ ਨਾਲ ਉਹ ਰੁਕ ਰੁਕ ਕੇ ਬੋਲਦਾ ਕਿਹਾ ਕਰਦਾ—"ਏ...ਆਏ.....ਲਾਓ.... ਲਿਊ.... ਕੀ ਤੂੰ ਏਥੋਂ ਨਿਕਲ ਕੇ ਵੀ ਰੇਲਵੇ ਦੀ ਨੌਕਰੀ ਕਰੇਂਗਾ। ਮੇਰਾ ਤਾਂ ਜੀਅ ਭਰ ਗਿਆ ਐ...। ਮੈਂ ਵੀਹ ਵਰ੍ਹੇ ਰੇਲਵੇ 'ਚ ਕੰਮ ਕੀਤਾ. ਉਦ੍ਹਾ ਇਨਾਮ ਮੈਨੂੰ ਆਹ ਮਿਲਿਆ....ਜੇਲ੍ਹ ਦੀਆਂ ਸੀਖਾਂ...।"

ਲਿਊ ਘੁੱਟ ਕੁ ਹੋਰ ਪੀ ਕੇ ਬੁੱਲ੍ਹਾਂ 'ਤੇ ਜੀਭ ਫੇਰਦਾ ਉਹਦੇ ਲਾਗੇ ਜਿਹੇ ਨੂੰ ਹੋ ਕੇ ਕਹਿੰਦਾ, "ਮੈਂ...ਮੈਂ ਜਿੱਦਾਂ ਆਪਣੀ ਪਤਨੀ ਨੂੰ ਨਹੀਂ ਛੱਡ ਸਕਦਾ, ਉਦਾਂ ਹੀ ਰੇਲਵੇ ਲਾਈਨਾਂ ਨੂੰ ਨਹੀਂ ਛੱਡ ਸਕਦਾ...। ਤੂੰ...ਤੂੰ ਦੱਸ ਲਾਓ ਪਾਇ....ਤੂੰ ਕਦੀ ਆਪਣੀ ਪਤਨੀ ਬਾਰੇ ਵੀ ਸੋਚਿਆ....?"

ਪਾਇ ਦੀਆਂ ਅੱਖਾਂ ਹੋਰ ਲਾਲ ਹੋਰ ਜਾਂਦੀਆਂ। ਉਹ ਕੋਈ ਵੀ ਉੱਤਰ ਦਿੱਤੇ ਬਿਨਾਂ ਸਗੋਂ ਲਿਊ ਨੂੰ ਪੁੱਛਣ ਲਗਦਾ, "ਕੀ ਤੈਨੂੰ ਯਾਦ ਆਉਂਦੀ ਐ ਪਤਨੀ....?"

"ਹਾਂ ਕਿਉਂ ਨਈਂ ਆਉਂਦੀ। ਕੋਈ ਆਪਣੀ ਪਤਨੀ ਨੂੰ ਯਾਦ ਕਿਉਂ ਨਾ ਕਰੇ।" ਓਦੋਂ ਤੱਕ ਸ਼ਰਾਬ ਮੁੱਕ ਜਾਂਦੀ ਤੇ ਉਹ ਦੋਨੋਂ ਗੱਲਾਂ ਕਰਨੀਆਂ ਬੰਦ ਕਰਕੇ ਡੂੰਘੀ ਸੋਚ-ਵਿਚਾਰ ਅੰਦਰ ਗੁਆਚ ਜਾਂਦੇ। ਥੋੜ੍ਹੇ ਚਿਰ ਪਿਛੋਂ ਚੂਹਿਆਂ ਦੀ ਭਗਦੜ ਮੱਚ ਜਾਂਦੀ। ਐਧਰ-ਓਧਰ ਦੌੜਦਿਆਂ ਦੀ ਚੂੰ-ਚੂੰ ਸੁਣਾਈ ਦਿੰਦੀ। ਲਿਊ ਸੋਚਦਾ—'ਸ਼ਾਇਦ ਨਵ-ਜੰਮੇ ਚੂਹੇ ਚੂੰ-ਚੂੰ ਕਰਦੇ ਐ...ਉਹ ਆਪਣੀ ਮਾਂ ਨੂੰ 'ਵਾਜਾਂ ਮਾਰਦੇ ਆ।' ਇਹ ਹੀ ਉਨ੍ਹਾਂ ਦੀ ਦੁਨੀਆ ਆ। ਪਰ, ਕੀ ਸਾਡੀ ਦੁਨੀਆ ਵੀ ਐਹੋ ਜਿਹੀ ਹੀ ਨਈਂ! ਇਕ ਪਾਸੇ ਇਨਸਾਨਾਂ ਦੀ ਦੁਨੀਆ, ਦੂਜੇ ਪਾਸੇ ਚੂਹਿਆਂ ਦੀ ਦੁਨੀਆ। ਅੱਛੇ ਇਨਸਾਨ ਵੀ ਹੈਗੇ, ਬੁਰੇ ਵੀ ਹੈਗੇ। ਬੁਰਿਆਂ ਨਾਲੋਂ ਵੱਧ ਗਿਣਤੀ ਚੰਗੇ ਇਨਸਾਨਾਂ ਦੀ ਹੁੰਦੀ ਐ।....ਕਿੰਨਾ ਚੰਗਾ ਹੋਵੇ, ਚੰਗੇ ਇਨਸਾਨਾਂ ਦੀ ਗਿਣਤੀ ਹੋਰ ਵਧ ਜਾਏ।'

ਜੇਲ੍ਹ ਤੋਂ ਰਿਹਾਅ ਹੋਣ ਤੋਂ ਪਿਛੋਂ ਵੀ ਉਹ ਅਕਸਰ ਮਿਲਦੇ-ਜੁਲਦੇ ਰਹੇ। ਇਕੱਠੇ ਬੈਠ ਕੇ ਪੀਂਦੇ ਵੀ ਰਹੇ। ਸਿੱਧਾ ਬੋਤਲ ਨੂੰ ਮੂੰਹ ਲਾ ਕੇ ਉਹਨਾਂ ਦੀ ਪੀਣ ਦੀ ਆਦਤ ਸੀ। ਉਹਨਾਂ ਨੂੰ ਕੱਚ ਦੇ ਗਲਾਸਾਂ 'ਚ ਪੀਣ ਦਾ ਅਭਿਆਸ ਹੀ ਨਹੀਂ ਸੀ। ਭਾਵੇਂ ਗਲਾਸ ਨਾਲ ਪੀਣੀ ਠੀਕ ਹੁੰਦੀ ਐ। ਪਰ ਇਵੇਂ ਉਹਨਾਂ ਦੇ ਮੂੰਹ ਨਹੀਂ ਸੀ ਭਰਦੇ। ਫਿਰ ਜਦੋਂ ਲਿਊ ਦੀ ਪਤਨੀ ਨੇ ਉਸਨੂੰ ਫਿਟਕਾਰ ਪਾਈ 'ਹੈਦਾਂ ਅਮਰੀਕੀ ਸਿਪਾਹੀ ਪੀਂਦੇ ਆ, ਸਿੱਧਾ ਮੂੰਹ ਬੋਤਲ ਨੂੰ ਲਾ ਕੇ' ਤਾਂ ਲਿਊ ਆਪਣੇ ਪਾਸ ਵੱਡਾ ਚਿੱਟਾ ਮੱਗ ਰੱਖਣ ਲੱਗ ਪਿਆ। ਕਾਫੀ ਸਾਰੀ ਪੀ ਕੇ ਪਾਇ ਆਪਣੇ ਕੱਪੜੇ ਲਾਹ ਕੇ 'ਕ੍ਰਾਂਤੀਕਾਰੀਆਂ' ਵਲੋਂ ਉਸ ਦੀ ਕੀਤੀ ਪਿਟਾਈ ਕਾਰਨ ਹੋਏ ਜ਼ਖ਼ਮਾਂ ਦੇ ਨਿਸ਼ਾਨ ਲਿਊ ਨੂੰ ਦਿਖਾਲਦਾ। ਪਰ, ਲਿਊ ਨੇ ਕਦੇ ਅਜਿਹਾ ਨਹੀਂ ਸੀ ਕੀਤਾ। ਉਹ ਸਗੋਂ ਉਸਨੂੰ ਢਾਰਸ ਦਿੰਦਾ—"ਕਿਉਂ ਦੁਖੀ ਹੁੰਨਾ....ਏਹ ਕੇਵਲ ਦਰਦਨਾਕ ਅਤੀਤ ਦਾ ਹੀ ਚੇਤਾ ਕਰਾਉਂਦੇ ਆ।" ਇਉਂ ਕਹਿੰਦਿਆਂ ਲਿਊ ਦਾ ਆਪਣਾ ਚਿਹਰਾ ਵੀ ਲਾਲ ਸੁਰਖ ਹੋ ਜਾਂਦਾ।

ਇੰਜਨ ਦੀ ਕੰਨਪਾੜਵੀਂ ਆਵਾਜ਼ ਨੇ ਲਿਊ ਨੂੰ ਵਰਤਮਾਨ ਦੇ ਚਿੱਤਰਪੱਟ 'ਤੇ ਲਿਆ ਸੁੱਟਿਆ। ਉਹ ਕੁਰਸੀ ਤੋਂ ਉੱਠ ਕੇ ਖਿੜਕੀ ਲਾਗੇ ਚਲਾ ਗਿਆ। ਇਹ ਰੇਲਵੇ ਸਟੇਸ਼ਨ ਢੋਆ-ਢੁਆਈ ਤੇ ਯਾਤਾਯਾਤ ਦਾ ਵੱਡਾ ਸਟੇਸ਼ਨ ਸੀ। ਹਰ ਰੋਜ਼ ਸੈਂਕੜੇ ਗੱਡੀਆਂ ਆਉਂਦੀਆਂ-ਜਾਂਦੀਆਂ ਸਨ। ਪਰ, ਏਥੋਂ ਦਾ ਸਾਰਾ ਸਾਜ਼ ਸਮਾਨ ਪੁਰਾਣਾ ਸੀ। ਇਉਂ ਲੱਗਦਾ ਸੀ ਜਿਵੇਂ ਛਿੰਗ ਰਾਜ-ਘਰਾਣੇ ਦੀ ਪੁਸ਼ਾਕ ਪਾਈ ਆਧੁਨਿਕ



ਲੋਕ ਖੜ੍ਹੇ ਹੋਣ। ਕਈ ਇੰਜਣ ਤਾਂ ਜਾਪਾਨੀ ਹਮਲੇ ਵਿਰੁੱਧ ਹੋਈ ਲੜਾਈ ਦੇ ਵੇਲੇ ਦੇ ਸਨ। ਸਾਹਮਣੇ ਇਕ ਭਾਫ ਵਾਲਾ ਇੰਜਣ ਖੜਾ ਸੀ। ਅਚਾਨਕ ਇਸ ਨੇ ਸੰਘਣਾ ਕਾਲਾ ਧੂੰਆ ਛੱਡਿਆ ਤੇ ਖਿੜਕੀ ਵਿਚੋਂ ਦੀ ਦਿਸਦੇ ਅੱਧੇ ਆਕਾਸ਼ ਨੂੰ ਢੱਕ ਲਿਆ।

ਲਿਊ ਨੇ ਆਪਣੇ ਆਪ ਨੂੰ ਕਿਹਾ, "ਉਹ..... ਐਸਾ ਪਿਛੜਾਪਨ, ਚੀਨ ਦੀ ਪਿਛੜੀ ਹਾਲਤ ਸਾਡੇ ਕਮਿਊਨਿਸਟਾਂ ਲਈ ਸ਼ਰਮ ਦੀ ਗੱਲ ਆ। ਲੋਕ ਸ਼ਰੇਆਮ ਝੂਠ ਬੋਲਦੇ ਨੇ ਤੇ ਕੁਝ ਲੋਕ ਇਸ ਝੂਠ ਨੂੰ ਸੁਣ ਕੇ ਖੁਸ਼ ਹੁੰਦੇ ਨੇ, ਇਸ 'ਤੇ ਯਕੀਨ ਕਰਦੇ ਨੇ। ਅਸਲ ਵਿਚ ਜੋ ਕੁਝ ਸੱਚ ਨਹੀਂ ਲੋਕ ਉਸਨੂੰ ਸੱਚ ਸਮਝੀ ਬੈਠੇ ਨੇ। ਲਾਅਨਤ ਐ ਉਹਨਾਂ ਲੋਕਾਂ 'ਤੇ। ਇਕ ਬਰਾਂਚ ਬਿਊਰੋ ਦੇ ਪ੍ਰਧਾਨ ਨੇ ਆਪਣੇ ਸਹਿਕਰਮੀਆਂ ਨੂੰ ਧੋਖਾ ਦਿੱਤਾ ਤੇ ਆਪਣੇ ਅਧਿਕਾਰੀਆਂ ਨੂੰ ਬੁੱਧੂ ਬਣਾਇਆ। ਲੋਕ ਸਾਡੇ ਬਾਰੇ ਕੀ ਸੋਚਣਗੇ ? ਪਾਰਟੀ ਦੀ ਪ੍ਰਤਿਸ਼ਠਾ ਪਹਿਲਾਂ ਹੀ ਘੱਟ ਐ, ਜੇ ਇਹੋ ਹਾਲ ਰਿਹਾ ਤਾਂ ਇਸ ਦੀ ਇੱਜ਼ਤ ਹੋਰ ਘਟ ਜਾਏਗੀ। ਲੋਕ ਸਾਡੇ 'ਤੇ ਵਿਸ਼ਵਾਸ ਕਰਨਾ ਛੱਡ ਦੇਣਗੇ। ਇਹ ਕਮਿਊਨਿਸਟ ਪਾਰਟੀ ਦੇ ਮੈਂਬਰ ਲਈ ਬਹੁਤ ਸ਼ਰਮ ਦੀ ਗੱਲ ਐ। ਪਾਇ ਮੈਂ ਤੈਨੂੰ ਅੱਜ ਫੜ ਲਿਆ ਐ, ਤੈਨੂੰ ਛੱਡਾਂਗਾ ਨਈਂ। ਪੂਰੀ ਸਖਤੀ ਕਰਾਂਗਾ ਤੇਰੇ ਨਾਲ ਤੇ ਬਿਊਰੋ ਬੁਲੇਟਨ ਵਿਚ ਇਸਦੀ ਰੀਪੋਰਟਿੰਗ ਕਰਾਂਗਾ।"

ਲਿਊ ਨੇ ਰਸੀਵਰ ਚੁੱਕਿਆ ਤੇ ਪਾਇ ਨੂੰ ਫੋਨ ਕੀਤਾ, "ਹੈਲੋ, ਮੈਂ ਪਾਇ ਨਾਲ ਗੱਲ ਕਰਨੀ ਚਾਹੁੰਨਾ...ਅੱਛਾ ਪਾਇ ਬੋਲਦੈਂ। ਤੂੰ ਆਪਣੀ ਨੌਕਰੀ ਬਦਲ ਸਕਦਾਂ....ਕੋਈ ਨਵੀਂ ਨੌਕਰੀ ਲੱਭ।...ਜਾਹ ਜਾ ਕੇ ਐਕਟਰ ਬਣ ਜਾ।....ਤੂੰ ਹੱਸਦੈਂ ? ਤੂੰ ਕਿੰਨਾ ਵਧੀਆ ਐਕਟਰ ਏਂ....। ਤੂੰ ਝੂਠ ਨੂੰ ਸੱਚ ਬਣਾਉਣ 'ਚ ਬੜਾ ਮਾਹਿਰ ਏ, ਲਾਅਨਤ ਐ...। ਮੈਂ ਤਾਂ ਤੇਰੀਆਂ ਸਾਰੀਆਂ ਈ ਗੱਲਾਂ 'ਤੇ ਯਕੀਨ ਕਰ ਲਿਆ! ਤੂੰ ਇਹ ਢੰਗ ਤਰੀਕੇ ਕਿਥੋਂ ਸਿੱਖੇ ? ....ਤੂੰ ਪਾਇਥਾ ਸਟੇਸ਼ਨ 'ਤੇ ਹੋਏ ਐਕਸੀਡੈਂਟ ਬਾਰੇ ਬਿਊਰੋ ਨੂੰ ਝੂਠੀ ਜਾਣਕਾਰੀ ਦਿੱਤੀ। ਕਮਿਊਨਿਸਟ ਪਾਰਟੀ ਦੇ ਇਕ ਮੈਂਬਰ ਨੇ ਦੂਜੇ ਨੂੰ ਧੋਖਾ ਦਿੱਤਾ...। ਮੈਂ ਪੂਰੇ ਮਾਮਲੇ ਦੀ ਛਾਣ ਬੀਣ ਕਰ ਲਈ ਹੈ। ਮੈਨੂੰ ਪਤਾ ਲੱਗਾ ਕਿ ਤੂੰ ਲਵੀ ਚਿਊਸ਼ਾਏ ਨੂੰ ਤੰਗ-ਪ੍ਰੇਸ਼ਾਨ ਵੀ ਕਰਨਾ ਚਾਹੁੰਨਾ, ਲਾਅਨਤ ਐ ਤੇਰੇ 'ਤੇ....। ਪਰ, ਮੈਂ ਲਵੀ ਦੇ ਨਾਲ ਆਂ। ਤੇਰੇ ਗਾਲੜੀ ਸਟੇਸ਼ਨ ਮਾਸਟਰ ਨੂੰ ਬਰਖਾਸਤ ਕਰ ਦਿੱਤਾ ਜਾਏਗਾ ਤੇ...ਤੇ.... ਤੈਨੂੰ ਵੀ ਸਜ਼ਾ ਭੁਗਤਣੀ ਪਵੇਗੀ।" ਫੂਨ 'ਤੇ ਪਾਇ ਦਲੀਲਾਂ ਦੇਣ ਦੇ ਨਾਲ ਨਾਲ ਐਧਰ-ਓਧਰ ਦੀਆਂ ਵੀ ਮਾਰਦਾ ਰਿਹਾ। ਲਿਊ ਨੇ ਰਸੀਵਰ ਮੇਜ਼ 'ਤੇ ਸੁੱਟਿਆ ਤੇ ਕਮਰੇ ਦਾ ਇਕ ਚੱਕਰ ਲਾ ਕੇ ਮੁੜ ਚੁੱਕ ਲਿਆ, "ਲਾਓ ਪਾਇ ਕੀ ਤੂੰ ਅਜੇ ਵੀ ਕਮਿਊਨਿਸਟ ਪਾਰਟੀ ਦਾ ਮੈਂਬਰ ਐਂ ? ਠੀਕ ਐ...ਆਪਣੀ ਕੀਤੀ ਦਾ ਨਤੀਜਾ ਭੁਗਤਣ ਨੂੰ ਤਿਆਰ ਹੋ ਜਾ।" ਏਨਾ ਕਹਿ ਕੇ ਲਿਊ ਨੇ ਰਸੀਵਰ ਰੱਖ ਦਿੱਤਾ।

ਉਸੇ ਸ਼ਾਮ ਬਿਊਰੋ ਪਾਰਟੀ ਸੈਲ ਦੀ ਇਕ ਵਿਸ਼ੇਸ਼ ਇਕੱਤਰਤਾ ਅਤੇ ਦੁਰਘਟਨਾ ਦੀ ਸਹੀ ਜਾਣਕਾਰੀ ਨਾ ਦੇਣ ਕਾਰਨ ਪੇਸ਼ਾਂਗ ਬਰਾਂਚ ਬਿਊਰੋ ਨੂੰ ਸਜ਼ਾ ਦੇਣ ਸੰਬੰਧੀ ਫੈਸਲਾ ਲੈ ਲਿਆ ਗਿਆ। ਕੁਝ ਮੈਂਬਰਾਂ ਨੇ ਮਹਿਸੂਸ ਕੀਤਾ ਕਿ ਸਜ਼ਾ ਕੁਝ ਜ਼ਿਆਦਾ ਅਤੇ ਸਖਤ ਐ। ਇਹ ਏਕਤਾ ਅਤੇ ਸਥਿਰਤਾ ਕਾਇਮ ਕਰਨ ਦੇ ਯਤਨਾਂ ਨੂੰ ਪ੍ਰਭਾਵਿਤ ਕਰ ਸਕਦੀ ਐ। ਪਰ, ਲਿਊ ਆਪਣੀ ਥਾਂ ਅੜਿਆ ਰਿਹਾ। ਉਹਨੇ ਕਿਹਾ, "ਸਜ਼ਾ ਅਤੇ ਏਕਤਾ-ਸਥਿਰਤਾ ਦੋ ਵੱਖ-ਵੱਖ ਮੁੱਦੇ ਹਨ। ਇਹਨਾਂ ਉੱਪਰ ਪਹਿਲ ਦੇ ਆਧਾਰ 'ਤੇ ਵਿਚਾਰ-ਵਟਾਂਦਰਾ ਹੋਣਾ ਚਾਹੀਦਾ। ਪ੍ਰੰਤੂ ਅਨੁਸ਼ਾਸਨ ਬਣਾਈ ਰੱਖਣ ਲਈ ਪਾਇ ਨੂੰ ਸਖ਼ਤ ਚਿਤਾਵਨੀ ਦੇਣੀ ਚਾਹੀਦੀ ਐ ਤੇ ਉਸਦੀ ਫਾਈਲ ਅੰਦਰ ਦਰਜ ਹੋਣੀ ਚਾਹੀਦੀ ਐ।" ਉਸਦੇ ਕਹਿਣ 'ਤੇ, ਪਾਇਥਾ ਰੇਲਵੇ ਸਟੇਸ਼ਨ ਦੇ ਸਟੇਸ਼ਨ ਮਾਸਟਰ ਤੇ ਪੇਸ਼ਾਂਗ ਸ਼ਾਖਾ ਬਿਊਰੋ ਦੇ ਸੁਰੱਖਿਆ ਕਰਮੀਆਂ ਦੇ ਪ੍ਰਧਾਨ ਨੂੰ ਬਰਖਾਸਤ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਲਵੀ ਚਿਊਸ਼ਾਏ ਨੂੰ ਪੰਜ ਸੌ ਰੁਪਏ ਇਨਾਮ ਦਿੱਤਾ ਗਿਆ ਤੇ ਨਾਲ ਹੀ

ਇਹ ਫ਼ੈਸਲਾ ਵੀ ਲਿਆ ਗਿਆ ਕਿ ਇਸ ਕਾਰਵਾਈ ਨੂੰ ਬਿਊਰੋ-ਬੁਲੇਟਨ ਵਿਚ ਛਾਪਿਆ ਜਾਏਗਾ।

ਇਕੱਤਰਤਾ ਤੋਂ ਪਿਛੋਂ ਲਿਊ ਕਾਫੀ ਥੱਕਿਆ-ਥੱਕਿਆ ਮਹਿਸੂਸ ਕਰ ਰਿਹਾ ਸੀ। ਉਸਦੀ ਕਮਰ ਵਿਚ ਥੋੜ੍ਹਾ ਦਰਦ ਸੀ। ਉਹ ਪਿੱਠ ਘੁੱਟਦਾ ਆਪਣੇ ਦਫਤਰ ਪਰਤਿਆ। ਅਜੇ ਉਹ ਕੁਰਸੀ 'ਤੇ ਬੈਠਿਆ ਹੀ ਸੀ ਕਿ ਰੇਲਵੇ ਮਜ਼ਦੂਰਾਂ ਵਾਲੀ ਵਰਦੀ ਪਾਈ ਇਕ ਅਜਨਬੀ ਅੰਦਰ ਆਇਆ। ਉਸ ਨੇ ਆਪਣੀ ਟੋਪੀ ਲਾਹੀ। ਉਸ ਦੇ ਵਾਲ ਚਿੱਟੇ ਸਨ ਤੇ ਚਿਹਰੇ 'ਤੇ ਝੁਰੜੀਆਂ ਸਨ। ਟੋਪੀ ਹੱਥ 'ਚ ਫੜੀ ਉਹ ਲਿਊ ਦੇ ਲਾਗੇ ਹੋਇਆ ਤੇ ਬੋਲਿਆ, "ਮੈਂ ਡਾਇਰੈਕਟਰ ਲਿਊ ਨੂੰ ਮਿਲਣਾ ਚਾਹੁੰਨਾਂ...।"

"ਮੈਂ ਈ ਆਂ, ਬਹਿ ਜਾ," ਲਿਊ ਨੇ ਸਾਹਮਣੇ ਵਾਲੀ ਕੁਰਸੀ ਵੱਲ ਇਸ਼ਾਰਾ ਕਰਦਿਆਂ ਕਿਹਾ, ਪਰ ਬੁੱਢਾ ਆਦਮੀ ਬੈਠਾ ਨਹੀਂ।

"ਮੇਰਾ ਨਾ ਲਵੀ ਚਿਊਸ਼ਾਏ ਐ, ਮੈਂ ਪਾਇਥਾ ਰੇਲਵੇ ਸਟੇਸ਼ਨ 'ਤੇ ਪੋਟਮੈਨ ਆਂ," ਬੁੱਢੇ ਆਦਮੀ ਨੇ ਹੌਲੀ ਆਵਾਜ਼ ਵਿਚ ਕਿਹਾ।

ਲਿਊ ਸਹਿਜ ਨਾਲ ਆਪਣੀ ਕੁਰਸੀ ਤੋਂ ਉਠਿਆ ਤੇ ਬੜੇ ਸਤਿਕਾਰ ਨਾਲ ਉਸਨੂੰ ਪੁੱਛਿਆ, "ਕੀ ਤੂੰ ਕਮਿਊਨਿਸਟ ਪਾਰਟੀ ਦਾ ਮੈਂਬਰ ਐਂ....?"

"ਹਾਂ, ਮੈਂ 1950 'ਚ ਪਾਰਟੀ ਦੀ ਮੈਂਬਰਸ਼ਿਪ ਲਈ ਸੀ।"

"ਮੈਂ ਵੀ ਹਾਂ, ਮੈਂ 1942 ਤੋਂ ਮੈਂਬਰਸ਼ਿਪ ਲਈ ਸੀ।" ਦੋਨੋਂ ਚੁੱਪ ਹੋ ਗਏ। ਉਹਨਾਂ ਮਹਿਸੂਸ ਕੀਤਾ ਕਿ ਬੋਲਣ ਦੀ ਜ਼ਰੂਰਤ ਨਹੀਂ, ਚੁੱਪ ਰਹਿਣਾ ਹੀ ਠੀਕ ਹੈ। ਉਹਨਾਂ ਲਈ ਜਿਵੇਂ ਭਾਸ਼ਾ ਦੀ ਸ਼ਕਤੀ ਸੀਮਤ ਸੀ, ਉਹਨਾਂ ਦੀਆਂ ਭਾਵਨਾਵਾਂ ਦੀ ਸ਼ਕਤੀ ਅਸੀਮ ਸੀ। ਦੋਨਾਂ ਨੇ ਇਕ ਦੂਜੇ ਵੱਲ ਧਿਆਨ ਨਾਲ ਦੇਖਿਆ। ਦੋਨੋਂ ਇਕ ਦੂਜੇ ਵਿਚੋਂ ਸੱਚੇ ਕਮਿਊਨਿਸਟ ਹੋਣ ਦੀ ਛਵੀ ਦੇਖ ਰਹੇ ਸਨ। ਅਚਾਨਕ ਲਿਊ ਨੇ ਬੁੱਢੇ ਮਜ਼ਦੂਰ ਨੂੰ ਗਲੇ ਲਾਇਆ ਤੇ ਭਾਰੀ ਆਵਾਜ਼ ਵਿਚ ਕਿਹਾ, "ਕਾਮਰੇਡ ਤੁਸੀਂ ਸੱਚ-ਮੁੱਚ ਬਹੁਤ ਚੰਗੇ ਇਨਸਾਨ ਹੋ।" ਫਿਰ ਆਪਣੇ ਆਪ ਨੂੰ ਸੰਭਾਲਦਿਆਂ ਉਸਨੂੰ ਪੁੱਛਿਆ, "ਹੁਣ ਤੁਹਾਡੀ ਉਮਰ ਕਿੰਨੀ ਐ ?"

"ਉਨਾਠ ਸਾਲ ਚਾਰ ਮਹੀਨੇ।"

"ਤੁਸੀਂ ਮੇਰੇ ਤੋਂ ਇਕ ਵਰ੍ਹਾ ਵੱਡੇ ਹੋ, ਤੁਸੀਂ ਮੇਰੇ ਵੱਡੇ ਭਰਾ ਹੋ....ਹਾਂ ਵੱਡਾ ਭਰਾ!" ਲਿਊ ਨੇ ਬਹੁਤ ਖ਼ੁਸ਼ ਹੁੰਦਿਆਂ ਕਿਹਾ। ਫਿਰ ਉਸਨੇ ਬੁੱਢੇ ਮਜ਼ਦੂਰ ਦੇ ਸਫੈਦ ਵਾਲਾਂ ਤੇ ਚਿਹਰੇ ਦੀਆਂ ਝੁਰੜੀਆਂ ਦੇਖ ਕੇ ਉਦਾਸ ਹੁੰਦਿਆਂ ਕਿਹਾ, "ਕਿੰਨੇ ਦੁੱਖ ਦੀ ਗੱਲ ਐ। ਕਾਸ਼, ਤੁਸੀਂ ਦਸ ਨਹੀਂ ਘੱਟੋ-ਘੱਟ ਪੰਜ ਸਾਲ ਜ਼ਰੂਰ ਛੋਟੇ ਹੁੰਦੇ! ਸਾਨੂੰ ਅਨੇਕਾਂ ਥਾਵਾਂ 'ਤੇ ਤੁਆਡੇ ਵਰਗੇ ਇਮਾਨਦਾਰ ਬੰਦਿਆਂ ਦੀ ਜ਼ਰੂਰਤ ਐ।"

ਬੁੱਢੇ ਮਜ਼ਦੂਰ ਨੇ ਆਪਣਾ ਸਿਰ ਹਿਲਾਇਆ। ਉਹ ਕੰਬਦੀ ਆਵਾਜ਼ 'ਚ ਬੋਲਿਆ, "ਹੁਣ ਮੈਂ ਛੋਟਾ ਤਾਂ ਹੋ ਨਈਂ ਸਕਦਾ, ਇਹ ਤਾਂ ਅਸੰਭਵ ਐ। ਪਰ ਨੌਜਵਾਨਾਂ ਦੀ ਮਦਦ ਜ਼ਰੂਰ ਕਰਾਂਗਾ, ਜਿਸ ਨਾਲ ਉਹ ਯਥਾਯੋਗ ਤੇ ਪ੍ਰਪੱਕ ਹੋ ਜਾਣ...। ਇਹ ਗੱਲ ਤੁਹਾਡੇ 'ਤੇ ਨਿਰਭਰ ਕਰਦੀ ਐ।"

ਲਿਊ ਨੇ ਸਹਿਮਤੀ ਪ੍ਰਗਟਾਈ।

ਬੁੱਢੇ ਮਜ਼ਦੂਰ ਨੇ ਆਪਣੀ ਗੱਲ ਜਾਰੀ ਰੱਖੀ, "ਮੈਂ ਅਗਲੇ ਸਾਲ ਰੀਟਾਇਰ ਹੋ ਜਾਣਾ ਐ। ਪਿਛਲੇ 32 ਵਰ੍ਹਿਆਂ ਤੋਂ ਰੇਲਵੇ ਵਿਭਾਗ 'ਚ ਕੰਮ ਕਰ ਰਿਹਾਂ। ਮੈਨੂੰ ਪਤਾ ਐ ਕਿ ਸਵਿੱਚ ਰੂਮ 'ਚ ਕਿੰਨੇ ਪੱਥਰ ਲੱਗੇ ਹੋਏ ਹਨ। ਮੈਂ ਕੰਮ ਨਹੀਂ.....।"

ਲਿਊ ਬੇਚੈਨ ਸੀ। ਉਹ ਕਮਿਊਨਿਸਟ ਪਾਰਟੀ ਦੇ ਇਸ ਪੁਰਾਣੇ ਮੈਂਬਰ ਪ੍ਰਤੀ ਆਦਰ ਵਿਅਕਤ ਕਰਨਾ ਚਾਹੁੰਦਾ ਸੀ। ਉਸਨੂੰ ਫਿਰ ਆਪਣੀ ਛਾਤੀ ਨਾਲ ਘੁੱਟਦਿਆਂ ਉਹਨੇ ਕਿਹਾ, "ਅੱਜ ਰਾਤ ਤੁਸੀਂ ਸਾਡੇ ਹੋਸਟਲ 'ਚ ਠਹਿਰੋ, ਕੱਲ੍ਹ ਚਲੇ ਜਾਣਾ...।"



ਬੁੱਢੇ ਮਜ਼ਦੂਰ ਦਾ ਉੱਤਰ ਸੁਣੇ ਬਿਨਾਂ ਉਸ ਨੇ ਫੋਨ ਕਰ ਦਿੱਤਾ–"ਹੈਲੋ ਮੈਂ ਲਿਊਤਾਸ਼ਾਨ ਬੋਲ ਰਿਹਾਂ। ਅੱਜ ਸਾਡਾ ਇਕ ਮਹਿਮਾਨ ਰਾਤ ਏਥੇ ਠਹਿਰੇਗਾ। ਉਸ ਲਈ ਖਾਣਾ...। ਕੀ ? ਕਿਹੜੀ ਸ਼੍ਰੇਣੀ ਦਾ ਵਰਕਰ ਐ ? ਇਕ ਮਿੰਟ....।" ਰੀਸੀਵਰ ਦੇ ਮੂੰਹ ਨੂੰ ਹੱਥ ਨਾਲ ਢਕ ਕੇ ਲਿਊ ਨੇ ਮੁਸਕਰਾਉਂਦਿਆਂ ਲਵੀ ਚਿਊਸ਼ਾਏ ਨੂੰ ਕਿਹਾ, "ਉਹ ਤੁਆਡੀ ਸ਼੍ਰੇਣੀ ਪੁੱਛਦੇ ਆ....।"

"ਮੈਂ ਕੇਵਲ ਮਜ਼ਦੂਰ ਆਂ", ਲਵੀ ਨੇ ਉੱਤਰ ਦਿੱਤਾ। ਲਿਊ ਨੇ ਫੂਨ 'ਤੇ ਦੱਸਿਆ–"ਸ਼੍ਰੇਣੀ ? ਉਹ ਮੇਰਾ ਅਫਸਰ ਐ, ਵੱਡਾ ਅਧਿਕਾਰੀ।"

## IV

ਉਸ ਰਾਤ ਦਸ ਵਜੇ ਲਿਊ ਤਾਸ਼ਾਨ ਖਾਲੀ ਪੇਟ ਘਰ ਪੁੱਜਾ। ਉਸਦੀ ਪਤਨੀ ਨੇ ਉਸ ਲਈ ਸ਼ਰਾਬ ਗਰਮ ਕੀਤੀ ਹੋਈ ਸੀ। ਥੱਕਿਆ ਹੋਣ ਦੇ ਬਾਵਜੂਦ ਉਹ ਬੜਾ ਖ਼ੁਸ਼-ਖ਼ੁਸ਼ ਦਿਸ ਰਿਹਾ ਸੀ। ਆਪਣੀ ਬੁੱਢੀ ਪਤਨੀ ਨੂੰ ਦੇਖ ਕੇ ਉਹ ਮੁਸਕਰਾਇਆ।

ਕਈ ਵਰ੍ਹੇ ਪਹਿਲਾਂ ਲਿਊ ਇਕ ਪਿੰਡ ਦੀ ਕੁੜੀ ਨੂੰ ਪਿਆਰ ਕਰਦਾ ਸੀ। ਪਰ ਉਸਦੇ ਪ੍ਰੇਮ ਦਾ ਭੇਤ ਖੁੱਲ੍ਹ ਜਾਣ 'ਤੇ ਉਸਦੇ ਕਮਾਂਡਰ ਨੇ ਉਸ ਨੂੰ ਸਾਵਧਾਨ ਕਰਦਿਆਂ ਕਿਹਾ ਸੀ–'ਅਸੀਂ ਅਜੇ ਲੜਾਈ ਲੜ ਰਹੇ ਆਂ, ਏਹ ਵਿਆਹ ਕਰਨ ਦਾ ਸਮਾਂ ਨਹੀਂ। ਲੜਾਈ ਮੁੱਕੀ ਤੇ ਦੇਖ ਲੈਣਾ।' ਭਾਵੇਂ ਲਿਊ ਨੂੰ ਉਹ ਥਾਂ ਛੱਡਣੀ ਪਈ ਸੀ, ਪਰ ਉਸਦਾ ਦਿਲ ਉਸੇ ਥਾਂ ਰਿਹਾ ਸੀ। 1950 ਵਿਚ ਸੈਨਾ ਤੋਂ ਸੇਵਾ ਮੁਕਤ ਹੋ ਕੇ ਉਹ ਇਕ ਵਾਰ ਫਿਰ ਉਸੇ ਲੜਕੀ ਦੀ ਭਾਲ ਵਿਚ ਉਸਦੇ ਪਿੰਡ ਗਿਆ। ਪਿੰਡੋਂ ਪਤਾ ਲੱਗਾ ਕਿ ਉਹ ਤਾਂ ਵਿਆਹੀ ਗਈ ਐ ਤੇ ਮਾਂ ਬਨਣ ਵਾਲੀ ਐ। ਇਹ ਸੁਣ ਕੇ ਉਹ ਘਾਇਲ ਹੋਏ ਸ਼ੇਰ ਦੀ ਤਰ੍ਹਾਂ ਉਥੋਂ ਵਾਪਸ ਪਰਤਿਆ ਤੇ ਆਪਣੇ ਪਿੰਡ ਚਲਾ ਗਿਆ। ਪਿੰਡ ਪਹੁੰਚ ਕੇ ਉਸ ਨੇ ਜਿਸ ਲੜਕੀ ਨਾਲ ਸ਼ਾਦੀ ਕੀਤੀ ਉਹ ਹੁਣ ਉਸਦੀ ਪਤਨੀ ਸੀ। ਉਸਦੀ ਪਹਿਲੀ ਪ੍ਰੇਮਿਕਾ ਜਿੰਨੀ ਉਸਦੀ ਪਤਨੀ ਸੁੰਦਰ ਤਾਂ ਭਾਵੇਂ ਨਹੀਂ ਸੀ, ਪਰ ਇਮਾਨਦਾਰ, ਸਿੱਧੀ-ਸਾਧੀ ਤੇ ਪਤੀ ਬਰਤਾ ਸੀ। ਹੌਲੀ ਹੌਲੀ ਉਸਦਾ ਪਤਨੀ ਨਾਲ ਪਿਆਰ ਵਧਦਾ ਗਿਆ ਤੇ ਉਹ ਉਸਦਾ ਹੀ ਹੋ ਕੇ ਰਹਿ ਗਿਆ। ਉਸਨੂੰ ਮਹਿਸੂਸ ਹੋਣ ਲੱਗ ਪਿਆ ਕਿ ਹੁਣ ਉਹ ਉਸਨੂੰ ਛੱਡ ਨਹੀਂ ਸਕਦਾ।

ਲਿਊ ਨੇ ਸ਼ਰਾਬ ਪੀਤੀ। ਪਤਨੀ ਲਾਗੇ ਬੈਠੀ ਸੀ। ਉਹ ਵੀ ਪਤੀ ਨੂੰ ਕੋਈ ਫਰਮਾਇਸ਼ ਪਾਉਣ ਦਾ ਸਮਾਂ ਲੱਭ ਰਹੀ ਸੀ। ਅੱਧੇ ਕੁ ਘੰਟੇ ਤੋਂ ਸ਼ਰਾਬ ਪੀਂਦੇ ਲਿਊ ਦਾ ਚਿਹਰਾ ਹੋਰ ਵੀ ਲਾਲ ਲਾਲ ਦਿਸਣ ਲੱਗ ਪਿਆ। ਉਸ ਵਲ ਦੇਖਦਿਆਂ ਪਤਨੀ ਨੇ ਕਿਹਾ, "ਤੂੰ ਫਿਰ ਉਹੀ ਗੱਲ ਕੀਤੀ। ਉਹੋ ਪੁਰਾਣੀ ਗਲਤੀ।"

"ਕੇੜ੍ਹੀ ਗਲਤੀ," ਲਿਊ ਨੇ ਗਲਾਸ ਮੂੰਹ ਨੂੰ ਲਾਉਂਦਿਆਂ ਕਿਹਾ।

"ਕੇੜ੍ਹੀ ਗਲਤੀ!" ਤੁਹਾਡੀ ਗੁੱਸੈਖੋਰ ਆਦਤ। ਤੁਸੀਂ ਲਾਓ ਪਾਇ ਨੂੰ ਸਜ਼ਾ ਕਿਉਂ ਦਿੱਤੀ ?"

ਲਿਊ ਨੇ ਪਤਨੀ ਵਲ ਘੂਰ ਕੇ ਦੇਖਿਆ। ਹੱਥਲਾ ਪੈਗ ਮੇਜ਼ 'ਤੇ ਰੱਖਦਿਆਂ ਜ਼ੋਰ ਦੀ ਕੜਕਿਆ, "ਤੀਮੀਆਂ ਨੂੰ ਰਾਜਨੀਤੀ 'ਚ ਦਖਲ-ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਜਦੋਂ ਤੀਮੀਆਂ ਰਾਜਨੀਤੀ 'ਚ ਦਖ਼ਲ-ਅੰਦਾਜ਼ੀ ਕਰਦੀਆਂ ਆਂ ਤਾਂ ਸਭ ਕੁਝ ਗੜਬੜ ਹੋ ਜਾਂਦਾ।"

ਪਤਨੀ ਨੂੰ ਪਤਾ ਸੀ ਕਿ ਸ਼ਰਾਬ ਪੀਣ ਪਿਛੋਂ ਵੀ ਲਿਊ ਸੰਤੁਲਤ ਮਾਨਸਿਕ ਅਵਸਥਾ 'ਚ ਹੀ ਰਹਿੰਦਾ। ਉਸਨੇ ਸਮਝਾਉਣ ਦੇ ਇਰਾਦੇ ਨਾਲ ਕਿਹਾ, "ਸਭਿਆਚਾਰਕ ਇਨਕਲਾਬ ਤੋਂ ਮਿਲਿਆ ਸਬਕ ਭੁੱਲੋ ਨਾ....।"

ਲਿਊ ਨੇ ਉੱਚੀ ਆਵਾਜ਼ 'ਚ ਜਿਵੇਂ ਕਿਸੇ ਤਰੰਨਮ ਵਿਚ ਉੱਤਰ ਦਿੱਤਾ ਹੋਵੇ, "ਜੇ ਇਕ ਹੋਰ ਸਭਿਆਚਾਰਕ ਇਨਕਲਾਬ ਵੀ ਹੋ ਜਾਏ, ਤਾਂ ਵੀ ਮੈਂ ਗੰਦੇ ਬੰਦਿਆਂ ਨੂੰ ਮਨਮਾਨੀ ਕਰਨ ਦੀ ਆਗਿਆ

ਨਹੀਂ ਦੇਵਾਂਗਾ। ਮਰਨ ਤੋਂ ਪਿਛੋਂ ਹੀ ਹਾਰ ਮੰਨਾਗਾ....।"

"ਨਹੀਂ! ਤੁਹਾਨੂੰ ਲਾਓ ਪਾਇ ਦੀ ਮਦਦ ਕਰਨੀ ਚਾਹੀਦੀ ਐ ਤੇ ਉਸਨੂੰ ਦਿੱਤੀ ਸਜ਼ਾ 'ਤੇ ਮੁੜ ਵਿਚਾਰ ਕਰਨੀ ਚਾਹੀਦੀ ਐ।"

ਇਹ ਸੁਣਦਿਆਂ ਸਾਰ ਲਿਊ ਨੇ ਬਾਹਾਂ ਚਾੜ੍ਹ ਲਈਆਂ ਤੇ ਬੜੀ ਹੀ ਰੁੱਖੀ ਸੁਰ 'ਚ ਕਿਹਾ, "ਮੈਂ ਕੁਛ ਵੀ ਨਹੀਂ ਕਰਾਂਗਾ। ਉਸਨੂੰ ਦਿੱਤੀ ਸਜ਼ਾ ਦਾ ਪ੍ਰਸਤਾਵ ਮੈਂ ਹੀ ਪਾਰਟੀ ਕਮੇਟੀ ਅੱਗੇ ਰੱਖਿਆ ਸੀ, ਮੈਂ....!"

"ਤਾਂ ਕੀ ਹੋਇਆ..." ਉਸਦੀ ਪਤਨੀ ਵੀ ਆਪਣੀ ਥਾਂ ਅੜੀ ਰਹੀ।

ਲਿਊ ਨੇ ਹਥਲਾ ਪੈਗ ਪਰ੍ਹਾਂ ਕਰ ਦਿੱਤਾ। ਹੁਣ ਉਸਦੀ ਸ਼ਰਾਬ ਪੀਣ ਦੀ ਇੱਛਾ ਹੀ ਨਹੀਂ ਸੀ ਰਹੀ—"ਹੁਣ ਜੇ ਤੂੰ ਇਕ ਵੀ ਸ਼ਬਦ ਹੋਰ ਬੋਲਿਆ ਤਾਂ ਮੈਂ ਤੈਨੂੰ ਤਲਾਕ ਦੇ ਦਿਆਂਗਾ, ਲਾਅਨਤ ਐ ਤੇਰੇ 'ਤੇ।"

ਉਸਦੀ ਪਤਨੀ ਤੋਂ ਇਹ ਝਾੜ ਝੰਬ ਬਰਦਾਸ਼ਤ ਨਾ ਹੋਈ। ਉਹ ਉੱਠ ਕੇ ਦੂਜੇ ਅੰਦਰ ਜਾ ਕੇ ਰੋਣ ਲੱਗ ਪਈ। ਲਿਊ ਥੋੜ੍ਹਾ ਕੁ ਚਿਰ ਚੁੱਪ ਚਾਪ ਬੈਠਾ, ਸੋਚਦਾ ਰਿਹਾ-'ਸੱਚ, ਮੇਰੇ 'ਤੇ ਗੁਰੀਲਾ-ਆਦਤ ਸਵਾਰ ਹੋ ਗਈ ਐ।' ਉਹ ਵੀ ਉੱਠ ਕੇ ਅੰਦਰ ਚਲੇ ਗਿਆ ਤੇ ਪਿਆਰ ਨਾਲ ਪਤਨੀ ਨੂੰ ਗਲੇ ਲਾਉਂਦਿਆਂ ਕਿਹਾ, "ਮੁਆਫ਼ ਕਰਦੇ; ਮੈਨੂੰ ਗੁੱਸਾ ਆ ਗਿਆ ਸੀ। ਦੁਨੀਆ ਭਰ ਦੀਆਂ ਜੁਆਨ ਲੜਕੀਆਂ ਵੀ ਮੈਨੂੰ ਤੈਥੋਂ ਜੁਦਾ ਨਹੀਂ ਕਰ ਸਕਦੀਆਂ। ਤੂੰ ਤਾਂ ਮੇਰਾ ਹੀਰਾ ਐਂ, ਕੀਮਤੀ ਖ਼ਜ਼ਾਨਾ...।"

ਪਤਨੀ ਨੇ ਝੱਟ ਦੇਣੀ ਦਰਵਾਜ਼ੇ ਵੱਲ ਦੇਖਿਆ। ਘਬਰਾਈ ਹੋਈ ਪਤੀ ਦੀਆਂ ਬਾਹਾਂ 'ਚੋਂ ਆਪਣੇ ਆਪ ਨੂੰ ਛਡਾਉਂਦੀ ਬੋਲੀ, "ਹਟੋ ਵੀ, ਜੇ ਪੋਤੀ ਨੇ ਦੇਖ ਲਿਆ ਤਾਂ....।"

ਬਾਹਰ ਦਰਵਾਜ਼ੇ 'ਤੇ ਹਲਕੀ ਜਿਹੀ ਦਸਤਕ ਸੁਣਾਈ ਦਿੱਤੀ। ਲਿਊ ਪਤਨੀ ਸਮੇਤ ਬਾਹਰ ਆ ਗਿਆ। ਦਰਵਾਜ਼ਾ ਖੋਲ੍ਹਿਆ ਤਾਂ ਇਕ ਨੌਜਵਾਨ ਨੀਵੀਂ ਪਾਈ ਅੰਦਰ ਆ ਵੜਿਆ। ਉਸਦੀ ਉਮਰ ਤੀਹਾਂ ਕੁ ਵਰ੍ਹਿਆਂ ਦੀ ਸੀ। ਪਤਲੇ-ਦੁਬਲੇ, ਛੋਟੇ ਜਿਹੇ ਗੋਰੇ ਚਿਹਰੇ ਵਾਲੇ ਨੌਜਵਾਨ ਦੇ ਮੋਢੇ 'ਤੇ ਇਕ ਵੱਡਾ ਸਾਰਾ ਥੈਲਾ ਲਟਕ ਰਿਹਾ ਸੀ।

ਲਿਊ ਨੇ ਪੁੱਛਿਆ, ਕਿਨੂੰ ਲੱਭਦਾ ਆਂ...?"

ਨੌਜਵਾਨ ਨੇ ਕੋਈ ਉੱਤਰ ਨਾ ਦਿੱਤਾ। ਅਚਾਨਕ ਆਪਣਾ ਮੂੰਹ ਢੱਕ ਕੇ ਰੋਣ ਲੱਗ ਪਿਆ। ਲਿਊ ਨੂੰ ਬੜਾ ਅਜੀਬ ਲੱਗਾ। ਉਸਨੇ ਨੌਜਵਾਨ ਨੂੰ ਬੈਠਣ ਲਈ ਕੁਰਸੀ ਦਿੱਤੀ ਤੇ ਪੁੱਛਿਆ—"ਕੀ ਗੱਲ ਐ, ਮੈਨੂੰ ਦੱਸ....।"

"ਮੈਂ ਪਾਇਥਾ ਰੇਲਵੇ ਸਟੇਸ਼ਨ ਦਾ ਸਟੇਸ਼ਨ-ਮਾਸਟਰ ਸੀ, ਪਰ ਹੁਣ ਨਹੀਂ ਹਾਂ....ਮੈਂ ਇਕ ਗਲਤੀ ਕੀਤੀ...।" ਉਹ ਇਸ ਤਰ੍ਹਾਂ ਸਿਸਕੀਆਂ ਭਰ ਰਿਹਾ ਸੀ, ਜਿੱਦਾਂ ਉਸਦਾ ਮਾਂ-ਪਿਓ ਹੁਣੇ ਹੁਣੇ ਮਰਿਆ ਹੋਵੇ।

ਭਾਵੇਂ ਲਿਊ ਬੜਾ ਅਨੁਭਵੀ ਵਿਅਕਤੀ ਸੀ, ਪਰ ਇਸ ਵਚਿੱਤਰ ਦ੍ਰਿਸ਼ ਨੇ ਉਸਨੂੰ ਭਾਵੁਕ ਕਰ ਦਿੱਤਾ। ਉਸਨੇ ਨੌਜਵਾਨ ਨੂੰ ਅੱਗਿਓਂ-ਪਿੱਛਿਓਂ ਇਕ ਵਾਰ ਫਿਰ ਦੇਖਿਆ। ਉਸਦੇ ਸਾਹਮਣੇ ਰੁਕ ਕੇ ਕਿਹਾ, "ਹੋਸ਼ ਕਰ ਤੇ ਸ਼ਰਮ ਕਰ! ਕੀ ਤੂੰ ਆਪਣੀ ਨੌਕਰੀ ਖੁਸ ਜਾਣ ਤੇ ਰੋਂਦਾ ਐਂ, ਜਾਂ ਆਪਣੀ ਗ਼ਲਤੀ ਦਾ ਪਛਤਾਵਾ ਕਰ ਰਿਹਾ? ਤਮਾਸ਼ਾ ਨਾ ਕਰ। ਰੋਣ ਨਾਲ ਕੀ ਤੇਰੀ ਨੌਕਰੀ ਬਹਾਲ ਹੋ ਜੂ ਗੀ? ਇਹ ਨਾ ਸੋਚ ਮੈਂ ਦਿਆਲੂ-ਬੁੱਧੂ ਆਂ।"

ਨੌਜਵਾਨ ਥੋੜ੍ਹਾ ਕੁ ਚਿਰ ਹੋਰ ਸਿਸਕੀਆਂ ਭਰਦਾ ਰਿਹਾ, ਫਿਰ ਚੁੱਪ ਹੋ ਗਿਆ। ਲਿਊ ਨੂੰ ਹਾਸਾ ਆ ਗਿਆ। ਉਸਨੇ ਮਨ ਹੀ ਮਨ ਸੋਚਿਆ, 'ਕਿੰਨਾ ਵਧੀਆ ਐਕਟਰ ਐ! ਪਿਛਲੇ ਦਸਾਂ ਸਾਲਾਂ 'ਚ ਇਹੋ ਜਿਹੇ ਕਿੰਨੇ ਐਕਟਰਾਂ ਨੂੰ ਟਰੇਨਿੰਗ ਦਿੱਤੀ ਗਈ ਐ।'

ਨੌਜਵਾਨ ਨੇ ਆਪਣੇ ਚਿਹਰੇ ਤੋਂ ਆਪਣੇ ਹੱਥ ਹਟਾ ਲਏ। ਭਾਵੇਂ ਉਸਦੀਆਂ ਅੱਖਾਂ ਲਾਲ ਸਨ ਪਰ



ਹੰਝੂ ਇਕ ਵੀ ਨਹੀਂ ਸੀ। ਉਸਨੇ ਝਟਕਾ ਜਿਹਾ ਮਾਰਕੇ ਲਿਊ ਵੱਲ ਦੇਖਿਆ ਤੇ ਨਾ ਚਾਹੁੰਦਿਆ ਹੋਇਆ ਹੀ ਲਿਊ ਨੂੰ ਕਿਹਾ, "ਨਿਰਦੇਸ਼ਕ ਲਿਊ, ਜੇ ਤੁਸੀਂ ਏਦਾਂ ਹੀ ਕਰਦੇ ਰਹੇ ਤਾਂ....!"

"ਫੇਅਰ ਕੀ ਹੋਊ, ਦੱਸ? ਚੁੱਪ ਕਿਉਂ ਹੋ ਗਿਆਂ....?"

ਨੌਜਵਾਨ ਨੇ ਡੂੰਘਾ ਸਾਹ ਭਰਿਆ ਜਿਵੇਂ ਲਿਊ ਪ੍ਰਤੀ ਦੁੱਖ ਪ੍ਰਗਟ ਕਰ ਰਿਹਾ ਹੋਵੇ।

ਲਿਊ ਹੱਸਣ ਲੱਗ ਪਿਆ। ਉਸਨੇ ਆਪਣੇ ਵਾਲਾਂ 'ਚ ਹੱਥ ਫੇਰਦੇ ਨੇ ਕਿਹਾ, "ਤੈਨੂੰ ਲੱਗਦਾ ਜਿਉ ਤੈਨੂੰ ਕੱਢਣ ਨਾਲ ਕੋਈ ਅਣਹੋਣੀ ਵਾਪਰ ਜਾਊ।....ਤੇਰੀ ਉਮਰ ਤਾਂ ਐਨੀ ਨਈਂ, ਜਿੰਨਾ ਤੂੰ ਚਾਲਬਾਜ਼ ਏ। ਪਹਿਲਾਂ ਤੂੰ ਝੂਠ ਬੋਲਿਆ। ਉਹ ਨਈਂ ਚੱਲਿਆ ਤਾਂ ਤੂੰ ਰੋਣਾ ਸ਼ੁਰੂ ਕਰ ਦਿੱਤਾ ਤੇ ਹੁਣ...ਧਮਕੀ ਦੇਣ ਲੱਗ ਪਿਆਂ। ਲਾਅਨਤ ਐ ਤੇਰੇ 'ਤੇ! ਕੀ ਤੂੰ ਪਾਰਟੀ ਮੈਂਬਰ ਐ....?"

ਨੌਜਵਾਨ ਨੇ ਅੱਖਾਂ ਚੁੱਕ ਕੇ ਲਿਊ ਵੱਲ ਬੜੇ ਗੁੱਸੇ ਨਾਲ ਦੇਖਿਆ। ਫਿਰ ਨੀਵੀਂ ਪਾ ਲਈ।

"ਜਾਹ ਇਮਾਨਦਾਰ ਆਦਮੀ ਬਨਣ ਦੀ ਕੋਸ਼ਿਸ਼ ਕਰ। ਮੇਰੇ ਨਾਲ ਬਕਬਕ ਨਾ ਕਰ, ਮੈਨੂੰ ਇਸ ਤੋਂ ਬੜੀ ਚਿੜ੍ਹ ਐ।"

ਨੌਜਵਾਨ ਨੇ ਕੁਝ ਹੋਰ ਚਾਲਾਂ ਚੱਲਣ ਦੀ ਕੋਸ਼ਿਸ਼ ਕੀਤੀ, ਪਰ ਸ਼ਾਨਤੁੰਗ ਨਿਵਾਸੀ ਲਿਊ ਅੱਗੇ ਉਸਦੀ ਕੋਈ ਪੇਸ਼ ਨਾ ਗਈ। ਆਖਿਰ ਨਿਰਾਸ਼ ਹੋ ਕੇ ਪਰਤ ਆਇਆ। ਲਿਊ ਦੇ ਘਰ ਤੋਂ ਕਾਫੀ ਦੂਰ ਜਾ ਕੇ ਉਸਨੇ ਥੈਲੇ 'ਚ ਪਈਆਂ ਸ਼ਰਾਬ ਦੀਆਂ ਬੋਤਲਾਂ ਤੇ ਕੇਕ ਬਾਹਰ ਸੁੱਟ ਦਿੱਤੇ ਤੇ ਬੁੜਬੁੜਾਇਆ-"ਚਲੋ ਅਵਾਰਾ ਕੁੱਤੇ ਈ ਖਾਣਗੇ।"

ਛੇਤੀ ਹੀ ਉਸ ਥਾਂ 'ਤੇ ਸ਼ਰਾਬ ਦੀ ਮਿੱਠੀ-ਮਿੱਠੀ ਖੁਸ਼ਬੂ ਖਿੱਲਰ ਗਈ।

V

ਜਦੋਂ ਬਿਊਰੋ ਬੁਲਿਟਨ ਵਿਚ ਸਜ਼ਾ ਪ੍ਰਕਾਸ਼ਤ ਕੀਤੀ ਗਈ ਤਾਂ ਇਵੇਂ ਲੱਗਾ ਜਿਵੇਂ ਰੇਲ ਦੀਆ ਪਟੜੀਆਂ ਭੂਚਾਲ ਨਾਲ ਉੱਖੜ ਗਈਆਂ ਹੋਣ। ਕੁਝ ਲੋਕੀਂ ਤਾਂ ਡੂੰਘੀ ਨੀਂਦ ਸੁੱਤੇ ਜਾਗ ਪਏ ਹੋਣ ਤੇ ਇਕ ਵਿਅਕਤੀ ਉੱਤੇ ਤਾਂ ਜਾਣੋਂ ਬਿਜਲੀ ਹੀ ਡਿੱਗ ਪਈ। ਪਾਇ ਫਾਨ ਨੂੰ ਉਸੇ ਦਿਨ ਦਿਲ ਦਾ ਦੌਰਾ ਪੈ ਗਿਆ। ਜਦ ਲਿਊ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਸੋਚਿਆ, 'ਕੀ ਉਹ ਸ਼ਰਮਿੰਦਗੀ ਦਾ ਮਾਰਿਆ ਬਿਮਾਰ ਹੋਇਆ ਜਾਂ ਉਹਨੂੰ ਐਦਾਂ ਲੱਗਾ ਜਿਵੇਂ ਉਸੇ ਨਾਲ ਵਧੀਕੀ ਹੋਈ ਹੋਵੇ। ਪਿਛਲੇ ਕੁਝ ਵਰ੍ਹਿਆਂ ਤੋਂ ਐਹੋ ਜਿਹੀਆਂ ਕਈ ਘਟਨਾਵਾਂ ਹੋਈਆਂ ਹਨ। ਲੋਕਾਂ ਅੰਦਰ ਬਿਮਾਰ ਪੈ ਜਾਣ ਦਾ ਰੁਝਾਨ ਵਧਿਆ ਸੀ, ਇਹ ਸਿੱਧ ਕਰਨ ਲਈ ਕਿ ਉਨ੍ਹਾਂ ਨੇ ਤਾਂ ਕੰਮ ਈ ਬਹੁਤ ਕੀਤਾ ਐ।'

ਲਿਊ ਉਸੇ ਰਾਤ ਪਾਇ ਫਾਨ ਕੋਲ ਜਾਣ ਲਈ ਤਿਆਰ ਹੋ ਗਿਆ। ਉਹ ਆਪ ਜਾ ਕੇ ਉਸਦਾ ਹਾਲ-ਚਾਲ ਦੇਖਣਾ ਚਾਹੁੰਦਾ ਸੀ। ਬਹੁਤ ਲੋਕ ਐਹੋ ਜਿਹੀਆਂ ਮੁਲਾਕਾਤਾਂ ਤੋਂ ਡਰਦੇ ਸਨ, ਪਰ ਲਿਊ ਐਹੋ ਜਿਹਾ ਨਹੀਂ ਸੀ।

ਚਾਨਣੀ ਰਾਤ ਸੀ। ਸੜਕ 'ਤੇ ਲੋਕਾਂ ਦੀ ਆਵਾਜਾਈ ਘਟ ਗਈ ਸੀ। ਨੌਜਵਾਨ ਕੁੜੀਆਂ ਮੁੰਡੇ ਤੇ ਕੁਝ ਵਿਆਹੇ-ਵਰ੍ਹੇ ਜੋੜੇ ਹੀ ਸੈਰਗਾਹ ਵਲ ਜਾ ਰਹੇ ਸਨ।

ਲਿਊ ਇਕ ਨਵੀਂ ਬਣੀ ਰਿਹਾਇਸ਼-ਗਾਹ 'ਚ ਪੁੱਜਾ। ਦਰਵਾਜ਼ੇ 'ਤੇ ਦਸਤਕ ਦਿੱਤੇ ਬਿਨਾਂ ਉਹ ਸਿੱਧਾ ਦੂਸਰੀ ਮੰਜ਼ਲ ਦੇ ਇਕ ਕਮਰੇ ਅੰਦਰ ਜਾ ਵੜਿਆ। ਪਾਇ ਸਿਰ ਹੇਠ ਸਰ੍ਹਾਣਾ ਲਈ ਲੇਟਿਆ ਪਿਆ ਸੀ। ਮੰਜੇ ਲਾਗੇ ਪਈ ਮੇਜ਼ ਉੱਤੇ ਦੁਆਈਆਂ ਦੀਆਂ ਸ਼ੀਸ਼ੀਆਂ ਪਈਆਂ ਸਨ। ਉਹਨਾਂ ਵਿਚ ਜਾਪਾਨ ਤੇ ਜਰਮਨੀ ਤੋਂ ਬਰਾਮਦ ਹੋਈਆਂ ਦੁਆਈਆਂ ਵੀ ਸਨ। ਪਾਇ ਸੱਚਮੁਚ ਬੀਮਾਰ ਸੀ। ਪਾਇ ਫਾਨ ਨੇ ਲਿਊ ਨੂੰ ਦੇਖਦਿਆਂ ਸਾਰ ਪਾਸਾ ਪਰਤ ਕੇ ਮੂੰਹ ਕੰਧ ਵੱਲ ਘੁਮਾ ਲਿਆ ਤੇ ਅੱਖਾਂ ਬੰਦ ਕਰ ਲਈਆਂ। ਉਸੇ

ਵੇਲੇ ਵਿਚਕਾਰਲੇ ਕਮਰੇ ਦਾ ਦਰਵਾਜ਼ਾ ਖੁੱਲ੍ਹਿਆ। ਕਮਰੇ ਅੰਦਰੋਂ ਹੀ ਇਕ ਨੌਜਵਾਨ ਲੜਕੀ ਲਿੰਗ ਲਿੰਗ ਨੇ ਝਾਤੀ ਮਾਰੀ। ਲਿਊ ਨੂੰ ਦੇਖ ਕੇ ਉਸਨੇ ਉਸੇ ਵੇਲੇ ਦਰਵਾਜ਼ਾ ਬੰਦ ਕਰ ਦਿੱਤਾ। ਲਿਊ ਖੜਾ ਖੜਾ ਸੋਚਦਾ ਰਿਹਾ—'ਐਨਾ ਹੰਕਾਰ!' ਉਹ ਕੁਰਸੀ ਖਿੱਚ ਕੇ ਬੈਠ ਗਿਆ। ਮੇਜ਼ 'ਤੇ ਇਕ ਸੁੰਦਰ ਇਸਤਰੀ ਦੀ ਤਸਵੀਰ ਪਈ ਸੀ। ਇਹ ਪਾਇ ਦੀ ਪਤਨੀ ਦੀ ਸੀ, ਜਿਹੜੀ ਦੋ ਵਰ੍ਹੇ ਪਹਿਲਾਂ ਸਵਰਗ ਸੁਧਾਰ ਗਈ ਸੀ। ਉਹ ਛੋਟੀ ਹੁੰਦੀ ਤੋਂ ਹੀ ਆਪਣੀ ਸੁੰਦਰਤਾ ਕਾਰਨ ਪ੍ਰਸਿੱਧ ਸੀ। ਪਾਇ ਫਾਨ ਦਾ ਅਸਲੀ ਨਾਮ ਪਾਇ ਅੰਗਚੂ ਸੀ। ਇਸ ਲੜਕੀ ਨਾਲ ਪ੍ਰੇਮ ਹੋ ਜਾਣ 'ਤੇ ਉਸਨੇ ਥੋੜ੍ਹਾ ਰੁਮਾਂਟਿਕ ਦਿਸਣ ਲਈ ਨਵਾਂ ਨਾਮ ਰੱਖ ਲਿਆ ਸੀ। ਭਾਵੇਂ ਲਿਊ ਤਾਸ਼ਾਨ ਨੇ ਨਾਂ ਬਦਲੀ ਦਾ ਵਿਰੋਧ ਵੀ ਕੀਤਾ। ਪਾਇ ਫਾਨ ਨੇ ਇਸ ਲੜਕੀ ਨੂੰ ਚਿੱਠੀ ਲਿਖਣ ਲਈ ਯੂਨੀਵਰਸਿਟੀ ਪੜ੍ਹਦੇ ਇਕ ਲੜਕੇ ਦੀ ਸਹਾਇਤਾ ਵੀ ਲਈ ਸੀ। ਪੱਤਰ 'ਮੇਰੀ ਪਿਆਰੀ...' ਦੇ ਸੰਬੋਧਨ ਨਾਲ ਆਰੰਭ ਕੀਤਾ ਗਿਆ ਸੀ, ਤਾਂ ਕਿ ਲੜਕੀ ਨੂੰ ਇਹ ਪਤਾ ਲੱਗ ਸਕੇ ਕਿ ਪਾਇ ਫਾਂਗ ਪੱਛਮੀ ਦੇਸ਼ੀਂ ਪੜ੍ਹਿਆ ਹੋਇਐ। ਪਰ, ਉਸਨੇ 'ਮੇਰੀ ਪਿਆਰੀ' ਦੇ ਸੰਬੋਧਨ ਨੂੰ ਪਸੰਦ ਨਹੀਂ ਸੀ ਕੀਤਾ। ਇਹਨਾਂ ਦੋ 'ਭੱਦੇ ਸ਼ਬਦਾਂ' ਦੇ ਲਿਖੇ ਜਾਣ ਕਾਰਨ ਹੀ ਉਸਨੂੰ ਪਾਇ ਨੂੰ ਪਰਖਣ ਲਈ ਹੋਰ ਦੋ ਮਹੀਨੇ ਲੱਗੇ ਸਨ। ਉਹ ਲੜਕੀ ਹੁਣ ਇਸ ਦੁਨੀਆ ਵਿਚ ਨਹੀਂ ਸੀ। ਪਰ, ਤਸਵੀਰ ਵਿਚਲੀਆਂ ਉਸਦੀਆਂ ਉਦਾਸ ਨਜ਼ਰਾਂ ਘਰ ਵੱਲ ਦੇਖਦੀਆਂ ਜਿਵੇਂ ਪਾਇ ਫਾਨ ਤੇ ਉਸਦੀ ਬੇਟੀ ਲਿੰਗ ਲਿੰਗ ਤੋਂ ਪੁੱਛ ਰਹੀਆਂ ਹੋਣ—'ਮੇਰੇ ਬਿਨਾਂ ਤੁਸੀਂ ਕਿੱਦਾਂ ਦਿਨ ਕਟੀ ਕਰ ਰਹੇ ਹੋ...?'

ਲਿਊ ਕਾਫੀ ਚਿਰ ਬੈਠਾ ਰਿਹਾ। ਪਾਇ ਨੇ ਕਰਵਟ ਨਹੀਂ ਬਦਲੀ। ਲਿਊ ਨੇ ਅੰਦਰਲੇ ਕਮਰੇ ਦੇ ਦਰਵਾਜ਼ੇ ਵੱਲ ਦੇਖਿਆ, ਥੋੜ੍ਹਾ ਖੰਘ ਕੇ ਆਵਾਜ਼ ਦਿੱਤੀ—"ਲਿੰਗ ਲਿੰਗ ਤੁਹਾਡੇ ਘਰ ਇਕ ਪ੍ਰਾਹੁਣਾ ਆਇਆ ਐ, ਕੀ ਤੂੰ ਚਾਹ ਨਈਂ ਪਲਾਏਂਗੀ ?"

ਅੰਦਰੋਂ ਕੋਈ ਉੱਤਰ ਨਾ ਆਇਆ। ਅਚਾਨਕ ਪਾਇ ਨੇ ਪਾਸਾ ਪਰਤਿਆ ਤੇ ਕਿਹਾ, "ਲਿੰਗ ਲਿੰਗ ਏਹ ਵੱਡਿਆਂ ਦੇ ਰੋਸੇ-ਗਿੱਲੇ ਐ, ਤੂੰ ਏਨ੍ਹਾਂ ਵਿਚ ਨਾ ਆ, ਤੂੰ ਚਾਹ ਲਿਆ ਦੇ।" ਉਸਦੀ ਆਵਾਜ਼ ਰੁੱਖੀ ਸੀ। ਲਿੰਗਲਿੰਗ ਨੂੰ ਆਵਾਜ਼ ਦੇ ਕੇ ਪਾਇ ਨੇ ਫਿਰ ਪਿੱਠ ਘੁਮਾ ਲਈ ਤੇ ਅੱਖਾਂ ਬੰਦ ਕਰ ਲਈਆਂ।

ਮੂੰਹ ਵੱਟੀ ਲਿੰਗਲਿੰਗ ਆਈ। ਚਾਹ ਦਾ ਕੱਪ ਲਿਊ ਨੂੰ ਫੜਾਇਆ। ਲਿਊ ਨੇ ਉਸਦੀਆਂ ਅੱਖਾਂ ਵਿਚ ਅੱਥਰੂ ਦੇਖੇ।

ਉਸਨੇ ਆਪਣੇ ਚਿਹਰੇ ਤੋਂ ਅੱਥਰੂ ਪੂੰਝਦਿਆਂ ਕਿਹਾ, "ਚਾਚਾ ਲਿਊ ਤੁਸੀਂ ਮੇਰੇ ਪਿਤਾ ਨਾਲ ਇਹ ਵਰਤਾਓ ਕਿਉਂ ਕੀਤਾ....ਜੇ ਇਨ੍ਹਾਂ ਨੂੰ ਕੁਸ਼ ਹੋ ਗਿਆ ਤਾਂ ਮੈਂ ਕੀ ਕਰਾਂਗੀ...?"

ਲਿਊ ਨੇ ਉਸਦਾ ਸਿਰ ਪਲੋਸਦਿਆਂ ਭਰੇ ਮਨ ਨਾਲ ਉੱਤਰ ਦਿੱਤਾ—"ਨਈਂ ਏਨੂੰ ਕੁਝ ਨਈਂ ਹੁੰਦਾ....।" ਥੋੜ੍ਹਾ ਕੁ ਰੁਕ ਕੇ ਫਿਰ ਕਿਹਾ—"ਜੇ ਕੁਸ਼ ਹੋ ਗਿਆ ਤਾਂ ਮੈਂ ਜੂੰ ਆਂ...।"

ਲਿੰਗਲਿੰਗ ਮੁਸਕਰਾ ਪਈ। ਲਿਊ ਨੇ ਕੁਰਸੀ ਖਿੱਚ ਕੇ ਪਾਇ ਦੇ ਬਿਸਤਰ ਲਾਗੇ ਕਰਦਿਆਂ ਕਿਹਾ—"ਲਾਅਨਤ ਐ ਤੇਰੇ ਤੇ, ਘੱਟ ਤੋਂ ਘੱਟ ਬੋਲ ਤਾਂ ਸਹੀ....।"

ਪਾਇ ਨੇ ਪਿੱਠ ਸਿੱਧੀ ਕੀਤੀ, ਪਰ ਚਿਹਰਾ ਨਾ ਘੁਮਾਇਆ। ਲਿਊ ਨੇ ਫਿਰ ਕਿਹਾ, "ਮੈਨੂੰ ਪਤਾ ਐ ਤੂੰ ਪ੍ਰੇਸ਼ਾਨ ਏ, ਪਰ ਕੀ ਤੈਨੂੰ ਲੱਗਦਾ ਮੈਂ ਖੁਸ਼ ਆਂ ? ਲਿੰਗਲਿੰਗ ਦਾ ਰੋਣ-ਹਾਕਾ ਮੂੰਹ ਦੇਖ ਕੇ ਮੈਨੂੰ ਈ ਪਤਾ ਮੇਰੇ ਦਿਲ 'ਤੇ ਕੀ ਗੁਜ਼ਰੀ ? ਪਰ ਅਸੀਂ ਕਰ ਵੀ ਕੀ ਸਕਦੇ ਆਂ। ਕੀ ਅਸੀਂ ਆਪਣੇ ਆਦਰਸ਼ਾਂ ਨੂੰ, ਸਿਧਾਂਤਾਂ ਨੂੰ ਤਿਆਗ ਦਈਏ ? ਪਾਰਟੀ ਛੱਡ ਦਈਏ ? ਤੂੰ, ਮੈਨੂੰ ਚੰਗੀ ਤਰ੍ਹਾਂ ਜਾਣਦੈਂ...ਉੱਠ ਘੁੱਟ ਘੁੱਟ ਲਈਏ।"

ਪਾਇ ਨੇ ਚਿਹਰਾ ਉਸ ਵੱਲ ਘੁਮਾਉਂਦਿਆਂ ਪੁੱਛਿਆ, "ਕਿਸ ਲਈ ਸ਼ਰਾਬ ਪੀਆਂਗੇ ? ਦੋਸਤੀ



ਲਈ ! ਦੋ ਵਰ੍ਹੇ ਹਿਰਾਸਤ 'ਚ ਰਹਿਣ ਜਾਂ ਮੈਨੂੰ ਸਜ਼ਾ ਦੇਣ ਦੇ ਨਾਂ 'ਤੇ...?"

ਲਿਊ ਨੇ ਕੋਈ ਉੱਤਰ ਨਾ ਦਿੱਤਾ। ਥੋੜ੍ਹਾ ਕੁ ਅਟਕ ਕੇ ਫਿਰ ਬੋਲਿਆ, "ਲਾਅਨਤ ਐ, ਤੂੰ ਐਨਾ ਜ਼ਿੱਦੀ ਕਿਉਂ ਐ ?" ਉਸਨੇ ਆਪਣੇ ਆਪ ਅਲਮਾਰੀ ਖੋਲ੍ਹੀ। ਇਕ ਪਲਾਸਟਿਕ ਦਾ ਮੱਘ ਤੇ ਦੇਸੀ ਸ਼ਰਾਬ ਦੀ ਬੋਤਲ ਬਾਹਰ ਕੱਢ ਲਈ। ਉਸਨੇ ਅੱਧਾ ਮੱਘ ਸ਼ਰਾਬ ਨਾਲ ਭਰਿਆ ਤੇ ਕਿਹਾ, "ਆਪਣੀ ਦੋਸਤੀ ਦੇ ਨਾਂ.!"

ਲਿਊ ਨੇ ਇਕ ਲੰਮਾ ਘੁੱਟ ਭਰਿਆ ਤੇ ਮੱਘ ਪਾਇ ਵੱਲ ਨੂੰ ਵਧਾਇਆ। ਪਾਇ ਨੇ ਫੜਿਆ ਨਾ। ਲਿਊ ਨੇ ਪੈੱਗ ਨੂੰ ਫਿਰ ਉਠਾਂਦਿਆ ਕਿਹਾ, "ਭਾਫ ਇੰਝਣ ਦੀ ਸਮਾਪਤੀ ਦੇ ਨਾਂ ਤੇ ਸਵੈ ਚਾਲਕ-ਸਵਿੱਚਿੰਗ ਦੇ ਨਾਂ...!" ਉਸਨੇ ਇਕ ਘੁੱਟ ਭਰ ਕੇ ਮੱਘ ਫਿਰ ਪਾਇ ਵੱਲ ਨੂੰ ਕਰ ਦਿੱਤਾ। ਪਾਇ ਨੇ ਫਿਰ ਵੀ ਕੋਈ ਧਿਆਨ ਨਾ ਦਿੱਤਾ। ਲਿਊ ਨੇ ਤੀਜੀ ਵਾਰ ਜਾਮ ਉਠਾਇਆ ਤੇ ਕਿਹਾ, "ਆਪਾਂ ਦੋਨਾਂ ਦੇ ਨਾਂ, ਕਮਿਊਨਿਸਟ ਪਾਰਟੀ ਦੇ ਮੈਂਬਰਾਂ ਦੇ ਨਾਂ ਅਤੇ ਤੇਰੀ ਪਾਰਟੀ-ਮੈਂਬਰਸ਼ਿਪ ਲਈ ਮੇਰੇ ਵਲੋਂ ਕੀਤੀ ਸਿਫਾਰਿਸ਼ ਦੇ ਨਾਂ!" ਉਸਨੇ ਤੀਜਾ ਘੁੱਟ ਭਰ ਕੇ ਮੱਘ ਫਿਰ ਪਾਇ ਵੱਲ ਨੂੰ ਵਧਾ ਦਿੱਤਾ। ਇਸ ਵਾਰ ਪਾਇ ਬਿਸਤਰ 'ਤੇ ਉੱਠ ਕੇ ਬੈਠ ਗਿਆ। ਉਸਦਾ ਚਿਹਰਾ ਲਾਲ ਹੋ ਗਿਆ। ਉਸਨੇ ਕੰਬਦੇ ਹੱਥਾਂ ਨਾਲ ਜਾਮ ਫੜਿਆ ਤੇ ਛੋਟੇ ਛੋਟੇ ਘੁੱਟ ਭਰੇ।

ਲਿਊ ਜਾਣ ਲਈ ਉੱਠ ਖੜਾ ਹੋਇਆ ਤੇ ਬਾਹਰ ਨਿਕਲ ਗਿਆ। ਉਸਨੂੰ ਪਿੱਛਿਓਂ ਕਿਸੇ ਦੇ ਆਉਣ ਦੀ ਆਹਟ ਨਾ ਸੁਣੀ। ਕਾਫੀ ਦੂਰ ਜਾ ਕੇ ਉਸਨੇ ਫਿਰ ਮੁੜਕੇ ਦੇਖਿਆ। ਦਰਵਾਜ਼ਿਉਂ ਬਾਹਰ ਲਿੰਗਲਿੰਗ ਦਾ ਆਸਰਾ ਲਈ ਪਾਇ ਖੜਾ ਸੀ ਤੇ ਉਸ ਵੱਲ ਨੂੰ ਦੇਖ ਰਿਹਾ ਸੀ। ਲਿਊ ਫਿਰ ਭਾਵੁਕ ਹੋ ਗਿਆ—"ਓਏ....ਓਏ ਮੈਂ ਸੜੀ ਲਕੜੀ ਦਾ ਮੁੱਢ ਨਈਂ....।"

ਰਾਤ ਕਾਫੀ ਬੀਤ ਗਈ ਸੀ। ਵਾਪਸ ਆਉਂਦਿਆਂ ਲਿਊ ਨੂੰ ਲੱਗਾ ਕਿ ਉਸਦੇ ਦਿਮਾਗ 'ਚ ਕੁਝ ਘੁੰਮ ਰਿਹੈ। ਉਸਦੇ ਇਕ ਪਾਸਿਉਂ ਇਕ ਪ੍ਰੇਮੀ ਜੋੜਾ ਨਿਕਲਿਆ। ਲੜਕੀ ਨੇ ਆਪਣਾ ਸਿਰ ਨੌਜਵਾਨ ਦੇ ਮੋਢੇ 'ਤੇ ਰੱਖਿਆ ਹੋਇਆ ਸੀ। ਦੋਨੋਂ ਚੁੱਪ-ਚਾਪ ਤੁਰੇ ਜਾ ਰਹੇ ਸਨ। ਲਿਊ ਨੇ ਮੁੜ ਕੇ ਉਹਨਾਂ ਵੱਲ ਨਹੀਂ ਦੇਖਿਆ। ਉਸਨੂੰ ਆਪਣੀ ਬੀਤੀ ਜ਼ਿੰਦਗੀ ਚੇਤੇ ਆ ਗਈ—ਉਸਦੀਆਂ ਅੱਖਾਂ ਸਾਹਮਣੇ ਚਿਆਓਤੁੰਗ ਪ੍ਰਾਂਤ ਦੇ ਖੇਤ, ਲਾਲ ਬੇਰ ਤੇ ਯੁੱਧ-ਸਾਥੀਆਂ ਦੀ ਮੌਤ ਦੇ ਦ੍ਰਿਸ਼ ਘੁੰਮਣ ਲੱਗੇ। ਉਸਨੂੰ ਪੁਰਾਣੇ ਡਵੀਜ਼ਨਲ ਕਮਾਂਡਰ ਦੀ ਕੜਕਦੀ ਆਵਾਜ਼ ਸੁਣਾਈ ਦਿੱਤੀ—"ਕੀ ਤੂੰ ਕਮਿਊਨਿਸਟ ਪਾਰਟੀ ਦਾ ਮੈਂਬਰ ਹੈਂ ?"

ਉਸਨੇ ਮਹਿਸੂਸ ਕੀਤਾ ਕਿ ਉਸਨੂੰ, ਪਾਇ ਨੂੰ, ਕਮਿਊਨਿਸਟ ਪਾਰਟੀ ਦੇ ਸਾਰੇ ਮੈਂਬਰਾਂ ਨੂੰ ਕਮਾਂਡਰ ਦੇ ਇਸ ਖੜਕਵੇਂ ਪ੍ਰਸ਼ਨ ਦਾ ਉੱਤਰ ਇਮਾਨਦਾਰੀ ਨਾਲ ਦੇਣਾ ਚਾਹੀਦਾ ਹੈ। ▲▲

*ਵਾਘਿਓਂ ਪਾਰ*

## ਤੋਤੇ ਤੇ ਮੈਨਾ ਦਾ ਸਕੂਲ

ਤੋਤੇ ਤੇ ਮੈਨਾ ਨੇ ਪੰਛੀਆਂ ਦੇ ਬੱਚਿਆਂ ਨੂੰ ਪੜ੍ਹਾਉਣ ਲਈ ਸਕੂਲ ਖੋਲ੍ਹਿਆ। ਤੋਤਾ ਆਪਣੀ ਬੋਲੀ ਬੋਲੇ। ਮੈਨਾ ਆਪਣੀ ਬੋਲੀ ਬੋਲੇ। ਪੰਛੀਆਂ ਦੀ ਬੋਲੀ ਕੋਈ ਵੀ ਨਾ ਬੋਲੇ। ਪੰਛੀਆਂ ਦੇ ਬੱਚ ਬਿਟ-ਬਿਟ ਤੱਕਣ ਘਰ ਕੁਝ ਆਖ ਨਾ ਸਕਣ।

ਸਿਆਣੇ ਕਾਂ ਨੇ ਸਕੂਲ ਦਾ ਮੁਆਇਨਾ ਕੀਤਾ ਤੇ ਆਖਿਆ, "ਤੋਤਾ ਮੈਨਾ ਪਹਿਲਾਂ ਆਪ ਪੰਛੀਆਂ ਦੀ ਬੋਲੀ ਸਿੱਖਣ, ਮੁੜ ਪੰਛੀਆਂ ਦੇ ਬੱਚਿਆ ਨਾਲ ਉਹਨਾ ਦੀ ਆਪਣੀ ਬੋਲੀ ਵਿਚ ਗੱਲ ਬਾਤ ਕਰਨ, ਤਾਂ ਪੰਛੀਆਂ ਦੇ ਬੱਚੇ ਪੜ੍ਹ ਜਾਣਗੇ।

ਤੋਤੇ ਤੇ ਮੈਨਾ ਨੇ ਗੱਲ ਮੰਨ ਲਈ। ਇਹਨਾਂ ਪੰਛੀਆਂ ਦੀ ਬੋਲੀ ਸਿੱਖ ਲਈ ਤੇ ਮੁੜ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਹੁਸ਼ਿਆਰ ਕੀਤਾ। **ਅਕਬਰ ਲਾਹੌਰੀ**

(ਪੰਚਮ ਲਾਹੌਰ ਜੁਲਾਈ 2002 ਵਿਚੋਂ)

## 1. *ਸੁਲੱਖਣ ਸਰਹੱਦੀ*

ਦੁਸ਼ਮਣਾਂ ਦੇ ਨਾਲ ਜੇ ਤੂੰ ਹੱਥ ਮਿਲਾਉਣਾ– ਸੋਚ ਲੈ।
ਦੋਸਤਾਂ ਦੇ ਖ਼ੂਨ ਵਿੱਚ ਪੈਣਾ ਨਹਾਉਣਾ- ਸੋਚ ਲੈ।
ਚੋਲਾ ਤੂੰ ਸੁਕਰਾਤ ਦਾ ਪਾ ਕੇ ਲੁਆਈ ਜੇਬ ਕਿਉਂ ?
ਇਸ ਤਮ੍ਹਾਂ ਦੀ ਛਪੜੀ ਨੇ ਤੈਨੂੰ ਡੁਬਾਉਣਾ– ਸੋਚ ਲੈ।
ਠਿੱਬੀਆਂ ਤੇ ਲੂਤੀਆਂ ਦੀ ਬਹੁਤ ਭੈੜੀ ਖੇਡ ਹੈ,
ਬਾਜ਼ ਆ, ਖ਼ੁਦ ਹੀ ਨਾ ਬਣ ਜਾਵੀਂ ਖਿਡਾਉਣਾ– ਸੋਚ ਲੈ।
ਹੁਣ ਕੁਰਾਹੇ ਸਿਰਜਦੀ ਹੈ ਤੇਰੇ ਸਿਰ ਦੀ ਰੌਸ਼ਨੀ,
ਤੈਨੂੰ ਦਿਲ 'ਤੇ ਦੀਪ ਇੱਕ ਪੈਣਾ ਜਗਾਉਣਾ– ਸੋਚ ਲੈ।
ਇਹਨਾਂ ਨੀਵੇਂ ਵਿਹੜਿਆਂ ਦੇ ਕੋਲ ਕਿੱਥੋਂ ਕਲਗੀਆਂ,
ਇਹਨਾਂ ਵਿੱਚ ਤਾਂ ਪੈਂਦਾ ਹੈ ਖ਼ੁਦ ਨੂੰ ਮਿਟਾਉਣਾ– ਸੋਚ ਲੈ।
ਆਪਣੇ ਦਿਲ ਨੂੰ ਸਾਜ਼ਿਸ਼ਾਂ ਦੀ ਹਰ ਸਮੇਂ ਨਾ ਆਰ ਲਾ,
ਵਰਨਾ ਤੇਰਾ ਦਿਲ ਵੀ ਬਣ ਜਾਣੈ ਪ੍ਰਾਹੁਣਾ-ਸੋਚ ਲੈ।
ਤ੍ਰੇਲ ਭਿੱਜੀ ਚਾਨਣੀ ਦਾ ਏਨਾ ਵੀ ਨਾ ਮੋਹ ਕਰੀਂ,
ਧੁੱਪ ਨੇ ਹੀ ਭਿੱਜੇ ਰੁੱਖਾਂ ਨੂੰ ਸੁਕਾਉਣਾ–ਸੋਚ ਲੈ।
ਉੱਠ ਸਿਕੰਦਰੀ ਖੁਆਬ ਚੋਂ ਤੇ ਸਾਹਮਣੇ ਰੱਖ ਆਰਸੀ,
ਖ਼ੁਦ ਨੂੰ ਤੂੰ ਪਰੋਸ ਕਿ ਜਾਂ 'ਅੰਬੀ' ਕਹਾਉਣਾ– ਸੋਚ ਲੈ।
ਪੁਲ ਜਦੋਂ ਵੀ ਢਹਿਦਾ ਹੈ ਉੱਗ ਆਉਂਦੀ ਹੈ ਦਿਵਾਰ,
ਨੈਤਿਕੀ ਪੁਲ ਢਾਹ ਕੇ ਇਸ ਦਾ ਮੁਲ ਚੁਕਾਉਣਾ– ਸੋਚ ਲੈ।

2.

ਖ਼ਤਰੇ ਭਰੀਆਂ ਸ਼ਕਤੀਆਂ ਖ਼ੁਦ 'ਚੋਂ ਘਟਾਈ ਜਾ ਰਿਹਾਂ।
ਅਕਲ ਹੀਣੀ ਕਰ ਰਿਹਾਂ ਮੁੱਛਾਂ ਵਧਾਈ ਜਾ ਰਿਹਾਂ।
ਬੁਝ ਗਈ ਹੈ ਤਰਕ-ਸੱਚ ਦੀ ਜੋਤ ਮੇਰੇ ਜ਼ਿਹਨ 'ਚੋਂ
ਮੂੰਧ ਕੇ ਹੁਣ ਅੱਖੀਆਂ ਜੋਤਾਂ ਜਗਾਈ ਜਾ ਰਿਹਾਂ।
ਆਪਣੇ ਅੰਦਰੋਂ ਤੇ ਬਾਹਰੋਂ ਰੌਲਾ ਇਕ ਸੁਰ ਕਰਨ ਲਈ,
ਰੱਬ 'ਤੇ ਹਾੱਰਨ ਟੰਗ ਕੇ ਟੱਲੀਆਂ ਵਜਾਈ ਜਾ ਰਿਹਾਂ।
ਮਜ਼ੁਬਾਂ ਵਿੱਚ ਲਿੱਬੜੇ ਪੈਗੰਬਰ ਲਾਹ ਸੁਟੇ ਕੰਧਾਂ ਤੋਂ ਮੈਂ,
ਕਮਰੇ ਵਿੱਚ ਮਾਸੂਮਾਂ ਦੇ ਚਿੱਤਰ ਸਜਾਈ ਜਾ ਰਿਹਾਂ।
ਯੁੱਗ ਚਿੱਪਰਵਾਦ ਦਾ ਹੈ ਸਾਲਮੀਅਤ ਕਿਹੜੇ ਕੰਮ ?
ਆਪਣੀ ਹਰ ਇਕ ਤ੍ਰੇੜ ਮੈਂ ਚਿਪਰੀ ਲੁਕਾਈ ਜਾ ਰਿਹਾਂ।
ਖੌਲਦੇ ਦਰਿਆ ਤੋਂ ਜਦ ਦਾ ਮੈਂ ਸਮੁੰਦਰ ਹੋ ਗਿਆ,
ਤਦ ਤੋਂ ਆਪਣੀ 'ਹਉਮੈ ਦੇ ਮੋਤੀ' ਲੁਟਾਈ ਜਾ ਰਿਹਾਂ।
ਮੈਂ ਹੀ ਹਰਕਤ ਹਾਂ ਤੇ ਮੈਂ ਹੀ ਠਹਿਰਿਆ ਹੋਇਆ ਤੂਫਾਨ,
ਖ਼ੁਦ ਹੀ ਪੈੜਾਂ ਪਾ ਰਿਹਾਂ, ਖ਼ੁਦ ਹੀ ਮਿਟਾਈ ਜਾ ਰਿਹਾਂ।
ਜੀਭ ਤੋਂ ਸੱਚ ਵੱਢ ਕੇ ਮੈਂ ਚਾਪਲੂਸੀ ਬੀਜ ਲਈ,
ਹੁਣ ਸਿਰੋਪੇ ਅਉਣਗੇ, ਰੋਕਾਂ ਹਟਾਈ ਜਾ ਰਿਹਾਂ।
ਦੀਵਿਆਂ ਦੇ ਜਗਣ ਨੂੰ ਦਰਕਾਰ ਹੁੰਦੈ ਸੁਹਜ ਸਹਿਜ
ਹੁਨਰ ਸਿਖ ਸਰਹੱਦੀ ਕਿਉਂ ਉਂਗਲਾਂ ਜਲਾਈ ਜਾ ਰਿਹਾਂ।

*ਪਿੰਡ— ਕੁਹਾੜ/ ਡਾਕ ਡਿਹਰੀਵਾਲ ਦਰੋਗਾ, ਜ਼ਿਲ੍ਹਾ ਗੁਰਦਾਪੁਰ 143518*



## 3. ਸੂਫ਼ੀ ਅਮਰਜੀਤ

(ਅਜੋਕੀ ਸੁਧਾਰ ਪਾਵਰ ਬਾਰੇ)

ਸੋਚਾਂ ਦੇ ਵਿਚ, ਸ਼ਬਦਾਂ ਦੇ ਵਿਚ, ਇਕ ਆਉਂਦਾ ਹੈ ਨਾਮ ਜਿਹਾ।
ਕੰਬ ਉਠਦਾ ਹੈ ਆਪਣਾ ਆਪਾ, ਮੱਚ ਉਠਦਾ ਕੁਹਰਾਮ ਜਿਹਾ।

ਕੀ ਕਹੀਏ ਤੇ ਕੀ ਨਾ ਕਹੀਏ, ਪ੍ਰਸ਼ਨ ਜਿਹਾ ਵਿਸ਼ਰਾਮ ਜਿਹਾ,
ਗਹੁ ਕਰੀਏ ਤਾਂ ਖ਼ਾਸ ਹੈ ਉਹ, ਨਾ ਕਰੀਏ ਤਾਂ ਆਮ ਜਿਹਾ।

'ਸੋਭਾ' ਉਸ ਦੀ ਚਾਰ ਚੁਫ਼ੇਰੇ, ਵੈਸੇ ਹੈ ਬਦਨਾਮ ਜਿਹਾ,
ਜੋ ਖਾਵੇ ਪਰਲੋਕ ਸਿਧਾਵੇ, ਐਸਾ ਇਕ ਤੁਆਮ ਜਿਹਾ।

ਸੱਤੇ ਸਾਗਰ, ਸੱਤੇ ਅੰਬਰ, ਨਿਗਾਹ 'ਚ ਉਸਦੇ ਮਾਰ 'ਚ ਵੀ,
ਮੌਤ ਫ਼ਰਿਸ਼ਤੇ ਵਾਂਗੂੰ ਹਰ ਥਾਂ, ਸੱਤ ਪਤਾਲ ਮੁਕਾਮ ਜਿਹਾ।

ਸਾਹ-ਸਤ ਜੀਵਨ ਸੂਤ ਲਵੇ ਤੇ, ਜੋਕਾਂ ਜਿਹਾ ਸਰਾਲ ਜਿਹਾ,
ਜੋ ਵੀ ਹੋਵੇ ਨੇੜੇ ਉਸਦੇ, ਦੇਵੇ ਮੌਤ-ਇਨਾਮ ਜਿਹਾ।

ਫਿਰ ਜਾਵੇ ਕਿਰਚਾਂ ਦੇ ਵਾਂਗੂੰ, ਹੱਡੀਂ ਉਤਰੇ ਪਾਰੇ ਵਾਂਗ
ਸਭ ਨੂੰ ਫਿਰ ਵੀ ਏਦਾਂ ਜਾਪੇ, ਰਹਿੰਨਾ ਏ ਗੁਮਨਾਮ ਜਿਹਾ।

ਜਿਸ ਤੋਂ ਹਾਲੇ ਵੀ ਭੈ ਖਾਵੇ, ਸਨਮੁਖ ਹੋਣੋਂ ਵੀ ਡਰਦਾ
ਹਰ ਹਾਕਮ ਲਈ ਮੌਤ ਦਿਸੇ ਜੋ, ਉਹ ਇੱਕ ਸ਼ਬਦ ਅਵਾਮ ਜਿਹਾ।

ਦੁਨੀਆ ਦੇ ਤਾਨਾਸ਼ਾਹ ਸਾਰੇ, ਉਸ ਨੇ ਸਾਜ ਕੇ ਤਖ਼ਤ ਬਹਾਏ
ਕੰਨ ਮਰੋੜੇ ਅੰਦਰੋਂ, ਬਾਹਰੋਂ ਕਰਦਾ ਏ ਪਰਨਾਮ ਜਿਹਾ।

ਭੂਤ ਪਵੇ ਨਾ ਬੋਤਲ ਵਿਚ ਜੇ, ਬੁਰਕਾ ਲਾਹੇ ਦੋਸਤੀਆਂ ਦਾ,
ਇਕੋ ਝਟਕੇ ਨਾਲ ਹੀ ਉਸਦਾ, ਕਰ ਦੇਵੇ ਅੰਜਾਮ ਜਿਹਾ,

ਉਸ ਵਰਗੇ ਹੀ ਉਸ ਦੇ ਮਿੱਤਰ ਬੇਗ਼ੈਰਤ, ਖ਼ੁਦਗਰਜ਼ ਬੜੇ,
ਮੱਥੇ ਕਾਲੇ ਟਿੱਕੇ ਵਰਗਾ, ਮਿੱਤਰ ਨਹੀਂ, ਇਲਜ਼ਾਮ ਜਿਹਾ।

ਅੱਜ ਹੈ ਕੈਸਾ ਵਕਤ ਭਿਆਨਕ, ਚਿੰਤਾ ਵਿਚ ਸਭ ਲਟਕ ਰਹੇ,
ਆਪਣੇ ਦਿਲ ਦੀ ਕੋਈ ਨਾ ਦੱਸੇ, ਮੂੰਹ ਵਿਚ ਇਕ ਲਗਾਮ ਜਿਹਾ।

'ਅਕਲਾਂ ਵਾਂਗ ਕਬੂਤਰ ਚੀਨੇ, ਉੱਚੀਆਂ ਦਿਸਣ ਅਕਾਸ਼ਾਂ ਵਿੱਚ,
ਫਿਰ ਬਹਿ ਛਤਰੀ ਗੁਟਕੂੰ, ਗੁਟਕੂੰ, ਚੋਗਾ ਚੁਗਣ ਹਰਾਮ ਜਿਹਾ।

ਜਿਸ ਮਸਤਕ ਵਿੱਚ ਹੀ ਨੀ ਜੋਤੀ, ਚੇਤਨਤਾ, ਸਵੈਮਾਨ ਜਗੇ,
ਵਸਤੂ ਬਣ ਮੰਡੀ ਦੀ ਵਿਕਿਆ, ਹੋਇਆ ਕਲ੍ਹ ਨਿਲਾਮ ਜਿਹਾ।

"ਸੂਫ਼ੀ" ਸੱਚ ਦਾ ਪਰਚਮ ਲੈ ਕੇ ਜੋ ਵੀ ਉਠ ਕੇ ਹੈ ਤੁਰਿਆ,
ਮੈਂ ਉਹ ਕਦੀ ਨਾ ਹੋਇਆ ਡਿੱਠਾ, ਸੰਕਟ ਵਿੱਚ ਉਪਰਾਮ ਜਿਹਾ।

(16-6-2002)

## 4. ਉਂਕਾਰਪ੍ਰੀਤ

ਬਾਜ਼ਾਰ ਤਾਂ ਉਡੀਕੇ ਮੂੰਹ ਮੰਗੇ ਦਾਮ ਲੈ ਕੇ
ਪਰ ਮੈਥੋਂ ਜਾ ਨਾ ਹੋਵੇ ਅਪਣਾ ਕਲਾਮ ਲੈ ਕੇ।

ਪਹੁ-ਫੁੱਟ ਨੂੰ ਦੁਪਹਿਰੇ ਤਕ ਲੈ ਕੇ ਜਾਣ ਵਾਲਾ
'ਰਹਿਬਰ' ਉਹ ਡੁੱਬਾ ਹਾਏ ਧੁੱਪ ਵੱਟੇ ਸ਼ਾਮ ਲੈ ਕੇ।

ਅੰਬਰ ਤੋਂ ਟੁੱਟ ਕੇ ਜਿਉਂ ਤਾਰੇ ਖਲਾ 'ਚ ਗੁੰਮਣ
ਬੁਝਦੇ ਨੇ ਲੋਕ ਏਦਾਂ ਭੁੱਖ ਤੋਂ ਇਨਾਮ ਲੈ ਕੇ।

ਜਦ ਚੋਰ ਕਰਦੇ ਵੇਖੇ ਸਿੱਕੇ ਤੇ ਨੋਟ ਤੈਨੂੰ
ਬੂਹੇ ਚੋਂ ਮੁੜ ਮੈਂ ਆਇਆ ਅਪਣਾ ਸਲਾਮ ਲੈ ਕੇ।

ਇਕ ਰਾਹੀ ਰੁਕਿਆ, ਰੋਇਆ, ਚੁਪਚਾਪ ਤੁਰ ਪਿਆ ਫਿਰ
ਮੇਪਲ ਨੂੰ ਜੱਫੀ ਜਾ ਕੇ ਪਿੱਪਲ ਦਾ ਨਾਮ ਲੈ ਕੇ।

ਦਾਰੂ ਸੀ ਪਾਣੀ-ਪਾਣੀ ਤੇ ਪਿਆਲੇ ਝੂਠੇ ਝੂਠੇ
ਮਹਿਫ਼ਲ 'ਚ ਪੇਸ਼ ਸੀ ਇਕ ਸ਼ਾਇਰ ਕਲਾਮ ਲੈ ਕੇ।

ਲੈ ਪਾਨ ਤੇ ਸੁਪਾਰੀ ਨਨਕਾਣੇ ਜਾਣ ਵਾਲੇ
ਕਰਤਾਰਪੁਰ ਨੂੰ ਮੁੜਦੇ ਕਾਜੂ-ਬਦਾਮ ਲੈ ਕੇ।

ਜਦ 'ਰਾਮ ਜੀ' ਵੀ ਨਿਕਲੇ ਬਸ ਕੋਈ 'ਰਾਮ-ਚੰਦਰ'
ਅਗਨੀ ਚੋਂ ਗੁਜ਼ਰੀ ਸੀਤਾ ਤਦ ਕਿਸਦਾ ਨਾਮ ਲੈ ਕੇ ?

5.

ਨੇੜਤਾ ਇਹ ਆਪਣੀ ਕੇਹੋ ਜਿਹੀ ਹੈ ?
ਮਿਲਣ ਦੀ ਕੋਈ ਰਾਹ ਵੀ ਨਾ ਵਿਚ ਬਚੀ ਹੈ।

ਪਹੁ -ਫੁਟਾਲਾ, ਧੁਪ ਦੀ ਕਾਤਰ, ਜੁਗਨੂੰ ਦੀ ਲੋ
ਮੁਸਕਰਾਹਟ ਤੇਰੀ ਕੀ ਕੀ ਬਣ ਰਹੀ ਹੈ।

ਜਾਪਦਾ ਹੈ ਸਭ ਨੂੰ ਉਹ ਖ਼ਾਲੀ ਫਰੇਮ
ਰੂਹ ਦੀ ਤਸਵੀਰ ਮੈਂ ਜਿਸ ਵਿਚ ਜੜੀ ਹੈ।

ਤਿੱਲੇ ਕੱਢੇ ਜਾਪਦੇ ਨੇ ਚੰਨ ਤਾਰੇ
ਤੇਰੀ ਚੁੰਨੀ ਵਾਂਗ 'ਵਾ ਜਦ ਰੁਮਕਦੀ ਹੈ।

ਬੰਦ ਬੂਹੇ ਬਾਰੀਆਂ ਥੀਂ ਭਿਉਂਦੀ ਸੀ ਜੋ
ਉਹ ਕਣੀ ਮੀਹਾਂ 'ਚ ਹੁਣ ਕਿੱਥੇ ਰਹੀ ਹੈ।

ਆਖ਼ਰੀ ਖ਼ਤ ਤੇ ਤੇਰੀ ਉਹ ਸੁਰਖ ਮੋਹਰ
ਰੋਜ਼ ਆਥਣ ਰੰਗ ਜਿਸਤੋਂ ਮੰਗਦੀ ਹੈ।



ਪਤਝੜੋਂ ਲੰਘੀ ਹੈ ਜਦ ਵੀ ਤੇਰੀ ਯਾਦ
ਰੁੱਤ ਦੀ ਖੜ-ਖੜ, ਛਨਨ-ਛਨ ਹੋ ਗਈ ਹੈ।

ਯਾਦ ਤੇਰੀ ਵਿਚ ਇਹ ਮੇਰਾ ਦਿਲ ਹੈ ਕਿ
ਚਾਨਣੀ ਵਿੱਚ ਝੀਲ ਕੋਈ ਚਮਕਦੀ ਹੈ।

ਸ਼ਿਅਰ ਬਣ ਬਣ ਬੋਲਦੇ ਤੇਰੇ ਖ਼ਿਆਲ
'ਪ੍ਰੀਤ' ਕਿੰਝ ਆਖਾਂ ਗ਼ਜ਼ਲ ਇਹ ਮੈਂ ਕਹੀ ਹੈ।

6.

ਲੋਈ ਨਾ ਕੋਲ ਕੋਈ ਪਿਛਲੇ ਸਿਆਲ ਦੀ
ਬੁੱਕਲ 'ਚ ਕਿਸਦੀ ਕੱਟੀਏ ਠੰਡ ਇਸ ਹੁਨਾਲ ਦੀ।

ਬੁੱਕਲ ਜੇ ਸਾਂਭੀ ਹੁੰਦੀ ਬੀਤੇ ਹੁਨਾਲ ਦੀ
ਲਗਦੀ ਨਾ ਠੰਡ ਠੰਡੀ ਅੱਜ ਇਉਂ ਸਿਆਲ ਦੀ।

ਨੈਣਾਂ ਚੋਂ ਦਿਲ ਨੂੰ ਪੜ੍ਹਨੀ ਉਹ ਸ਼ੈ ਕਮਾਲ ਦੀ
ਬੱਸ ਰਹਿ ਗਈ ਹੈ ਪੁਛਗਿਛ ਹੁਣ ਹਾਲ ਚਾਲ ਦੀ।

ਇਸ ਵਿਚ ਨਾ ਜੇ ਮੈਂ ਅਪਣਾ ਗੁਟਕਾ ਲਪੇਟਦਾ
ਦੁਨੀਆ ਤੋਂ ਖ਼ੈਰ ਨਾ ਸੀ ਤੇਰੇ ਰੁਮਾਲ ਦੀ।

ਛਨ-ਛਨ, ਛਨਨ ਛਨਨ ਛਨ, ਛਨ-ਛਨ, ਛਨਨ ਛਨਨ
ਇਕ ਤਾਲ ਬਾਵਰੀ ਹੈ ਹਮ-ਤਾਲ ਭਾਲਦੀ।

ਸੱਚਿਆਂ ਤੋਂ ਜ਼ਹਿਰ ਪੀ ਕੇ ਸੱਚ ਮਰਦਾ ਹੈ ਜਦੋਂ
ਕਦ ਜ਼ਿੰਦਗੀ ਹੈ ਕੋਈ ਉਸ ਮੌਤ ਨਾਲ ਦੀ।

ਸੁਣ ਸੁਣ ਕੇ ਜਿਸਨੂੰ ਲੋਕਾਂ ਦੇ ਸਿਰ ਨੇ ਝੂਮਦੇ
ਕਰਦੇ ਹਾਂ ਖ਼ੁਸ਼ਬਿਆਨੀ ਇਕ ਦਿਲ ਮਲਾਲ ਦੀ।

## 7. ਸੁਖਵਿੰਦਰ ਰੰਧਾਵਾ

(ਪਾਕਿਸਤਾਨ ਦੇ ਨਾਂ)

ਪਤਝੜ ਪਿਛੋਂ ਰੁੱਤਾਂ ਆਉਣ ਬਹਾਰ ਦੀਆਂ।
ਆਓ ਰਲ ਕੇ ਪਾਈਏ ਸਾਂਝਾਂ ਪਿਆਰ ਦੀਆਂ।

ਨਹੁੰ ਨਾਲੋਂ ਨਾ ਮਾਸ ਕਦੀ ਵੀ ਟੁੱਟਦਾ ਹੈ
ਐਵੇਂ ਗੱਲਾਂ ਬਣੀਆਂ ਨਹੀਂ ਸੰਸਾਰ ਦੀਆਂ।

ਆਂਢ ਗੁਆਂਢ ਤਾਂ ਭਾਈਆਂ ਤੋਂ ਵੱਧ ਹੁੰਦੇ ਨੇ
ਕਦ ਤੱਕ ਗੱਲ ਕਰਾਂਗੇ ਆਪਾਂ ਖਾਰ ਦੀਆਂ।

ਸਭ ਦਾ ਦੁਖ-ਸੁਖ ਰਲ ਕੇ ਅਸੀਂ ਵੰਡਾ ਲਈਏ,
ਗਲ ਵਿੱਚ ਬਾਹਾਂ ਪਾ ਕੇ ਸੋਹਣੇ ਯਾਰ ਦੀਆਂ।

ਲੋਕਾਂ ਦੀ ਚੁਕਣਾ ਵਿੱਚ ਕਦ ਤਕ ਆਵਾਂਗੇ
ਇਹੋ ਗੱਲਾਂ ਨੇ ਅੱਜ ਤਕ ਸਾਨੂੰ ਮਾਰਦੀਆਂ।

ਬੋਲੀ, ਮੇਲੇ, ਬੁੱਲੇ, ਰਾਂਝੇ, ਸਾਂਝੇ ਨੇ
ਕਿਉਂ ਨਾ ਆਪਾਂ ਸਾਂਝਾਂ ਪਾਈਏ ਪਿਆਰ ਦੀਆਂ।

ਰਲ ਮਿਲ ਬਹੀਏ, ਭਾਈ ਬਣਕੇ ਰਹੀਏ ਹੁਣ
ਢਾਹ ਕੇ ਸਭ ਸਰਹੱਦਾਂ ਇਸ ਸੰਸਾਰ ਦੀਆਂ।

*ਪਿੰਡ : ਪੁਰਾਣਾ ਧਾਰੀਵਾਲ, ਡਾ; ਧਾਰੀਵਾਲ, ਜਿਲਾ ਗੁਰਦਾਸਪੁਰ*

## ਗ਼ਜ਼ਲ / *ਹਰਭਜਨ ਸਿੰਘ ਹੁੰਦਲ*

ਰਾਖ਼ ਬਣੇ ਸਿਰਨਾਵੇਂ ਸੱਭੇ
ਕਿਸ ਨੂੰ ਪੱਤਰ ਪਾਵੇਂਗਾ ?
ਏਸ ਕੈਂਪ ਚੋਂ ਉੱਠ ਕੇ ਇਕ ਦਿਨ
ਕਿਹੜਾ ਦਰ ਖੜਕਾਵੇਂਗਾ ?

ਘਰ ਮੁੜਦੇ, ਮੋੜਾਂ ਦੇ ਉੱਤੇ
ਖੜੇ ਸਿਪਾਹੀ, ਜਾਂ ਕਾਤਿਲ
ਸੜੀਆਂ ਲਾਸ਼ਾਂ ਵਿੱਚੋਂ ਲੰਘਦਾ
ਕਿੰਝ ਈਮਾਨ ਬਚਾਵੇਂਗਾ ?

ਗਲੀ ਗਵਾਂਢ ਵਸੰਦੇ ਲੋਕੀਂ
ਹਿੰਦੂ ਬਣ ਗਏ ਜਾਂ ਮੁਸਲਿਮ
ਬੰਦਾ ਲੱਭਦਾ ਲੱਭਦਾ ਹੁਣ ਤੂੰ
ਪਾਗਲ ਹੀ ਅਖਵਾਵੇਂਗਾ

ਇਹ ਵੀ ਹੋ ਸਕਦਾ ਹੈ, ਤੈਨੂੰ,
ਰਾਹ ਵਿਚ ਕੋਈ ਕਤਲ ਕਰੇ
ਕਿਹੜੀ ਗੱਲ ਕਹੇਂਗਾ ਅੰਤਮ
ਕੀ ਸੰਦੇਸ਼ ਲਿਖਾਵੇਂਗਾ ?

ਦੋਹਾਂ ਵਿੱਚ ਅੰਤਰ ਨਾ ਕੋਈ
ਕੀ ਗੁਜਰਾਤ ਹੈ, ਕੀ ਦਿੱਲੀ
ਇੱਕੋ ਹੀ ਕਾਤਲ ਨੇ ਹਰ ਥਾਂ
ਕੀ ਵਖਰੇਵਾਂ ਪਾਵੇਂਗਾ ?

ਸਾਨੂੰ ਗ਼ਜ਼ਲਾਂ ਮੁੜ ਮੁੜ ਆਖਣ,
"ਬੋਲ, ਕਿ ਬੋਲਣ ਦਾ ਵੇਲਾ,
ਚੁੱਪ ਰਿਹਾ ਤਾਂ ਨਾਲ ਸ਼ਰਮ ਦੇ
ਜੀਊਂਦਾ ਹੀ ਮਰ ਜਾਂਵੇਗਾ।"

'ਹੁੰਦਲ' ਨਾਲ ਅਨੇਕਾਂ ਵਾਰੀ
ਹੋਏ ਹਾਦਸੇ ਏਦਾਂ ਦੇ
ਏਨਾ ਭਾਰ ਉਠਾ ਕੇ ਦਿਲ ਤੇ
ਕਿਸ ਦਾ ਦਰਦ ਵੰਡਾਵੇਂਗਾ ।

*20-6-02*

## ਕਵਿਤਾ ਲਿਖਣ ਦਾ ਸੁਆਦ

*—ਹਰਭਜਨ ਸਿੰਘ ਹੁੰਦਲ*

ਕਵਿਤਾ ਦੀ ਭਾਲ ਕਰਦਿਆਂ
ਮੇਰੇ ਵੀ ਸਿਰ ਵਿੱਚ ਲਾਠੀ ਵੱਜੀ।
ਲੱਠਬਾਜ਼ ਪੁਲਸ ਦੇ ਨਹੀਂ
'ਕਾਮਰੇਡ' ਸਨ
'ਕਰਾਂਤੀਕਾਰੀ'
ਗਲਾਂ ਵਿਚ ਪਟੇ
ਹੁਕਮ ਦੇ ਬੱਧੇ
ਚਾਬੀ ਵਾਲੇ ਖਡੌਣੇ।

ਉਹ ਉੱਤਰੇ
ਤੇ ਆਖਣ ਲੱਗੇ;
"ਤੂੰ ਏਥੇ ਕੀ ਕਰਦਾ ਏਂ ?
ਕਵੀਆਂ ਦਾ ਪਾਰਟੀ-ਦਫ਼ਤਰ
ਵਿੱਚ ਕੀ ਕੰਮ ?"
ਉਹਨਾਂ ਮੇਰੀ ਸਿਰ ਵਿੱਚ ਡਾਂਗ ਮਾਰੀ
ਤੇ ਖਿੜ-ਖਿੜਾ ਕੇ ਹੱਸੇ।

ਲਾਠੀ ਪੁਲਸ ਦੀ ਹੁੰਦੀ
ਤਾਂ ਹੋਰ ਗੱਲ ਸੀ।

ਡਿੱਗੇ ਹੋਏ ਨੂੰ ਪੁੱਛਣ ਲੱਗੇ
"ਲੈ ਲਿਆ ਕਵਿਤਾ ਲਿਖਣ ਦਾ ਸੁਆਦ"
ਸੱਚੀ ਗੱਲ ਤਾਂ ਇਹ ਸੀ
ਕਿ ਕਾਅਬੇ ਵਿੱਚ ਕੁਫ਼ਰ ਨੂੰ ਵੇਖ
ਕਵਿਤਾ ਲਿਖਣ ਦਾ ਸੁਆਦ
ਤੇ ਅੱਜ ਹੀ ਆਇਆ ਸੀ
ਪਹਿਲੀ ਵਾਰ, ਏਨੇ ਚਿਰਾਂ ਬਾਅਦ।

(26.5.2002)



*ਵਾਦ-ਵਿਵਾਦ*

# ਖਾਊ ਮੱਧ ਵਰਗ ਦੀ ਚੜ੍ਹਾਈ ਤੋਂ ਪ੍ਰੇਰਤ ਆਤਮ ਵਿਸ਼ਵਾਸੀ ਸੁਰ

*—ਸੁਮੇਲ ਸਿੰਘ ਸਿੱਧੂ*

ਸਾਡੇ ਪੋਸਟਰਾਂ ਦੀ ਲਿਖਤ ਤੋਂ ਘਬਰਾ ਨਾ ਜਾਈ.......ਉਨ੍ਹਾਂ ਵਿਚ 'ਸਰਮਾਇਆਦਾਰੀ ਮੁਰਦਾਬਾਦ' ਜਿਹੇ ਘਸੇ ਨਾਅਰੇ ਹਨ...... ਪਰ ਹਾਲੇ ਇਨ੍ਹਾਂ ਦੀ ਲੋੜ ਹੈ...... ਸਾਨੂੰ ਸਤੇ ਹੋਏ ਕਮਿਊਨਿਸਟ ਕਾਮੇ ਦੀ ਬੋਲੀ ਬੋਲਣੀ ਚਾਹੀਦੀ ਹੈ..... ਕੂਟਨੀਤੀ ਮੰਗ ਕਰਦੀ ਹੈ ਕਿ...... ਕੁਝ ਵੀ ਸਾਫ਼-ਸਾਫ਼ ਨਾ ਕਿਹਾ ਜਾਵੇ।

ਨਾਜ਼ੀ ਨੇਤਾ ਦਾ ਉਦਯੋਗਪਤੀ ਨੂੰ ਪੱਤਰ, 1930 ............ ਭਾਰਤੀ ਇਤਿਹਾਸ ਦੀ ਰੂਪ-ਰੇਖਾ ਨਿਖਾਰ ਕੇ ਮੁਗਲ ਸਾਮਰਾਜ ਦੀ ਬਜਾਇ ਹਿੰਦੂ ਰਾਜਿਆਂ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਵੇਗਾ........ 'ਸੋਧੀਆਂ' ਕਿਤਾਬਾਂ 'ਚ ਹਿੰਦੂ ਦੇਵਤਿਆਂ, ਰਾਮ ਅਤੇ ਕ੍ਰਿਸ਼ਨ ਦੀ ਹੋਂਦ ਬਾਬਤ ਕਿਸੇ ਪੁਰਾਤੱਤਵ ਗਵਾਹੀ ਦੀ ਅਣਹੋਂਦ ਦਾ ਜ਼ਿਕਰ ਨਹੀਂ ਹੋਵੇਗਾ। 'ਸੰਸਾਰ ਇਤਿਹਾਸ ਦੀ ਯੂਰਪ-ਮੁਖੀ ਧਾਰਨਾ' ਤੋਂ ਵਿਦਿਅਕ ਖੋਜ ਤੇ ਸਿਖਲਾਈ ਲਈ ਕੌਮੀ ਪ੍ਰੀਸ਼ਦ ਪੱਲਾ ਛੁਡਾਉਣਾ ਚਾਹੁੰਦੀ ਹੈ।

ਜੇ. ਐਸ., ਰਾਜਪੂਤ ਨਿਰਦੇਸ਼ਕ ਵਿਦਿਅਕ ਪ੍ਰੀਸ਼ਦ 2001 ਨਾਜ਼ੀਵਾਦ ਦਾ ਮੋਢੀ ਹਿਟਲਰ ਆਪਣੀ ਆਤਮਕਥਾ 'ਮੇਇਨ ਕੈਂਪਫ' 'ਆਸ਼ਵਿਟਜ਼ ਦੀਆਂ ਸੰਤਾਨਾਂ' ਨੂੰ ਭੇਟ ਕਰਦਾ ਹੈ। ਆਸ਼ਵਿਟਜ਼ ਵਿਚਲੇ ਕਸੰਟ੍ਰੇਸ਼ਨ ਕੈਂਪਾਂ ਵਿਚ ਲੱਖਾਂ ਯਹੂਦੀਆਂ ਦਾ ਕਤਲੇਆਮ ਹੋਇਆ। ਇਸ ਕਿਤਾਬ ਵਿਚ ਯਹੂਦੀਆਂ ਨੂੰ 'ਵਿਆਪਕ ਨਾਰਡਿਕ ਨੱਸਲ' ਦੇ ਵਿਰੋਧੀ ਦਰਸਾ ਦੇ ਕੇ ਉਨ੍ਹਾਂ ਦੇ ਕਤਲ ਦਾ 'ਵਿਹਾਰਕ ਆਧਾਰ' ਪੇਸ਼ ਕੀਤਾ ਗਿਆ ਹੈ। ਇਸ ਦੇ ਬਾਵਜੂਦ ਇਸ ਕਿਤਾਬ ਨੂੰ ਯਹੂਦੀਆਂ ਨੂੰ ਹੀ ਸਮਰਪਿਤ ਕੀਤਾ ਗਿਆ। ਇਸ ਪਿੱਛੇ ਲੁਕੀ ਹਿੰਸਾ ਨੂੰ ਬਿਆਨਣਾ ਬਹੁਤ ਔਖਾ ਹੈ।

ਇਸੇ ਸਾਲ ਰਿਲੀਜ਼ ਹੋਈ ਫਿਲਮ 'ਗਦਰ' ਦਾ ਉਪ ਸਿਰਲੇਖ ਸੀ: 'ਏਕ ਪ੍ਰੇਮ ਕਥਾ'। ਹਿੰਦ-ਪਾਕਿ ਵੰਡ ਦੀ ਤ੍ਰਾਸਦੀ ਦੇ ਬਹਾਨੇ ਇਸ ਵਿਚੋਂ ਭਾਰਤੀ ਮੱਧ ਵਰਗਾਂ ਮੁਸਲਮਾਨਾਂ ਨੂੰ ਨਫ਼ਰਤ ਕਰਨ ਦਾ 'ਵਿਹਾਰਕ ਆਧਾਰ' ਲੱਭ ਲੈਂਦਾ ਹੈ। ਕਈ ਸੂਖਮ ਨੁਕਤੇ ਇਸ ਫਿਲਮ 'ਚ ਹੁੰਦੇ ਹੋਏ ਵੀ ਇਸ ਦੇ ਕੇਂਦਰੀ ਨੁਕਤੇ ਨਹੀਂ ਹਨ। 'ਏਕ ਪ੍ਰੇਮ ਕਥਾ' ਨਫ਼ਰਤ ਦੇ ਦਸਤਾਵੇਜ਼ 'ਚ ਬਦਲ ਜਾਂਦੀ ਹੈ। ਇਸ ਲਈ ਹਿੱਟ ਵੀ ਹੋ ਜਾਂਦੀ ਹੈ। ਸ਼ਮੀਲ ਦੀ ਪੁਸਤਕ 'ਸਿਆਸਤ ਦਾ ਰੁਸਤਮੇ ਹਿੰਦ' ਜ਼ਾਹਰਾ ਤੌਰ 'ਤੇ ਹਰਕਿਸ਼ਨ ਸਿੰਘ ਸੁਰਜੀਤ ਨੂੰ 'ਆਖ਼ਰੀ ਕਮਿਊਨਿਸਟ' ਕਰਾਰ ਦਿੰਦੀ ਹੋਈ, ਉਸ ਦੀ ਮਹਿਮਾ ਕਰਦੀ ਹੈ। ਪਰ ਨਾਲ ਹੀ ਕਮਿਊਨਿਸਟਾਂ ਨੂੰ ਮਨੁੱਖਤਾ ਦੇ ਦੁਸ਼ਮਣ ਵੀ ਕਹਿੰਦਾ ਹੈ। 'ਮਾਸੂਮ' ਖਾਹਸ਼ਾਂ ਦਾ ਦਮਨ ਕਰਨ ਵਾਲੇ ਗ਼ੈਰ-ਮਨੁੱਖ, 'ਜਿਹਾਦੀ', ਆਦਿ। ਉਂਞ ਜਾਰਜ ਬੁਸ਼ ਵੀ ਇਨ੍ਹੀਂ ਦਿਨੀਂ ਇਹੋ ਬੋਲੀ ਬੋਲ ਰਿਹਾ ਹੈ। ਹਾਲੀਵੁੱਡ ਵਿਚ ਤਾਂ ਕਦੇ ਵੀ ਮਾਰਕਸੀਆਂ ਅਤੇ ਦਹਿਸ਼ਤਗਰਦਾਂ ਵਿਚਕਾਰ ਕੋਈ ਫਰਕ ਨਹੀਂ ਕੀਤਾ ਜਾਂਦਾ। ਬਹਰਹਾਲ ਇਹ ਕਿਤਾਬ ਚਰਚਾ 'ਚ ਰਹੀ ਹੈ, ਯਾਨੀ ਕਿ ਹਿੱਟ ਰਹੀ ਹੈ।

'ਮੇਇਨ ਕੈਂਪਫ' 'ਗਦਰ' 'ਸਿਆਸਤ ਦਾ ਰੁਸਤਮੇ-ਹਿੰਦ', ਇਹ ਤਿੰਨੇ ਕਲਾ-ਰੂਪ ਇਤਿਹਾਸ ਵਰਤਾਰਿਆਂ ਨੂੰ ਕਰਾਰੇ ਫਿਕਰਿਆਂ ਨਾਲ, ਅਣਸੋਧੀਆਂ ਧਾਰਨਾਵਾਂ ਨਾਲ, ਇਤਿਹਾਸਕ ਸੰਰਚਨਾ ਦੇ ਵਿਵੇਕ ਬਾਰੇ ਮੁਢਲੀ ਜਾਣਕਾਰੀ ਦੀ ਘਾਟ ਕਰਨਾ ਪੈਦਾ ਹੋਈਆਂ ਸਰਲਤਾਈਆਂ ਨਾਲ, ਲੰਪਟ ਦਲੀਲਬਾਜ਼ੀ ਦੇ ਸ਼ੋਰ ਨਾਲ ਬੇਹੱਦ ਇਕਹਿਰਾ ਬਣਾ ਕੇ ਪੇਸ਼ ਕਰਦੇ ਹਨ। ਫਾਸ਼ੀਵਾਦ ਦੀ ਮੁਢਲੀ ਪਛਾਣ ਇਹੀ ਹੁੰਦੀ ਹੈ। ਸਾਡੀਆਂ ਫਿਲਮਾਂ, ਚਿੰਤਨ, ਇਸ਼ਤਿਹਾਰਬਾਜ਼ੀ, ਰਾਜਨੀਤੀ, ਸਾਹਿਤ ਇਨ੍ਹੀਂ ਦਿਨੀਂ

ਇਸੇ ਪ੍ਰਵਿਰਤੀ ਦੀ ਗ੍ਰਿਫਤ 'ਚ ਹਨ। ਇਤਿਹਾਸ ਗਵਾਹ ਹੈ ਕਿ ਫਾਸ਼ੀਵਾਦ ਵੀ ਮੱਧਲੇ ਲੋਕਾਂ ਦੀਆਂ ਖ਼ਾਹਸ਼ਾਂ ਪੂਰੀਆਂ ਕਰ ਰਿਹਾ ਸੀ। ਸਾਡਾ ਮਹਾ-ਦੇਸ਼ ਵੀ ਅੱਜ ਕੱਲ੍ਹ ਇਸ ਦੀ ਪਕੜ ਵਿਚ ਹੈ।

ਸ਼ਮੀਲ ਦੀ ਪੁਸਤਕ ਨੂੰ ਇਨ੍ਹਾਂ ਬਦਨਾਮ ਹਵਾਲਿਆਂ ਨਾਲ ਨੱਥੀ ਕਰਨ ਦੇ ਹੋਰ ਵੀ ਆਧਾਰ ਹਨ, ਹਿਟਲਰ ਦਾ ਕਾਤਲ ਅਤੇ 'ਉਦਾਰ' ਹੋਣਾ, ਪ੍ਰੇਮ ਕਥਾ ਦਾ ਨਫ਼ਰਤ ਦੇ ਦਸਤਾਵੇਜ਼ 'ਚ ਬਦਲ ਜਾਣਾ, ਸ਼ਖਸੀ ਮਿੱਥ ਉਭਾਰਨਾ ਅਤੇ ਸ਼ਖ਼ਸ਼ ਦੀ ਵਿਚਾਰਧਾਰਕ ਉਸਾਰੀ ਨੂੰ ਨਕਾਰਨਾ। ਦੂਸਰੇ ਇਨ੍ਹਾਂ ਕਲਾ-ਰੂਪਾਂ ਦੀ ਉੱਚੀ ਸੁਰ, ਮਸੀਹਾਈ ਸੰਬੋਧਨ, ਤੇਜ਼-ਤਰਾਰ ਸ਼ੈਲੀ, ਆਤਮ-ਪੀੜਾ ਦਾ ਪ੍ਰਵਚਨ। ਹਿਟਲਰ ਨੂੰ ਯਹੂਦੀ ਇਸ ਦੇ ਜ਼ਿਮੇਵਾਰ ਲੱਗੇ, 'ਗਦਰ' ਵਿਚ ਸੰਨੀ ਦਿਓਲ ਨੂੰ ਮੁਸਲਮਾਨ, ਅਤੇ ਸ਼ਮੀਲ ਨੂੰ ਕਮਿਊਨਿਸਟ। ਇਹ ਕਿਤਾਬ ਭਾਜਪਾ-ਰਸਸ ਦੇ ਸੁਧਰ ਜਾਣ ਦਾ ਹੋਕਾ ਦਿੰਦੀ ਹੈ, 'ਗਦਰ' ਵਿਚ ਮੁਸਲਮਾਨਾਂ ਦੀ ਪੇਸ਼ਕਾਰੀ ਰਸਸ ਦੇ ਅਨੁਕੂਲ ਹੈ ਅਤੇ ਹਿਟਲਰ ਨੂੰ ਤਾਂ ਰਸਸ ਆਪਣੀ ਪ੍ਰੇਰਨਾ ਦਾ ਸੋਮਾ ਮੰਨਦੀ ਹੈ। ਇਸ ਕਿਤਾਬ ਵਿਚ ਰਸਸ ਆਧਾਰਿਤ ਫਾਸ਼ੀਵਾਦੀ ਲੇਖਣ ਸ਼ੈਲੀ ਦੀ ਮੋੜ੍ਹੀ ਗੱਡੀ ਗਈ ਹੈ।

'ਮੇਇਨ ਕੈਂਪਫ' ਅਤੇ 'ਗਦਰ' ਨੂੰ ਗੰਭੀਰ ਤਬਕਿਆਂ ਨੇ ਰੱਜ ਕੇ ਨਿੰਦਿਆ ਹੈ ਪਰ ਪੰਜਾਬੀ ਵਿਚ ਇਸ ਕਿਤਾਬ ਨੂੰ ਕਈ ਗੰਭੀਰ ਲੋਕਾਂ ਨੇ ਜੀ ਆਇਆਂ ਕਿਹਾ ਹੈ। ਗੁਰਬਚਨ ਨੇ ਇਸ ਨੂੰ 'ਵਿਵੇਕੀ, ਵਿੱਥ-ਸੂਝ ਦਾ ਪ੍ਰਮਾਣ ਮੰਨਿਆ ਹੈ! ਉਨ੍ਹਾਂ ਅਨੁਸਾਰ 'ਸਤਹ ਹੇਠ ਦੱਬੇ ਹੋਏ ਨੂੰ ਨੌਜਵਾਨ ਲੇਖਕ ਨੇ ਚਿੰਤਨੀ ਨਿਗ੍ਹਾ' ਨਾਲ ਦੇਖਿਆ ਹੈ। ਕਿਉਂਕਿ ਗੁਰਬਚਨ ਨੇ ਪੰਜਾਬੀ ਸਾਹਿਤ-ਸਭਿਆਚਾਰ ਵਿਚ ਗੰਭੀਰ ਮੁੱਦਿਆਂ ਨੂੰ ਗੈਰ ਹਾਜ਼ਰ ਨਹੀਂ ਹੋਣ ਦਿੱਤਾ ਅਤੇ ਚਾਲੂ ਕਿਸਮ ਦੀ ਸ਼ਬਦਕਾਰੀ ਨੂੰ ਸੱਟ ਮਾਰੀ ਹੈ., ਇਸ ਲਈ ਉਨ੍ਹਾਂ ਵਲੋਂ ਇਸ ਪੁਸਤਕ ਦੀ ਉਸਤਤ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਇਸ ਲਿਖਤ 'ਤੇ ਉਸ਼ੋ ਰਜਨੀਸ਼ ਦਾ ਭਰਪੂਰ ਅਸਰ ਹੈ। ਓਸ਼ੋ ਦੇ ਕਿਸੇ ਵੀ ਪ੍ਰਵਚਨ 'ਚੋਂ ਗੁਜ਼ਰੋ ਜਾਂ ਇਸ ਪੁਸਤਕ ਦਾ ਕੋਈ ਕਾਂਡ ਪੜ੍ਹੋ, ਇਕ ਮਾਮਲਾ ਹੈ। ਅਰਥਾਂ ਨਾਲ ਅਜਿਹਾ ਦੁਰਵਿਹਾਰ ਹਾਲਾਂਕਿ ਮੌਜੂਦਾ ਪੰਜਾਬੀ ਸਾਹਿਤ ਦੀ ਕੇਂਦਰੀ ਇਕਾਈ ਹੈ ਪਰ ਸ਼ਬਦਾਂ ਦੀ ਜਗਮਗ-ਜਗਮਗ ਜੋ ਸ਼ਮੀਲ ਨੇ ਦਿਖਾਈ ਹੈ ਉਹ ਬਲਵੰਤ ਗਾਰਗੀ ਅਤੇ ਅਜੀਤ ਕੌਰ ਨੂੰ ਵੀ ਸ਼ਰਮਸਾਰ ਕਰ ਦਿੰਦੀ ਹੈ। ਅਮਰਜੀਤ ਸਿੰਘ ਗਰੇਵਾਲ ਅਤੇ ਡਾ. ਗੁਰਭਗਤ ਸਿੰਘ ਆਪਣੇ ਅਨੁਵਾਦਾਂ ਵਿਚ ਖੇਤਰੀ\ਸਥਾਨਕ ਵਿਚਾਰ ਪ੍ਰਬੰਧਾਂ ਦੀ ਹਮਾਇਤ ਕਰਦੇ ਹਨ। ਇਸੇ ਫਾਰਮੂਲੇ ਅਨੁਸਾਰ ਸ਼ਮੀਲ ਨੇ ਵਿਚਾਰਾਂ\ਤਰਕਾਂ ਖੁੰਢ-ਚਰਚਾ ਦੇ ਪੱਧਰ 'ਤੇ ਲੈ ਜਾ ਕੇ ਜੋ ਸਬੂਤ ਆਪਣੇ 'ਵਿਵੇਕੀ, ਵਿੱਥ-ਸੂਝਵਾਨ ਅਤੇ ਚਿੰਤਨੀ' ਹੋਣ ਦਾ ਦਿੱਤਾ ਹੈ, ਉਸ ਦੀ ਬਰਾਬਰੀ ਸਿਰਫ ਪਿਆਰਾ ਸਿੰਘ ਭਨਿਆਰਾਂ ਵਾਲਾ ਹੀ ਕਰਨ ਦੇ ਸਮਰੱਥ ਹੈ। ਸੱਥਾਂ 'ਚ ਗਾਲ੍ਹੜੀ ਲੋਕ ਨੁਕਤਾ ਸਮਝਾਉਣ\ਮਨਵਾਉਣ ਲਈ 'ਸਿਆਣਿਆ' ਦੇ ਕਹੇ ਦਾ ਇਸਤੇਮਾਲ ਕਰਦੇ ਹਨ। ਕਿਤਾਬ ਵਿਚ ਜਿੱਥੇ ਕਿਤੇ ਵੀ ਕਿਸੇ ਵਿਚਾਰ ਦੀ ਮੌਲਿਕ ਵਰਤੋਂ ਦਾ ਸਮਾਂ ਆਉਂਦਾ ਹੈ, ਉਥੇ ਸ਼ਮੀਲ 'ਕਹਿੰਦੇ ਹਨ', 'ਕਿਹਾ ਜਾਂਦਾ ਹੈ', 'ਮੰਨਿਆ ਜਾਂਦਾ ਹੈ', 'ਲੋਕਾਂ ਅਨੁਸਾਰ', ਆਦਿ ਜੁਮਲਿਆਂ ਦਾ ਸਹਾਰਾ ਲੈ ਕੇ ਗੱਡੀ ਰੇੜ੍ਹ ਲੈਂਦਾ ਹੈ।

ਪੁਸਤਕ ਕਹਿੰਦੀ ਹੈ ਇਸ ਕਿਤਾਬ ਵਿਚ ਜ਼ਾਤੀ ਧਾਰਨਾਵਾਂ ਅਤੇ ਮੁੱਲਾਤਮਕ ਪ੍ਰਧਾਨ ਸੱਚ ਤੋਂ ਮੁਕਤ ਹੋਣ ਦੀ ਸੁਚੇਤ ਕੋਸ਼ਿਸ਼ ਹੈ, ਮਾਰਕਸ ਨੇ ਭਵਿੱਖ ਵਿਚ ਲਹੂ ਦੀਆਂ ਨਦੀਆਂ ਵਹਾਉਣ ਦਾ ਸ਼ਾਸਤਰ ਤਿਆਰ ਕੀਤਾ, ਸਟਾਲਿਨ ਅਤੇ ਪੋਲਪੋਟ ਸ਼ਰਈ ਇਨਕਲਾਬੀ ਸਨ, ਰੂਸ ਦੇ ਟੁੱਟਣ ਨਾਲ ਇਨਕਲਾਬੀ ਕਮਿਊਨਿਜ਼ਮ ਦਾ ਦੌਰ ਬੀਤ ਗਿਆ ਹੈ, ਭਾਰਤੀ ਕਮਿਊਨਿਸਟ ਦਾ ਦੌਰ ਬੀਤ



ਗਿਆ ਹੈ, ਭਾਰਤੀ ਕਮਿਊਨਿਸਟ ਪਾਰਟੀਆਂ ਹੁਣ ਜਮਹੂਰੀ ਢਾਂਚੇ ਨੂੰ ਆਤਮਸਾਤ ਕਰ ਚੁੱਕੀਆਂ ਹਨ, ਸੁਰਜੀਤ ਨੇ ਇਸ ਬਦਲਾਅ ਨੂੰ ਸੰਭਵ ਬਣਾਇਆ ਹੈ, ਸੁਰਜੀਤ ਦੀ ਹਸਤੀ ਦਾ ਮੁਲਅੰਕਣ ਕਰਨ ਲਈ ਪੁਰਾਣੇ ਆਦਰਸ਼ਾਂ ਦੀ ਨਹੀਂ ਸਗੋਂ ਵਿਹਾਰਕ ਹੋਣ ਦੀ ਲੋੜ ਹੈ, ਭਾਜਪਾ ਅਤੇ ਫਾਸ਼ੀਵਾਦ ਬਾਰੇ ਕਮਿਊਨਿਸਟ ਵਧਾ-ਚੜ੍ਹਾ ਕੇ ਗੱਲਾਂ ਕਰਦੇ ਹਨ, ਭਾਰਤੀ ਜਮਹੂਰੀਅਤ ਦਾ ਹੁਣ ਤਕ 'ਰਿੜ੍ਹੀ ਜਾਣਾ' ਅਜ਼ੀਮੋਸ਼ਾਨ ਪ੍ਰਾਪਤੀ ਹੈ, ਪੰਜਾਬੀ 'ਯੂਥ' ਨੱਚਣ-ਟੱਪਣ ਜਾਂ ਬਾਹਰ ਜਾਣ ਦੇ ਹੀ ਕਾਬਲ ਹੈ, ਮੀਡੀਆ ਤੋਂ ਆਜ਼ਾਦੀ ਦੇ ਮਾਡਲ ਹਾਸਲ ਕਰਨ ਵਾਲਾ ਭਾਰਤੀ ਮੱਧ ਵਰਗ ਹੀ ਭਾਜਪਾ ਦਾ ਅਸਲੀ ਦੁਸ਼ਮਣ ਹੈ, 'ਗਲੋਬਲ ਡੈਮੋਕਰੈਟਿਕ ਕਲਚਰ' ਦੇ ਅਧੀਨ ਰਹਿ ਕੇ ਹੀ ਤਰੱਕੀ ਸੰਭਵ ਹੈ, 'ਸੋਸ਼ਣ', 'ਅਨਿਆਂ', ਆਦਿ ਬਹੁਤ ਤਰਲ ਸ਼ਬਦ ਹਨ, ਸੈਕਸ ਬਾਰੇ ਕਮਿਊਨਿਸਟਾਂ ਦਾ ਨਜ਼ਰੀਆ 'ਫਿਊਡਲ' ਹੈ, ਖਾਹਸ਼ਾਂ ਦੀ ਤੀਬਰਤਾ ਵਾਲੇ ਹੀ ਸ਼ਹੀਦ ਬਣਦੇ ਹਨ, ਸ਼ਹੀਦ ਸੰਘਰਸ਼ਾਂ ਦੀਆਂ ਗਾਥਾਵਾਂ, ਇਤਿਹਾਸ ਸਾਡੇ ਸਿਰਾਂ 'ਤੇ ਬੋਝ ਹੈ, ਸੰਕੀਰਨ ਵਿਚਾਰਧਾਰਕ ਨੁਕਤਾਨਜ਼ਰ ਵਾਲਿਆਂ ਨੂੰ ਕਈ ਗੱਲਾਂ ਆਪਾ-ਵਿਰੋਧੀ ਵੀ ਲੱਗ ਸਕਦੀਆਂ ਹਨ, ਇਹ ਉਤਰ-ਇਨਕਲਾਬੀ ਦੌਰ ਹੈ, ਰਾਜਨੀਤੀ ਸ਼ਕਤੀ ਦੀ ਸ਼ਤੰਰਜ ਹੈ. ਇਨ੍ਹੀਂ ਦਿਨੀ ਪੰਜਾਬ ਵਿਚ ਉੱਤਰ-ਆਧੁਨਿਕਤਾਵਾਦ ਦੀ ਰੇਲ ਬਣਾਈ ਜਾ ਰਹੀ ਹੈ, ਇਨਕਲਾਬੀਆਂ ਅਤੇ ਜਹਾਦੀ, ਤਾਲਿਬਾਨੀ, ਅਫਗਾਨੀ, ਪਠਾਣੀ ਉਜੱਡਾਂ ਵਿਚ ਕੋਈ ਫ਼ਰਕ ਨਹੀਂ ਹੈ, ਆਦਿ ਆਦਿ।

ਇਨ੍ਹਾਂ ਸਾਰੀਆਂ ਤੰਦਾਂ ਨੂੰ ਸ਼ਮੀਲ ਨੇ ਕਿਸੇ ਸੂਤਰ ਵਿਚ ਬੰਨ੍ਹਣ ਦੀ ਕੋਸ਼ਿਸ਼ ਨਹੀਂ ਕੀਤੀ, ਇਸੇ ਲਈ ਇਹ ਤੰਦਾਂ ਖਾਸੀਆਂ ਸੁਤੰਤਰ ਦਿਸਦੀਆਂ ਹਨ। ਇਨ੍ਹਾਂ ਤੰਦਾਂ ਵਿਚ ਜਾਰਜ ਬੁਸ਼, ਓਸ਼ੋ, ਅਰੁਣ ਸ਼ੋਰੀ, ਸਵਪਨ ਦਾਸ ਗੁਪਤਾ, ਹਰਿੰਦਰ ਸਿੰਘ ਮਹਿਬੂਬ ਜਿਹੇ 'ਚਿੰਤਕਾਂ' ਦਾ ਸਿੱਧਾ-ਅਸਿੱਧਾ ਦਖ਼ਲ ਹੈ। ਇਨ੍ਹਾਂ ਚਿੰਤਕਾਂ ਦੇ ਆਪਸ ਵਿਚ ਕਈ ਵਿਰੋਧ ਹੋ ਸਕਦੇ ਹਨ ਪਰ ਦੋ ਨੁਕਤੇ ਸਾਂਝੇ ਹਨ : ਸਾਰਿਆਂ ਦੇ ਸਰੋਤੇ-ਪਾਠਕ ਮੱਧ ਵਰਗ 'ਚੋਂ ਆਉਂਦੇ ਹਨ ਅਤੇ ਇਹ ਸਾਰੇ ਕਮਿਊਨਿਸਟਾਂ ਨੂੰ ਅੰਨ੍ਹੀ ਨਫਰਤ ਕਰਦੇ ਹਨ। ਇਸ ਕਿਤਾਬ ਦਾ ਸਾਂਝਾ ਸੂਤਰ ਇਹੀ ਦੋ ਨੁਕਤੇ ਹਨ।

ਇਸ ਪੁਸਤਕ ਵਿਚ ਭਾਰਤੀ ਮੱਧ ਵਰਗ ਦਾ ਪੰਜਾਬੀ ਅੰਗ ਆਪਣੀ ਪੂਰੀ ਆਬ-ਤਾਬ ਨਾਲ ਪੇਸ਼ ਹੋਇਆ ਹੈ। ਸ਼ਮੀਲ ਦੀ ਆਤਮ-ਵਿਸ਼ਵਾਸੀ ਸੁਰ ਇਸੇ ਮੱਧਵਰਗ ਦੀ ਚੜ੍ਹਾਈ ਨੂੰ ਸਾਹਮਣੇ ਰੱਖਦੀ ਹੈ। ਦੂਸਰੇ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਪੰਜਾਬੀ ਨੌਜਵਾਨ ਕੀ ਸੋਚ ਰਿਹਾ ਹੈ, ਕਿਹੜੇ ਸ਼ਕਤੀ-ਹਿੱਤਾਂ ਦੇ ਟੋਟੇ ਚੜ੍ਹ ਰਿਹਾ ਹੈ, ਆਪਣੇ ਲਈ ਕਿਹੜਾ ਮੁੱਲ ਵਿਧਾਨ ਚੁਣ ਰਿਹਾ ਹੈ, ਕਿਹੋ ਜਿਹੇ ਸਵਾਲ ਉਠਾ ਰਿਹਾ ਹੈ, ਉਸ ਦਾ ਭਵਿੱਖ, ਸੁਪਨੇ ਸਰੋਕਾਰ ਕੀ ਹਨ. ਜੇ ਇਨ੍ਹਾਂ ਦੋਵਾਂ ਨੁਕਤਿਆਂ ਨੂੰ ਜੋੜ ਕੇ ਵੇਖੀਏ ਤਾਂ ਤਸਵੀਰ ਸਾਫ ਹੈ। ਮੱਧ ਵਰਗ ਦੇ ਸ਼ਕਤੀ- ਹਿੱਤਾਂ ਲਈ ਪੰਜਾਬੀ ਜਵਾਨੀ ਦਾ ਬਾਲਣ ਤਿਆਰ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਅੱਜ ਦੀ ਲੋਕ-ਦੋਖੀ ਸਿਆਸਤ, ਉਸ ਦੀ ਸਾਂਝਣ ਉਤਰ ਆਧੁਨਿਕਤਾਵਾਦੀ ਵਿਚਾਰਧਾਰਾ, ਪੰਜਾਬ ਵਿਚ ਇਸ ਦਾ ਪ੍ਰਚਾਰ-ਪ੍ਰਸਾਰ, ਇਸ ਰਲੇਵੇਂ ਨੂੰ 'ਜੀਵਨ ਆਦਰਸ਼' ਮਨ ਕੇ ਚੱਲਣ ਵਾਲਾ ਖਾਊ ਮੱਧ ਵਰਗ ਅਤੇ, ਇਸੇ ਮੱਧ ਵਰਗ ਦੇ ਪਾਲਤੂ ਲੇਖਕਾਂ ਦਾ ਨੁਮਾਇੰਦਾ ਸ਼ਮੀਲ, ਇਸ ਹਾਲਤ ਦੀ ਤਾਸਦੀ ਸਮਝਣ ਦੀ ਥਾਂ ਇਸ ਨੂੰ ਪੰਜਾਬੀ ਯੂਥ ਦਾ 'ਸੁਪਨਾ' ਕਹਿੰਦਾ ਹੈ ਇਸ ਨੂੰ 'ਵਿਆਪਕ ਪੰਜਾਬੀਅਤ' ਦੇ ਆਧਾਰ ਵਜੋਂ ਸਥਾਪਤ ਕਰਨਾ ਚਾਹੁੰਦਾ ਹੈ ਅਤੇ, ਅਖੀਰ ਵਿਚ ਇਸ ਰੁਝਾਨ ਨੂੰ 'ਵਿਹਾਰਕ' ਅਤੇ 'ਹਾਂ-ਪੱਖੀ ਸੋਚ' ਕਹਿ ਕੇ ਆਪਣਾ ਫਰਜ਼ ਪੂਰਾ ਕਰਦਾ ਹੈ। 'ਆਸ਼ਵਿਟਜ਼ ਦੀਆਂ ਸੰਤਾਨਾਂ' ਨੂੰ ਸਮਰਪਿਤ ਫਾਸ਼ੀਵਾਦ, ਨਫਰਤ ਨੂੰ ਸਮਰਪਿਤ ਏਕ ਪ੍ਰੇਮ ਕਥਾ, ਇਸ ਤ੍ਰਾਸਦੀ ਨੂੰ ਸੁਪਨਾ ਕਹਿਣ ਵਾਲਾ 'ਵਿਵੇਕੀ, ਚਿੰਤਨੀ' ਲੇਖਕ : ਇਹ ਤਾਂ ਇਤਿਹਾਸ ਹੀ ਖ਼ੁਦ ਨੂੰ ਦੁਹਰਾ ਰਿਹਾ ਹੈ। ਗੁਰਬਚਨ ਹੋਰਾਂ ਨੂੰ ਅਰਜ਼ ਹੈ ਕਿ ਉਹ ਲੇਖਕ ਨੂੰ ਦੱਸਣ ਕਿ ਇਸ ਵਿਧੀ ਨਾਲ ਇਤਿਹਾਸ ਤੋਂ ਮੁਕਤ ਨਹੀਂ ਹੋਇਆ ਜਾਂਦਾ ਸਗੋਂ ਆਪਣੀ

ਇਤਿਹਾਸਕ ਜ਼ਿੰਮੇਵਾਰੀ ਨੂੰ ਜ਼ਲੀਲ ਕੀਤਾ ਜਾਂਦਾ ਹੈ।

ਇਸ ਮੰਤਵ ਲਈ ਕਿਤਾਬ ਵਿਚ ਬਾਕੀ ਸਾਰੇ ਆਦਰਸ਼ਾਂ ਦੀ 'ਫਿਊਡਲ ਮੌਕਾਪ੍ਰਸਤ ਅਤੇ ਇਤਿਹਾਸਕ' ਜਕੜ ਤੋਂ ਆਜ਼ਾਦ ਹੋਣ ਲਈ ਸ਼ਮੀਲ 'ਵਿਹਾਰਕਵਾਦ, ਸ਼ਕਤੀ-ਹਿਤ ਅਤੇ ਆਪੋ-ਆਪਣੇ ਸੱਚ' ਦੀ ਦੁਹਾਈ ਦਿੰਦਾ ਹੈ। ਸੰਖੇਪ ਵਿਚ ਇਹੀ ਉਤਰ ਆਧੁਨਿਕਤਾ ਦੀ ਸਿਆਸਤ ਵੀ ਹੈ ਜਿਸ ਅਨੁਸਾਰ ਆਪਣੀ ਆਜ਼ਾਦੀ ਲਈ ਜੂਝਦੀ ਔਰਤ ਅਤੇ ਉਸ ਦਾ ਸ਼ੋਸ਼ਣ ਕਰ ਰਿਹਾ ਮਰਦ-ਪ੍ਰਧਾਨ ਸਮਾਜ ਇਕੋ ਪੱਧਰ 'ਤੇ ਹੀ ਹਨ। ਦੋਵਾਂ ਦੇ ਆਪੋ-ਆਪਣੇ ਸ਼ਕਤੀ -ਹਿੱਤ ਹਨ, ਦੋਵੇਂ ਇਕ 'ਗੇਮ' ਖੇਡ ਰਹੇ ਹਨ, 'ਸ਼ਤਰੰਜ ਦੀਆਂ ਚਾਲਾਂ' ਚੱਲ ਰਹੇ ਹਨ, ਦੋਵਾਂ ਦੇ ਆਪੋ-ਆਪਣਾ ਸੱਚ ਹਨ (ਯਾਨੀ ਕਿ ਕੋਈ ਵੀ ਸੱਚਾ ਨਹੀਂ ਹੈ) ਬ੍ਰਾਹਮਣਵਾਦੀ ਨਿਜ਼ਾਮ ਅਤੇ ਦਲਿਤ ਵੀ ਇਸ ਤਰ੍ਹਾਂ ਦਾ ਖੇਡ ਖੇਡਦੇ ਹਨ। ਸਮਾਜਵਾਦ ਅਤੇ ਫਾਸ਼ੀਵਾਦ 'ਚ ਕੋਈ ਫਰਕ ਨਹੀਂ ਦਿਸਦਾ। ਉੱਤਰ-ਆਧੁਨਿਕਵਾਦੀ 'ਤਰਕ' ਕਿਵੇਂ ਫਾਸ਼ੀਵਾਦ ਲਈ ਜ਼ਮੀਨ ਤਿਆਰ ਕਰ ਰਿਹਾ ਹੈ, ਇਹ ਰਚਨਾ ਇਸ ਰੁਝਾਨ ਦੀ ਉਤਮ ਮਿਸਾਲ ਹੈ। ਇਸੇ ਤਰਕ ਨੂੰ ਅੱਗੇ ਵਧਾਈਏ ਤਾਂ ਭਿੰਡਰਾਂਵਾਲੇ ਨੂੰ 'ਸਦੀ ਦਾ ਮਹਾਨ ਸਿੱਖ ਮੰਨਣ ਵਾਲਿਆ ਦਾ ਵੀ ਆਪਣਾ ਸੱਚ ਹੈ, ਬਾਲ ਠਾਕਰੇ ਨੂੰ 'ਹਿੰਦੂ ਹਿਰਦਾ ਸਮਰਾਟ' ਕਹਿਣ ਵਾਲਿਆਂ ਦਾ ਵੀ, ਮੰਡਲ ਕਮਿਸ਼ਨ ਦਾ ਸਿਰਤੋੜ ਵਿਰੋਧ ਕਰਨ ਵਾਲੇ ਮੱਧ ਵਰਗ ਦਾ ਵੀ, ਬਾਬਰੀ ਮਸਜਿਦ ਨੂੰ ਭਾਰਤੀ ਸਮਾਜ 'ਤੇ ਕਲੰਕ ਮੰਨਣ ਵਾਲਿਆਂ ਦਾ ਵੀ, ਆਦਿ ਆਦਿ।

ਪਰ ਇਤਿਹਾਸ ਤੋਂ ਮੁਕਤ ਹੋਣ ਦੇ ਤਰਕ ਦਾ ਇਕ ਹੋਰ ਢੰਗ ਹੈ, ਲੋਕਾਂ ਦਾ ਇਤਿਹਾਸ ਘੜਨਾ, ਹਾਕਮਾਂ ਦੇ ਇਤਿਹਾਸ ਦੇ ਪ੍ਰਵਚਨ ਦੇ ਸਮਾਨਾਂਤਰ ਆਪਣੇ ਵਿਦਰੋਹ ਦੀ ਜ਼ਮੀਨ ਤਲਾਸ਼ ਕਰਨੀ। ਤਰਕ ਨੂੰ ਹਾਕਮਾਂ ਦੀ ਪਕੜ 'ਚੋਂ ਆਜ਼ਾਦ ਕਰਵਾਉਣਾ, ਕਾਮਿਆਂ ਨੇ , ਔਰਤਾਂ ਨੇ, ਦਲਿਤਾਂ ਨੇ ਆਪਣੇ ਲਈ ਇਹੋ ਵਿਧੀ ਅਪਣਾਈ ਹੈ। ਇਸ ਨਵੀਂ ਘਾੜਤ ਦੇ ਸ਼ਕਤੀ-ਹਿੱਤਾਂ ਦਾ ਮਰਕਜ਼ ਕੀ ਹੈ, ਅਜਿਹੇ ਹੀ ਸਵਾਲਾਂ ਨਾਲ ਇਤਿਹਾਸਕ ਵਰਤਾਰਿਆਂ 'ਚ ਆਈ ਤਬਦੀਲੀ ਦਾ ਪਤਾ ਲਗਦਾ ਹੈ। ਮਾਰਕਸਵਾਦ ਇਸੇ ਵਿਧੀ ਦੀ ਸਿਰਜਣਾ ਕਰਦਾ ਹੈ। ਫਾਸ਼ੀਵਾਦ ਤਰਕ ਤੋਂ ਇਤਿਹਾਸ ਤੋਂ ਡਰਦਾ ਹੈ। ਇਸੇ ਡਰ ਨੂੰ ਢੱਕਣ ਵਾਸਤੇ ਉੱਚੀ ਸੁਰ ਵਿਚ ਬੋਲਦਾ ਹੈ ਅਤੇ ਮੱਧ ਵਰਗ ਦੀ ਬੁਖਲਾਹਟ ਨੂੰ ਸਭਿਅਕ, ਵਿਹਾਰਕ ਅਤੇ ਹਾਲਾਤ ਦੀ ਉਪਜ ਮੰਨਦਾ ਹੈ। ਇਸ ਸਮੇਂ ਹਾਲ ਇਹ ਹੈ ਕਿ ਸਰਮਾਏ ਦੀ ਦਿਗਵਿਜੈ ਦੇ ਦੌਰ 'ਚ ਵੀ ਮੱਧ ਵਰਗ ਮਾਰਕਸਵਾਦ ਤੋਂ ਇਸ ਕਦਰ ਖੌਫਜ਼ਦਾ ਹੈ ਕਿ ਮਾਰਕਸਵਾਦ ਨੂੰ ਹੁਣ ਉਹ ਇਤਿਹਾਸ ਦਾ ਸਮਨਾਰਥੀ ਹੀ ਮੰਨ ਲੈਂਦਾ ਹੈ। ਉਲਟੇ ਢੰਗ ਨਾਲ ਦੇਖਿਆਂ ਇਹ ਮਾਰਕਸਵਾਦ ਦੀ ਜਿੱਤ ਦਾ ਨਗਾਰਾ ਵੀ ਹੈ।

ਖ਼ੈਰ! ਮੈਂ ਗੁਰਬਚਨ ਨੂੰ ਕਹਾਂਗਾ ਕਿ ਉਹ ਕਾਦਰ ਖ਼ਾਨ ਦੇ ਡਾਇਲਾਗ ਅਤੇ ਸੁਸ਼ਮਾ ਸਵਰਾਜ ਦੇ ਭਾਸ਼ਨਾਂ ਦਾ ਮੁਤਾਲਿਆ ਕਰਨ, ਸਾਧਵੀ ਰਿਤੰਭਰਾ ਅਤੇ ਭਿੰਡਰਾਂਵਾਲੇ ਦੀਆਂ ਕੈਸੇਟਾਂ ਦੇ ਪ੍ਰਵਚਨ ਨੂੰ ਇੱਕਠਿਆਂ ਸੁਣਨ, ਗੋਵਿੰਦਾ ਦੀ ਸਲੇਪ-ਸਟਿੱਕ ਕਾਮੇਡੀ ਅਤੇ ਸ਼ਮੀਲ ਦੀਆਂ 'ਵਿਵੇਕੀ' ਧਾਰਨਾਵਾਂ ਦੀ ਰਫਤਾਰ ਨੂੰ ਜੋੜ ਕੇ ਵੇਖਣ। ਮੈਨੂੰ ਪੂਰਾ ਯਕੀਨ ਹੈ ਕਿ ਉਹ ਹੇਠ ਲਿਖਿਆ ਸਿੱਟਾ ਕੱਢਣਗੇ: "ਅੱਜ-ਕੱਲ੍ਹ ਸਬਦਾਂ ਰਾਹੀਂ ਅਰਥ ਨਹੀਂ, ਸ਼ੋਰ ਪੈਦਾ ਕੀਤਾ ਜਾਂਦਾ ਹੈ। ਇਹ ਖਪਤ ਸਭਿਆਚਾਰ ਦੀ ਸ਼ਾਨਦਾਰ ਜੁਗਤ ਹੈ। ਸ਼ੋਰ ਦੂਜੇ ਦੇ ਜ਼ਿਹਨ 'ਤੇ ਸਵਾਰ ਹੋਣ ਲਈ ਪਾਇਆ ਜਾਂਦਾ ਹੈ। ਲੇਖਕ ਜਦੋਂ ਅਜਿਹਾ ਕਰਦਾ ਹੈ ਜਾਂ ਟੀ .ਵੀ. ਦੇ ਇਸ਼ਤਿਹਾਰ ਜਦੋਂ ਸ਼ੋਰ ਪਾਉਂਦੇ ਹਨ ਤਾਂ ਇਸ ਦਾ ਮਕਸਦ/ਦਰਸ਼ਕ ਨੂੰ ਉਸ ਦੇ ਵਿਵੇਕ ਤੋਂ ਸੁਰਖਰੂ ਕਰਨਾ ਹੁੰਦਾ ਹੈ।...... ਮੁੱਦਾ ਇਹ ਹੁੰਦਾ ਹੈ ਕਿ ਪਾਠਕ/ ਦਰਸ਼ਕ/ਸਰੋਤਾ ਉਹੀ ਸੁਣਨ ਜੋ ਸਮੇਂ ਦੀ ਵਿਚਾਰਧਾਰਾ ਦੀ ਕਾਵਾਂ-ਰੌਲੀ ਉਨ੍ਹਾਂ ਤਕ ਪਹੁੰਚਾਂਦੀ ਹੈ। ਇਸ ਵਿਚ ਪੇਸ਼ ਵਿਚਾਰ ਇਕ ਦੂਜੇ ਨੂੰ ਕੱਟਦੇ ਹਨ ਕਿਉਂਕਿ (ਲੇਖਕ) ਜ਼ਿਆਦਾ ਕਰ ਕੇ ਸ਼ਬਦਾਂ ਅਤੇ ਫਿਕਰਿਆਂ ਨੂੰ ਸਨਸਨੀ ਪੈਦਾ ਕਰਨ ਲਈ



(ਵਰਤਦਾ) ਹੈ। .... ਇਸ (ਕਿਤਾਬ) ਦੀ ਜੁਗਤ ਇਹ ਹੈ: ਸ਼ਬਦਾਂ ਨੂੰ ਪਟਾਖੇ ਵਾਂਗ ਚਲਾਉ। ਬੁਲੰਦ ਵਿਚਾਰਾਂ ਵਾਲੇ ਫਿਕਰੇ ਥੋੜ੍ਹੇ ਵਕਫੇ ਬਾਅਦ ਜੜੀ ਜਾਓ। ਅਖੀਰਲੇ ਦੋ ਪੈਰ੍ਹਿਆਂ 'ਚ ਦਰਵੇਸ਼ੀ ਢੰਗ ਨਾਲ ਬੋਲੋ ਅਤੇ ਭਾਵੁਕ ਹੋ ਜਾਓ। ਮੁੱਦਾ ਹੈ ਕਿ ਹਰ ਗੱਲ ਹੰਗਾਮਾ ਜਾਪੇ। ਸਿਰਲੇਖ ਵਿਚ (ਰੁਸਤਮੇ-ਹਿੰਦ) ਵਰਤ ਕੇ ਸਾਰੀ ਸੁਰ ਵਿਚ ਸਸਪੈਂਸ ਪੈਦਾ ਕਰੋ।.... ਇਹ (ਕਿਤਾਬ) ਕਿਸੇ ਦਲੀਲ ਦੀ ਗੁੰਜਾਇਸ਼ ਨਹੀਂ ਛੱਡਦੀ। ਹਰੇਕ ਜ਼ਿੰਮੇਵਾਰ ਲੇਖਕ ਦੀ ਲੜਾਈ ਉਸ ਸ਼ੋਰ ਤੋਂ ਸ਼ਬਦਾਂ ਨੂੰ ਮੁਕਤ ਕਰਨ ਦੀ ਹੁੰਦੀ ਹੈ ਜੋ ਵਪਾਰੀ ਮਾਨਸਿਕਤਾ ਨੇ ਸਾਡੇ ਆਲੇ-ਦੁਆਲੇ ਫੈਲਾਅ ਰੱਖਿਆ ਹੈ। ਸ਼ਬਦਾਂ ਦੀ ਹਸਤੀ ਬਹਾਲ ਕਰਕੇ ਹੀ ਲੇਖਕ ਉਨ੍ਹਾਂ ਅੰਦਰਲੀ ਚੁੱਪ ਨੂੰ ਨਵੇਂ ਅਰਥਾਂ ਲਈ ਵਰਤ ਸਕਦਾ ਹੈ।... ਜਿਹੜਾ ਲੇਖਕ ਉਨ੍ਹਾਂ ਸ਼ਬਦ ਜੁਗਤਾਂ ਦਾ ਵਿਰੋਧ ਨਹੀਂ ਕਰਦਾ ਜਿਨ੍ਹਾਂ ਨੂੰ ਕੁਲੀਨ ਵਰਗ ਆਪਣੀ ਤਾਕਤ ਕਾਇਮ ਰੱਖਣ ਲਈ ਵਰਤਦਾ ਹੈ, ਉਹ ਹਾਕਮਾਂ ਦੀ ਵਿਚਾਰਧਾਰਾ 'ਚ ਸ਼ਰੀਕ ਹੈ। ...(ਇਸ ਕਿਤਾਬ) ਬਾਰੇ ਅਸ਼-ਅਸ਼ ਉਹੀ ਕਰ ਰਹੇ ਹਨ ਜਿਨ੍ਹਾਂ ਦੀ ਉਕਤ ਸ਼ਬਦ ਜੁਗਤਾਂ ਤੋਂ ਸਿਰਜੀ ਭਾਸ਼ਾ ਤੋਂ ਇਲਾਵਾਂ ਕਿਸੇ ਹੋਰ ਭਾਸ਼ਾ-ਚਿੰਤਨ, ਬੁੱਧੀ-ਵਿਵੇਕ ਦੀ ਭਾਸ਼ਾ ਨਾਲ ਸਾਂਝ ਨਹੀਂ।"

ਇਹ ਲੰਮਾ-ਚੌੜਾ ਸਿੱਟਾ ਮੇਰਾ ਨਹੀਂ ਸਗੋਂ, ਖੁਦ ਗੁਰਬਚਨ ਦਾ ਹੈ ਜੋ ਉਨ੍ਹਾਂ ਦੇ ਮਜ਼ਮੂਨ 'ਕਿਤਾਬਾਂ ਅਤੇ ਅਜੀਤ ਕੌਰ' ਵਿਚ ਲਿਖਿਆ ਮਿਲਦਾ ਹੈ।(ਸਾਹਿਤਨਾਮਾ, ਪੰਨਾ 57-64)। ਗੱਲ ਹੋਰ ਲੰਮੇਰੀ ਨਾ ਹੋ ਜਾਵੇ, ਇਸ ਲਈ ਮੈਂ ਗੁਰਬਚਨ ਨੂੰ ਇਸ ਕਿਤਾਬ ਦਾ ਕਾਂਡ 'ਕਮਿਊਨਿਸਟ ਭਾਈਚਾਰਾ: ਵਿਚਾਰਾਂ ਤੋਂ ਸੰਸਕਾਰਾਂ ਤਕ' ਦੋਬਾਰਾ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ। ਉਂਝ ਇਤਿਹਾਸ ਵਿਚ ਅਜਿਹੀਆਂ ਕਰਤੂਤਾਂ ਦੀ ਸੂਚੀ ਵਾਹਵਾ ਲੰਮੀ ਹੈ। ਐਡੂਅਰਡ ਬਰਨਸਟੀਨ ਨੇ 19ਵੀਂ ਸਦੀ ਦੇ ਅਖੀਰ ਵਿਚ ਇਨਕਲਾਬ ਨੂੰ ਬੇਲੋੜਾ ਦੱਸਦਿਆਂ, ਪਾਰਲੀਮਾਨੀ ਜਮਹੀਰੀਅਤ ਦੇ ਵਿਕਾਸ ਨੂੰ ਸਮਾਜਵਾਦ ਵੱਲ ਕਦਮ ਕਰਾਰ ਦਿੱਤਾ। ਪਰ 20ਵੀਂ ਸਦੀ ਦੀ ਸ਼ੁਰੂਆਤ 'ਚ ਹੀ ਰੂਸ ਦੇ ਇਨਕਲਾਬੀ ਵਰਤਾਰੇ ਸਾਹਮਣੇ ਆਏ (ਰੂਸ 1905 ਅਤੇ 1917), ਤੁਰਕੀ 1906, ਇਰਾਨ 1909, ਮੈਕਸੀਕੋ, 1910, ਚੀਨ 1910 ਅਤੇ 1927)

ਉਤੋਂ ਇਹ ਹੋਇਆ ਕਿ ਲਗਪਗ ਸਾਰੇ ਵਿਕਸਿਤ ਦੇਸ਼ਾਂ ਦੇ ਜਮਹੂਰੀ ਨਿਜ਼ਾਮ ਨੇ ਸੱਜੇ-ਪੱਖ ਜਾਂ ਫਾਸ਼ੀਵਾਦ ਨੂੰ ਅਪਣਾ ਲਿਆ। 1945-65 ਤਕ ਕੀਨਜ਼ ਦਾ ਬੋਲਬਾਲਾ ਰਿਹਾ ਜਿਸ ਨੇ ਸਮਾਜਵਾਦ ਨੂੰ ਠੱਲ੍ਹਣ ਲਈ ਸਰਮਾਏਦਾਰੀ ਨੂੰ ਕਲਿਆਣਕਾਰੀ ਰਾਜ ਦਾ ਚੋਲਾ ਪੁਆ ਦਿੱਤਾ। ਰੂਸ ਦੇ ਵਿਘਟਨ ਨਾਲ ਸਮਾਜਵਾਦ ਦਾ ਖਤਰਾ ਨਾ ਰਿਹਾ ਅਤੇ ਕਲਿਆਣਕਾਰੀ ਰਾਜ ਵੀ ਹੁਣ ਲੱਤਾਂ ਕਬਰ 'ਚ ਦੇਈ ਬੈਠਾ ਹੈ। 1960ਵਿਆਂ ਵਿਚ ਡੈਨੀਅਲ ਬੈੱਲ ਦੀ ਕਿਤਾਬ 'ਵਿਚਾਰਧਾਰਾ ਦਾ ਅੰਤ' ਆਈ ਜਿਸ ਨੇ ਐਲਾਨ ਕੀਤਾ ਕਿ ਮਨੁੱਖੀ ਵਿਕਾਸ ਦੀ ਅਖੀਰਲੀ ਚੋਟੀ ਸਰ ਕੀਤੀ ਜਾ ਚੁੱਕੀ ਹੈ, ਹੁਣ ਜਮਾਤੀ ਸੰਘਰਸ਼ ਵਿਚਾਰਾਧਾਰਾ, ਇਨਕਲਾਬ ਦਾ ਕੋਈ ਮਤਲਬ ਨਹੀਂ ਰਹਿ ਗਿਆ (ਤੀਜੀ ਦੁਨੀਆ ਦੇ ਦਲਾਲ ਬੁੱਧੀਜੀਵੀ ਇਨ੍ਹਾਂ ਧਾਰਨਾਵਾਂ ਨੂੰ ਅਜੇ ਵੀ ਸਤਿਬਚਨ ਮੰਨੀ ਬੈਠੇ ਹਨ) ਪਰ ਸਾਲ ਬਾਅਦ ਹੀ ਪੈਰਿਸ ਦਾ ਵਿਦਿਆਰਥੀ ਵਿਦਰੋਹ, ਵੀਅਤਨਾਮ ਯੁੱਧ ਦੀ ਖਿਲਾਫ਼ਤ, ਲਾਤੀਨੀ ਅਮਰੀਕਾ 'ਚ ਗੁਰੀਲਾ ਯੁੱਧ ਸ਼ੁਰੂ ਹੋ ਗਏ ਅਤੇ 'ਵਿਚਾਰਧਾਰਾ ਦੇ ਅੰਤ' ਸਿਧਾਂਤ ਦਾ ਭੱਠਾ ਬੈਠ ਗਿਆ। ਹੁਣ ਨਵਾਂ ਚੰਗਿਆੜਾ 'ਵਿਸ਼ਵੀਕਰਣ' ਦਾ ਹੈ ਜਿਸ ਵਿਚ ਸਟੇਟ ਸਿਰਫ ਸਖਤ ਕਾਨੂੰਨ ਬਣਾਉਣ ਦੀ ਟਕਸਾਲ ਬਣੇ ਤਾਂ ਜੋ ਬਹੁ-ਕੌਮੀ ਸਰਮਾਏ ਖ਼ਿਲਾਫ਼ ਉਠ ਰਹੇ ਲੋਕ ਉਭਾਰ ਨੂੰ ਦਬਾਉਣ ਦਾ ਕੰਮ ਕਰੇ। ਸ਼ਮੀਲ ਦੀ ਪੁਸਤਕ ਦਾ ਵਿਚਾਰਧਾਰਾਈ ਆਧਾਰ ਇਹੀ ਹੈ।

ਅਜੋਕੇ ਭਾਰਤੀ ਮੱਧ ਵਰਗ ਦੀ ਚਿੰਤਾ ਵੀ ਇਹੋ ਹੀ ਹੈ ਕਿ ਆਪਣੀਆਂ ਸੁਵਿਧਾਵਾਂ ਦੀ ਰੱਖਿਆ ਕਿਵੇਂ ਕੀਤੀ ਜਾਵੇ। ਇਸ ਲਈ ਕੋਈ ਨਾ ਕੋਈ ਦੁਸ਼ਮਣ ਜਾਂ ਪ੍ਰੇਤ ਜ਼ਰੂਰ ਰਹਿਣਾ ਚਾਹੀਦਾ ਹੈ। ਭਾਜਪਾ

ਲਈ ਘੱਟ-ਗਿਣਤੀਆਂ, ਅਮਰੀਕਾ ਲਈ ਅਤਿਵਾਦ, ਸਿੱਖ ਵਿਦਵਾਨਾਂ ਲਈ ਹਿੰਦੂ ਧਰਮ, ਸ਼ਮੀਲ ਲਈ ਕਮਿਊਨਿਸਟ, ਇਹੀ ਬੁੱਤਾ ਸਾਰਦੇ ਹਨ। ਇਨ੍ਹਾਂ ਅਮੂਰਤ ਪ੍ਰੇਤਾਂ ਦੀ ਸਮੂਰਤ ਪੇਸ਼ਕਾਰੀ ਲਈ ਐਮ.ਐਫ ਹੁਸੈਨ, ਗ੍ਰਾਹਮ ਸਟੀਨਜ਼, ਓਸਾਮਾ ਬਿਨ ਲਾਦੇਨ, ਇੰਦਰਾ ਗਾਂਧੀ, ਸਟਾਲਿਨ ਅਤੇ ਪੋਲਪੋਟ ਆਦਿ ਨੂੰ ਹੀ ਟਕਸਾਲੀ ਨੁਮਾਇੰਦਾ ਮੰਨਿਆ ਜਾਂਦਾ ਹੈ। ਫਿਰਕਾਪ੍ਰਸਤੀ, ਨਸਲਵਾਦ, ਫਾਸ਼ੀਵਾਦ ਦੀ ਇਹ ਸਾਂਝੀ ਜੁਗਤ ਹੈ। ਇਸ ਤਰ੍ਹਾਂ ਇਤਿਹਾਸ ਕੁਝ ਕੁ ਵਿਅਕਤੀਆਂ ਦੇ ਕਾਰਜਾਂ ਤਕ ਹੀ ਸੁੰਗੜ ਜਾਂਦਾ ਹੈ। ਇਸ ਵਿਚੋਂ ਆਮ ਜਨਤਾ ਦਾ ਯੋਗਦਾਨ ਮਨਫੀ ਹੋ ਜਾਂਦਾ ਹੈ। ਭਾਜਪਾ ਵੀ ਭਾਰਤ ਦੇ ਇਤਿਹਾਸ ਨੂੰ ਵੇਦ, ਰਾਮ, ਕ੍ਰਿਸ਼ਨ, ਮਹਾਰਾਣਾ ਪ੍ਰਤਾਪ, ਸ਼ਿਵਾਜੀ ਅਤੇ ਹੁਣ ਵਾਜਪਾਈ ਦੀ ਸਿਰਜਣਾ ਹੀ ਮੰਨਦੀ ਹੈ। ਸਮਾਨਾਂਤਰ ਧਾਰਾਵਾਂ ਦਾ ਕੋਈ ਵੇਰਵਾ ਸ਼ਮੀਲ ਦੀ ਲਿਖਤ 'ਚ ਨਹੀਂ ਮਿਲਦਾ, ਸੰਪਾਦਕ ਦ੍ਰਿਸ਼ਟੀ ਇਥੇ ਆ ਕੇ ਫੌਤ ਹੋ ਜਾਂਦੀ ਹੈ। ਮਸਲਨ, ਸਟਾਲਿਨ ਦੇ ਵਿਰੋਧ ਵਿਚ ਟ੍ਰਾਟਸਕੀ, ਗ੍ਰਾਮਸ਼ੀ, ਅਲਥੂਸਰ ਜਿਹੇ ਮਾਰਕਸਵਾਦੀਆਂ ਦੀ ਲੰਬੀ ਪਰੰਪਰਾ ਹੈ। ਪਰ ਇਨ੍ਹਾਂ ਦਾ ਜ਼ਿਕਰ ਸ਼ਮੀਲ ਨੇ ਕਰਨਾ ਠੀਕ ਨਹੀਂ ਸਮਝਿਆ। ਸ਼ਮੀਲ ਦੀਆਂ ਜ਼ਾਤੀ ਧਾਰਨਾਵਾਂ ਅਤੇ ਪੰਜਾਬੀ ਮੱਧ ਵਰਗਾਂ ਦੇ ਨਿੱਜਮੁਖੀ ਸਰੋਕਾਰਾਂ ਲਈ ਇਸ ਇਕਹਿਰੀ ਪੇਸ਼ਕਾਰੀ ਦਾ ਹੀ ਸਰਮਾਇਆ ਬਾਕੀ ਬਚਿਆ ਹੈ। 'ਅੱਖਰ' ਵਿਚ ਛਪੇ ਜਸਵੰਤ ਦੀਦ ਦੀ ਪੁਸਤਕ 'ਘੁੰਡੀ' ਉਪਰ ਹੋਏ ਸੰਵਾਦ ਵਿਚ ਗੁਰਬਚਨ ਅਜਿਹੀਆਂ ਰਚਨਾਵਾਂ ਨੂੰ 'ਹੂਟਰ' ਨਾਲ ਤੁਲਨਾਉਂਦਾ ਹੈ ਪਰ ਇਸ ਕਿਤਾਬ ਨੂੰ ਵਿੱਥ-ਸੂਝਦਾ ਪ੍ਰਮਾਣ ਮੰਨਦਾ ਹੈ। ਜੇ ਪ੍ਰਬੁੱਧ ਟਿੱਪਣੀਕਾਰ ਦਾ ਇਹ ਹਾਲ ਹੈ ਤਾਂ ਪਾਠਕਾਂ ਦੇ ਪਛੜੇਪਣ ਦੀ ਜਾਂ ਸ਼ਬਦਾਂ ਨੂੰ ਵਰਤਣ ਦੀ ਫਾਸ਼ੀ ਜੁਗਤ ਦੀ ਸ਼ਿਕਾਇਤ ਨਹੀਂ ਕਰਨੀ ਚਾਹੀਦੀ।

ਇਹ ਵੀ ਇਤਿਹਾਸ ਦਾ ਇਕ ਦੌਰ ਹੈ ਕਿ ਹੁਣ ਮੱਧ ਵਰਗ ਵਿਚਾਰਧਾਰਾ ਤੋਂ, ਇਤਿਹਾਸ ਤੋਂ, ਆਦਰਸ਼ਾਂ ਤੋਂ, ਜ਼ਿੰਮੇਵਾਰੀਆਂ ਤੋਂ ਨਿਜਾਤ ਚਾਹੁੰਦਾ ਹੈ। ਉਸ ਦੀ ਆਪਣੀ ਹਸਤੀ ਲਈ ਇਹ ਪ੍ਰਵਰਗ 'ਸਭ ਤੋਂ ਖਤਰਨਾਕ' ਹਨ। ਇਹ ਪ੍ਰਵਰਗ ਮੱਧ ਵਰਗ ਦੀਆਂ 'ਮਾਸੂਮ' ਖਾਹਸ਼ਾਂ ਦੇ ਵੇਗ ਨੂੰ ਤ੍ਰੇਲੀਆਂ ਲਿਆ ਦਿੰਦੇ ਹਨ। ਉਸ ਦੀਆਂ ਸੁਵਿਧਾਵਾਂ ਨੂੰ ਗੁਨਾਹ' ਚ ਬਦਲ ਦਿੰਦੇ ਹਨ। ਮੱਧ ਵਰਗ ਆਪਣੇ ਨਹਿਰੂਵੀਏ ਪ੍ਰਗਤੀਵਾਦੀ ਕਿਰਦਾਰ ਨੂੰ ਤਾਂ ਵੇਚ-ਵੱਟ ਕੇ ਆਪਣਾ ਢਿੱਡ ਭਰ ਬੈਠਾ ਹੈ ਅਤੇ ਹੁਣ ਮਹਿਕੂਮਾ ਨਾਲ ਸਾਂਝ ਦੇ ਉਲਟ ਉਸ ਨੂੰ 'ਪੱਛਮੀ ਉਦਾਰਵਾਦ ਨਾਲ ਲੈਸ ਮੀਡੀਆ' ਦਾ ਹੀ ਆਸਰਾ ਰਹਿ ਗਿਆ ਹੈ। ਇਸ ਚਿਹਨ-ਚੱਕਰ ਦੇ ਤਰਕ ਅਨੁਸਾਰ ਉਸ ਦੀ ਕਾਮਨਾ 'ਯੇ ਦਿਲ ਮਾਂਗੇ ਮੋਰ' ਹੀ ਉਸ ਨੂੰ 'ਜੋ ਚਾਹੋ ਹੋ ਜਾਏ' ਮਾਰਕਾ ਜੀਵਨ-ਸ਼ੈਲੀ ਵੱਲ ਲੈ ਜਾਂਦੀ ਹੈ। ਮੰਡੀ ਦਾ ਬਾਵਾ ਸ਼ਮੀਲ ਇਸੇ ਵਰਤਾਰੇ ਨੂੰ 'ਵਿਆਪਕ ਪੰਜਾਬੀਅਤ' ਕਹਿ ਰਿਹਾ ਹੈ, ਇਸ ਨੂੰ ਆਰਥਿਕ ਵਿਕਾਸ ਦਾ ਜ਼ਾਮਨ ਮੰਨ ਰਿਹਾ ਹੈ, ਇਸੇ ਨੂੰ 'ਗਲੋਬਲ ਡੈਮੋਕਰੇਟਿਕ ਕਲਚਰ' ਮੰਨਵਾਉਣਾ ਚਾਹ ਰਿਹਾ ਹੈ। ਗੁਸਤਾਖੀ ਮਾਫ ਗੁਰਬਚਨ ਜੀ-ਇਹ ਵਿਚਾਰਧਾਰਾ ਨਹੀਂ. ਬਜ਼ਾਰਧਾਰਾ ਹੈ। ਇਹ ਚਿੰਤਨੀ ਸ਼ੈਲੀ ਨਹੀਂ ਸਗੋਂ ਘੁਮਾਰ ਮੰਡੀ, ਲੁਧਿਆਣਾ ਦੀ ਵਰੋਸਾਈ ਪੰਜ ਦਰਿਆਈ ਪੱਤਰਕਾਰਤਾ ਦੀ ਗਲਾਜ਼ਤ ਹੈ। ਗੁਰਬਚਨ ਨੂੰ ਅਰਜ਼ ਹੈ ਕਿ ਉਹ ਇਸ ਦੀ ਪ੍ਰੋੜਤਾ ਕਰਕੇ 'ਕਾਲੇ ਲਿਖਣ ਨਾ ਲੇਖ।'

ਇਸ 'ਪਾਪ ਕੀ ਜੰਞ' ਦੇ ਸਮਾਨਾਂਤਰ ਸਾਡੇ ਕੋਲ ਬਾਬਾ ਨਾਨਕ, ਫਰੀਦ, ਸੂਫੀਆਂ, ਕਿੱਸਾਕਾਰਾਂ ਦੀ ਵਰੋਸਾਈ 'ਵਿਆਪਕ ਪੰਜਾਬੀਅਤ' ਦਾ ਸ਼ੀਰਾਜ਼ਾ ਹੈ। ਹੱਕ, ਨਿਆਂ, ਬਰਾਬਰੀ ਲਈ ਜੱਦੋ-ਜਹਿਦ. ਸਾਰੰਗਤਾ ਦੀ ਕਦਰ ਅਤੇ ਸਾਂਝੀਵਾਲਤਾ ਦਾ ਸੁਨੇਹਾ, ਇਹ ਹੀ ਪੰਜਾਬ ਦਾ ਸਰਮਾਇਆ ਹੈ। ਗਦਰੀ ਬਾਬਿਆਂ ਨੇ ਸੁਚੇਤ ਤੌਰ 'ਤੇ ਇਸ ਪੰਜਾਬੀ ਸਰੋਕਾਰ ਨੂੰ ਨਵੇਂ ਅਰਥ ਦਿੱਤੇ ਅਤੇ ਸੰਸਾਰ ਭਰ 'ਚ ਜਾਰੀ ਲੋਕ ਪੱਖ ਨਾਲ ਪੰਜਾਬੀ ਸਰੋਕਾਰ ਦੀ ਸਾਂਝ ਪੁਆਈ। ਗਲੋਬਲਾਈਜ਼ੇਸ਼ਨ ਦਾ ਇਹ ਮਾਡਲ ਵਿਚਾਰਧਾਰਕ ਵੀ



ਹੈ, ਵਿਆਪਕ ਪੰਜਾਬੀਅਤ ਦਾ ਧਾਰਨੀ ਵੀ ਅਤੇ ਪੰਜਾਬੀ ਜਵਾਨੀ ਦਾ ਸੁਪਨਾ ਵੀ। ਪੰਜਾਬ ਅਤੇ ਗਲੋਬਕਾਰੀ ਦਾ ਜੋ ਰਿਸ਼ਤਾ ਸ਼ਮੀਲ ਸਥਾਪਤ ਕਰਨ ਦੇ ਆਹਰ 'ਚ ਹੈ, ਉਹ ਪੰਜਾਬ ਦੇ ਇਤਿਹਾਸਕ ਤਸੱਵਰ ਅਤੇ ਗਾਥਾ ਦੀ ਗੰਧਲਣ ਹੈ। ਸ਼ਹੀਦ ਕਵੀ ਪਾਸ਼ ਏਸੇ ਵਰਤਾਰੇ ਨੂੰ 'ਪਰਦੇਸ ਕੰਜਰ ਦੀ ਮਾਰ' ਕਹਿੰਦਾ ਹੈ।

ਗੁਰਬਚਨ ਦਾ ਇਸੇ ਪ੍ਰਸੰਗ ਬਾਰੇ ਕਹਿਣਾ ਹੈ: 'ਅੱਜ ਬੰਦਾ ਗਲੋਬਲੀ ਆਰਥਿਕਤਾ ਅਤੇ ਕਾਰਪੋਰੇਸ਼ਨੀ ਪ੍ਰਭੁਤਾ ਦੇ ਅਮਾਨਵੀ ਵਰਤਾਰੇ 'ਚ ਅਰਥਹੀਣ ਹੁੰਦਾ ਜਾ ਰਿਹਾ।.... ਔਸਤ ਪੰਜਾਬੀ ਲੇਖਕ ਤਫਰੀਹ ਲਈ ਸਪੇਸ ਵੱਧ ਅਭਿਲਾਸ਼ੀ ਹੈ।... ਸਿੱਟਾ ਸੰਜੀਦਾ ਸੰਵਾਦ ਨਾਲੋਂ ਬੈਂਡ ਵਾਜੇ ਵਾਲੀ ਸਾਹਿਤਕਾਰੀ ਦਾ ਬੋਲ-ਬਾਲਾ ਹੈ ਜਿਸ ਦਾ ਆਪਣਾ ਲੁਤਫ ਹੈ। (ਸਾਹਿਤ ਦਾ ਸਰਪਟ, ਲਕੀਰ 78, ਪੰਨਾ-5) ਤਫਰੀਹੀ, ਬੈਂਡ ਵਾਜੇ ਵਾਲੀ ਸਾਹਿਤਕਾਰੀ, ਅਰਥਹੀਣਤਾ ਦਾ ਜਸ਼ਨ ਜਦੋਂ 'ਵਿਵੇਕੀ, ਵਿੱਥ-ਸੂਝ ਅਤੇ ਚਿੰਤਨੀ ਨਿਗ੍ਹਾ' ਕਹਿ ਕੇ ਵਡਿਆਇਆ ਜਾਵੇ ਤਾਂ ਗੁਰਬਚਨ ਜੀ! 'ਇਸ ਨਾਲ ਉਸ ਜਾਤੀ ਦੀ ਨਿਗ੍ਹਾ ਪ੍ਰਵਚਨ ਤੇ ਸ਼ਬਦ ਸੰਸਾਰ ਦੇ ਨਿਗੂਣੇ ਹੋ ਜਾਣ ਦੀ ਦੱਸ ਪੈਂਦੀ ਹੈ।' (ਪਾਸ਼ ਦੀ ਯਾਦ 'ਚ ਸਾਹਿਤਨਾਮਾ, ਪੰਨਾ-41) ਗਦਰੀਆਂ ਦੀ ਭੂਮਿਕਾ ਦੇ ਵਿਸਥਾਰ ਵਜੋਂ ਕਮਿਊਨਿਸਟਾਂ ਦੀ ਪੰਜਾਬ ਨਾਲ ਸਾਂਝ ਦਾ ਜ਼ਿਕਰ ਵੀ ਇਸ ਪੁਸਤਕ 'ਚ ਹੈ। ਕਿਉਂਕਿ ਵੀਹਵੀਂ ਸਦੀ ਦਾ ਪੰਜਾਬ ਇਨ੍ਹਾਂ ਲਹਿਰਾਂ ਬਿਨਾਂ ਸੋਚਿਆ ਹੀ ਨਹੀਂ ਜਾ ਸਕਦਾ, ਇਸ ਲਈ ਸ਼ਮੀਲ ਦੇ ਵਾਕਾਂ ਦੀ ਤੋਪ ਸਿਰਫ ਗਦਰੀ ਕਮਿਊਨਿਟਾਂ ਵੱਲ ਹੀ ਨਹੀਂ ਸਗੋਂ ਉਸ ਵਿਆਕਰਣ ਵੱਲ ਵੀ ਹੈ ਜਿਸ ਨੂੰ ਉਹ ਕਦੇ ਪੰਜਾਬੀ 'ਮਨ', ਕਦੇ ਪੰਜਾਬੀ 'ਕਿਸਾਨੀ', ਕਦੇ 'ਫਿਊਡਲ ਸੰਸਕਾਰ' ਆਦਿ ਨਾਲ ਨਿਵਾਜਦਾ ਹੈ। ਇਸੇ ਵਜ੍ਹਾ ਕਾਰਨ ਸੁਰਜੀਤ ਦੇ 'ਗੌਰਵ' ਦੀ ਬਹਾਲੀ ਲਈ ਇਨ੍ਹਾਂ ਧਿਰਾਂ ਦੇ ਆਧਾਰ ਨਾਲ ਦਸਤਪੰਜਾ ਲੈਣਾ ਸ਼ਮੀਲ ਦੀ ਮਜਬੂਰੀ ਹੈ।

ਸੁਰਜੀਤ ਦੀ 'ਅਨੂਠੀ ਰਾਜਨੀਤਕ ਪ੍ਰਤਿਭਾ' ਨਹੀਂ ਸਗੋਂ ਇਹ ਕਮਿਊਨਿਸਟ ਕਾਡਰ ਦੀ ਲਾਮਿਸਾਲ ਸਿਦਕਦਿਲੀ ਦਾ ਹੀ ਨਤੀਜਾ ਹੈ ਕਿ ਸੁਰਜੀਤ ਜਾਂ ਹੋਰ ਨੇਤਾ ਕਿਧਰੇ ਜਾਣ ਜੋਗੇ ਬਚਦੇ ਹਨ। ਇਹ ਕਾਡਰ ਹਰ ਦਿਨ ਲੋਕਾਂ ਤੋਂ ਜ਼ਲੀਲ ਹੁੰਦਾ ਹੈ, ਲੀਡਰਾਂ ਦੀ ਬਦਲੀ ਹੋਈ ਲਾਈਨ ਦਾ ਜਵਾਬ ਸੱਥ-ਪਰ੍ਹੇ 'ਚ ਦਿੰਦਾ ਫਿਰਦਾ ਹੈ, ਫਿਰ ਹਰੇਕ ਸਵੇਰ ਤਕੜਾ ਹੋ ਕੇ ਮਿਲਦਾ ਹੈ, ਕਿਉਂਕਿ ਉਸ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ। ਉਸ ਨੇ ਵਿਰਾਸਤ ਨੂੰ ਪਿੱਠ ਨਹੀਂ ਦਿੱਤੀ। ਸਿਧਾਂਤਾਂ ਅਤੇ ਮਨੁੱਖੀ ਮੁਕਤੀ ਦੇ ਰਾਹ ਦਾ ਲੜ ਨਹੀਂ ਛੱਡਿਆ ਅਤੇ 'ਕੁੱਤੇ ਦੇ ਪੂਛ ਵਰਗੇ ਮਨੁੱਖੀ ਮਨ' ਦੀਆਂ ਅਸੀਮ ਸੰਭਾਵਨਾਵਾਂ ਦੇ ਪਲੁਰਨ ਦੀ ਆਸ ਵਿਚ ਉਹ ਧਰਤੀ ਹੇਠਲੇ ਬਲਦ ਵਾਂਗ ਦਿਨ-ਰਾਤ ਵਗਦਾ ਹੈ।

ਅਣਖੀਲਾ ਹਿੰਦੀ ਕਵੀ ਗਜਾਨਨ ਮਾਧਵ ਮੁਕਤੀਬੋਧ ਸਵਾਲ ਪੁੱਛਦਾ ਹੁੰਦਾ ਸੀ: "ਪਾਰਟਨਰ। ਤੁਮਹਾਰੀ ਪਾਲਿਟਿਕਸ ਕਿਆ ਹੈ?" ਸ਼ਮੀਲ ਦੀ ਇਸ ਰਾਗ ਦਰਬਾਰੀ ਵਿਚ ਲਿਖੀ ਕਿਤਾਬ ਨੇ ਉਸ ਦੀ ਪਾਲਿਟਿਕਸ (ਰਾਜਨੀਤੀ) ਨਸ਼ਰ ਕਰ ਦਿੱਤੀ ਹੈ, ਗੁਰਬਚਨ ਨੂੰ ਵੀ ਹੁਣ ਚੋਣ ਕਰ ਲੈਣੀ ਚਾਹੀਦੀ ਹੈ।

ਇਕ ਆਦਮੀ, ਜੋ ਕੁਝ ਉਸ ਕੋਲ ਹੈ, ਨੂੰ ਪਿਆਰ ਨਹੀਂ ਕਰਦਾ, ਜੇ ਉਹ, ਉਸ ਚੀਜ਼ ਨੂੰ ਨਿੰਦਦਾ ਹੈ, ਜਿਹੜੀ ਕਿ ਦੂਸਰਿਆਂ ਨੂੰ ਪਿਆਰੀ ਹੁੰਦੀ ਹੈ। ਕਿਸੇ ਬੰਦੇ ਦਾ ਆਪਣੀ ਕੌਮ ਨੂੰ ਪਿਆਰ ਕਰਨਾ, ਪਿਆਰ ਨਹੀਂ ਹੈ ਜੇ ਇਹ ਦੂਸਰੀਆਂ ਕੌਮਾਂ ਨੂੰ ਦੁਖੀ ਕਰਦਾ ਹੈ। ਜੇ ਉਹ ਸਹੀ ਤੌਰ ਤੇ ਕੌਮਾਂਤਰੀਵਾਦੀ ਹੈ, ਤਾਂ ਉਸ ਦੀ ਦੇਸ਼-ਭਗਤੀ ਨੂੰ ਕਦੇ ਵੀ ਦੂਜੀਆਂ ਕੌਮੀਅਤਾਂ ਨੂੰ ਦੁਖੀ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਉਹ ਦੁਖੀ ਕਰ ਸਕਦਾ ਹੈ। *ਕਨਸਤੈਨ ਤਿਨ ਸਿਮੋਨੋਵ (1971)*

## ਉਡੀਕ/*ਗੁਰਨਾਮ ਢਿੱਲੋਂ*

ਏਸ ਵਰ੍ਹੇ ਗਰਮੀ ਦੀ ਰੁੱਤ ਦੇ ਸਦਕੇ
ਏਸ ਵਰ੍ਹੇ ਗਰਮੀ ਦੀ ਰੁੱਤ ਲੁਭਾਣੀ।
ਮਿੱਠੀ ਮਿੱਠੀ ਧੁੱਪ ਟਕੋਰਾਂ ਕਰਦੀ।
ਮੱਠੀ ਮੱਠੀ ਵਗਦੀ ਪਉਣ ਸੁਹਾਣੀ।

ਅੰਬਰ ਦੇ ਵਿਚ ਕਰਨ ਕਲੋਲਾਂ ਪੰਛੀ
ਧਰਤੀ ਉੱਤੇ ਛਾਈ ਬਹੁ ਹਰਿਆਲੀ
ਮਸਤੀਆਂ ਸਰੋਂਹਾਂ, ਮੱਕੀਆਂ ਪੂਣੀ ਕੱਤਣ
ਫੁੱਲਾਂ ਦੇ ਗੁਲਦਸਤੇ ਡਾਲੀ ਡਾਲੀ।

ਪੱਬਾਂ ਦੇ ਵਿਚ ਜਾਮ ਸੁਰਾਹੀਆਂ ਨੱਚਣ
ਵਿਚ ਦਿਲਾਂ ਦੇ ਖ਼ੁਸ਼ੀ ਉਛਾਲੇ ਮਾਰੇ।
ਕੁਝ ਨੇ ਦੁਨੀਆਂ ਖ਼ੁਦ ਦੇ ਗਿਰਦ ਘੁਮਾਉਂਦੇ
ਕੁਝ ਪਏ ਤੋੜਨ ਧੁਰ ਅਸਮਾਨੋਂ ਤਾਰੇ।

ਭੋਜ-ਮੇਜ਼ 'ਤੇ ਭੋਜਨ ਵੰਨ-ਸੁਵੰਨੇ
ਅੰਦਰੋਂ ਬਾਹਰੋਂ ਘਰ ਵੀ ਬਹੁਤ ਸਜਾਏ।
ਪੱਖ ਕਿਸੇ ਤੋਂ ਕਸਰ ਨਾ ਰਹਿ ਜੇ ਬਾਕੀ
ਕਿਹੜੇ ਦੇਸੋਂ ਕੌਣ ਪ੍ਰਾਹੁਣੇ ਆਏ।

ਲੈ ਕੇ ਇਕ ਅਨੁਦਾਨ ਅਦਾਰੇ ਕੋਲੋਂ
ਕਿਸ ਜੌਹਰੀ ਨੇ ਆਪਣੇ ਜੌਹਰ ਵਿਖਾਏ।
ਸ਼ਬਦਾਂ ਦੇ ਸੌਦਾਗਰ ਦੇਸੋਂ ਸੱਦੇ
ਉਹ ਕਰ ਖੋਜ ਅਨੂਠੀ ਨਾਲ ਲਿਆਏ।

ਰਚੇ ਸਮਾਗਮ ਕੁਝ ਇਕ ਸ਼ਹਿਰਾਂ ਅੰਦਰ
ਬੁੱਧ-ਪੁਰਸ਼ਾਂ ਨੇ ਐਸੇ ਤੀਰ ਚਲਾਏ।
ਟਿਕਟ ਵਾਪਸੀ ਭੇਜੀ ਜਿਸ ਨੇ ਉਸ ਨੂੰ
ਨਵੇਂ ਵਿਸ਼ੇਸ਼ਣ ਦੇ ਦੇ ਕਰਜ਼ੇ ਲਾਹੇ।

ਹੁਣ ਵੇਖਾਂਗੇ ਅਗਲੇ ਸਾਲ ਕੀ ਹੁੰਦਾ
ਦੋਹੀਂ ਪਾਸੀਂ ਹੋ ਰਹੀ ਖ਼ੂਬ ਤਿਆਰੀ।
ਏਧਰ ਲੇਖਕ ਮਹਾਂ ਬਣਨ ਦੀ ਲੋਚਾ
ਓਧਰ ਹਾਏ! ਆਏ ਮੇਰੀ ਵਾਰੀ!

## ਤਲਾਸ਼ ਇਕ ਨਜ਼ਮ ਦੀ/*ਜੈ ਪਾਲ*

ਮੈਂ ਮਿਲਣਾ ਚਾਹਿਆ
ਨਜ਼ਮ ਨੂੰ
ਤਮਾਮ ਬਿੰਬਾਂ ਪ੍ਰਤੀਕਾਂ ਤੋਂ ਪਾਰ
ਥੁੜਾਂ ਦੇ ਇਤਿਹਾਸ ਛੱਡ ਕੇ
ਤੇ ਸ਼ਬਦਾਂ ਦੇ ਸਾਰੇ ਜੰਗਲ ਵੱਢ ਕੇ

ਮੈਂ ਨਜ਼ਮ ਨੂੰ ਵਿਖਾਈਆਂ......
ਚਿੜੀਆਂ ਮਿੱਟੀ 'ਚ ਨਹਾਉਂਦੀਆਂ
ਫਸਲਾਂ ਗੀਤ ਗਾਉਂਦੀਆਂ

ਰੁੱਤਾਂ ਦੇ ਫੇਰ 'ਚ
ਗਰਮ ਸਰਦ ਅਹਿਸਾਸ ਕਰਾਇਆ
ਚੜ੍ਹਦੇ-ਢਲਦੇ ਸੂਰਜ ਤੋਂ ਵੀ ਪ੍ਰਣਾਮ ਕਰਾਇਆ

ਸਹਿਜ ਸਮੁੰਦਰ
ਮੋਹ ਮਾਰੇ ਮਨੁੱਖ
ਪਹਾੜ ਦਰਿਆ ਹਰਿਆਵਲ
ਤੇ ਬਾਗਾਂ ਦੇ ਸਾਰੇ ਸੁੱਖ ਵਿਖਾਏ
ਕਦੇ ਬੱਚਿਆਂ ਦੇ ਹਾਸਿਆਂ ਦੇ ਵਾਸਤੇ ਪਾਏ
ਟੁੱਟੇ ਪੱਤਿਆਂ ਦੇ ਦੁਖੜੇ ਸੁਣਾਏ

ਨਜ਼ਮ ਹੱਥੋਂ ਕਿਰਦੀ ਗਈ
ਤੇ ਉਧਰੋਂ ਉਮਰ ਘਟਦੀ ਗਈ

ਨਜ਼ਮ ਤੂੰ ਮਿਲੀਂ ਨਾ ਮਿਲੀਂ ਭਾਵੇਂ
ਤੇਰੀਆਂ ਪੈੜਾਂ ਤਾਂ ਪਾਵਾਂਗਾ
ਤੇ ਬਾਕੀ ਬਚੇ ਹੋਏ ਦਿਨ ਵੀ
ਤੇਰੇ ਨਾਂ ਕਰ ਜਾਵਾਂਗਾ।

### ਮੁਬਾਰਕਬਾਦ

ਇਸ ਵਰ੍ਹੇ ਦਾ ਭਾਰਤੀ ਸਾਹਿਤ ਅਕਾਡਮੀ ਦਾ ਵਾਰਸ਼ਿਕ ਪੁਰਸਕਾਰ ਪ੍ਰਸਿੱਧ ਪੰਜਾਬੀ ਕਵੀ ਤੇ ਪੱਤਰਕਾਰ ਸ੍ਰੀ ਹਰਭਜਨ ਹਲਵਾਰਵੀ ਨੂੰ ਉਸ ਦੇ ਕਾਵਿ-ਸੰਗ੍ਰਹਿ "ਪੁਲਾਂ ਦੇ ਪਾਰ" ਨੂੰ ਦਿੱਤਾ ਗਿਆ। ਇਸ ਸਹੀ ਚੋਣ ਦਾ ਸੁਆਗਤ ਕਰਦੇ ਹੋਏ ਅਸੀਂ ਕਵੀ ਤੇ ਅਕਾਡਮੀ ਨੂੰ ਵਧਾਈ ਦਿੰਦੇ ਹਾਂ।

*—ਸੰਪਾਦਕੀ ਮੰਡਲ*



## ਬੰਦੀ ਛੋੜ/*ਭਗਵਾਨ ਢਿੱਲੋਂ*

ਜਦੋਂ ਕਦੇ ਵੀ ਮੈਂ ਸ਼ਾਂਤ ਚਿਤ ਹੋਇਆ
ਇਤਿਹਾਸ ਦੀ ਖਿੜਕੀ ਖੋਲ੍ਹਦਾ ਹਾਂ
ਤਾਂ ਨਜ਼ਰ ਆਉਂਦੇ ਨੇ ਬੇਸ਼ੁਮਾਰ ਕਿਲਿਆਂ ਦੇ ਕਿੰਗਰੇ
ਮਸਲਨ ਦਿੱਲੀ ਦਾ ਲਾਲ ਕਿਲਾ, ਕਿਲਾ ਆਗਰੇ ਦਾ ਅਤੇ ਲਾਹੌਰ ਦਾ
ਨਜ਼ਰ ਆਉਂਦੇ ਨੇ ਹੌਦਿਆਂ 'ਚ ਬੈਠੇ ਸਿਪਾਹ ਸਾਲਾਰ
ਖੜਕਦੀਆਂ ਤਲਵਾਰਾਂ ਪਲੀਤੇ ਦਾਗਦੀਆਂ ਤੋਪਾਂ
ਤੇ ਨੇਜ਼ਿਆਂ ਤੇ ਟੰਗੇ ਸਿਰਾਂ ਦੇ ਅੰਬਾਰ
ਤਖ਼ਤਾਂ ਤੇ ਤਾਜਾਂ ਲਈ ਟੁਟਦੀਆਂ ਤੇ ਤਣਦੀਆਂ ਛੱਤਰੀਆਂ
ਤਵਾਰੀਖ਼ ਦੀ ਇਕ ਹੋਰ ਖਿੜਕੀ ਖੋਲ੍ਹਦਾ ਹਾਂ
ਤਾਂ ਦੂਰੋਂ ਨਜ਼ਰ ਆਉਂਦਾ ਹੈ ਪਹਾੜੀ ਦੀ ਟੀਸੀ 'ਤੇ ਬਣਿਆ ਕਿਲਾ
ਕਿਲਾ ਜਾਣੀ ਕਿ ਗਵਾਲੀਅਰ ਦਾ ਕਿਲਾ
ਕਿਲੇ 'ਚ ਬੈਠਾ ਬਾਦਸ਼ਾਹ ਸਲਾਮਤ ਜਦ ਗੁੱਸੇ 'ਚ ਆਉਂਦਾ ਹੈ
ਤਾਂ ਸ਼ਰਾਬ ਨਾਲ ਰੱਜੇ ਇਕ ਮੁਗਲ ਨੂੰ ਹੁਕਮ ਚਾੜ੍ਹਦਾ ਹੈ
ਕਿ ਆ ਇਧਰ ਆ ਆਪਣੇ ਡੌਲਿਆਂ ਦੀਆਂ ਮੱਛਲੀਆਂ ਦਾ
ਜ਼ਰਾ ਜ਼ੋਰ ਤਾਂ ਦਿਖਾ
ਤੇ ਤਹਿਖ਼ਾਨਿਆਂ 'ਚ ਰੁਲਦੇ ਬਾਗ਼ੀਆਂ
ਅਤੇ ਪਿੰਜਰ ਬਣੇ ਕੈਦੀਆਂ ਦੀਆਂ ਹੱਡੀਆਂ ਤੇ
ਆਪਣੇ ਚਾਬਕ ਦਾ ਜਲਵਾ ਤਾਂ ਦਿਖਾ
ਜਦ ਉਤਰਦੀਆਂ ਨੇ ਖਲੜੀਆਂ ਤੇ ਬਣਦਾ ਹੈ ਹੱਡੀਆਂ ਦਾ ਚੂਰਾ
ਤਾਂ ਕਿਲੇ ਅੰਦਰ ਕੁਹਰਾਮ ਮੱਚਦਾ ਹੈ
ਤੇ ਮੁਲਕ ਦਾ ਰਾਜਾ ਆਦਮਬੋ ਆਦਮਬੋ ਕਰਦੇ ਦਿਉ ਵਾਂਗ
ਖਿੜਖਿੜਾ ਕੇ ਹੱਸਦਾ ਹੈ
ਬਾਦਸ਼ਾਹ ਸਲਾਮਤ ਬਿਫ਼ਰੇ ਮੁਗਲ ਦੀ ਪਿੱਠ ਦੁਲਾਰਦਾ ਹੈ
ਤੇ ਅਸ਼ਰਫੀਆਂ ਦਾ ਥਾਲ ਉਸਦੇ ਸਿਰ ਤੋਂ ਦੀ ਵਾਰਦਾ ਹੈ
ਕਿਲੇ ਦੇ ਬੁਰਜ ਅੰਦਰ ਹੋਰ ਵੀ ਬੰਦ ਨੇ ਕੈਦੀ
ਜਿਨ੍ਹਾਂ ਤੇ ਜ਼ਰਾ ਬਖ਼ਤਰ ਪਹਿਨੀ
ਚੋਬਦਾਰਾਂ ਦੀ ਹਮੇਸ਼ਾ ਨਜ਼ਰ ਰਹਿੰਦੀ ਹੈ
ਉਹ ਕੋਈ ਆਮ ਜਹੇ ਸਿਪਾਹੀਆਂ ਦੇ ਫੜਕੇ ਬੈਠਾਏ ਕੈਦੀ ਨਹੀਂ
ਉਹ ਤਾਂ ਨੇ ਸਾਰੇ ਦੇ ਸਾਰੇ ਰਿਆਸਤੀ ਰਾਜੇ
ਰਾਜੇ ਦੋ ਨਾ ਚਾਰ ਵੀਹ ਨਾ ਤੀਹ ਨਾ ਪੰਜਾਹ ਨਾ ਇਕਵੰਜਾ
ਰਾਜੇ ਤਾਂ ਹਨ ਪੂਰੇ ਦੇ ਪੂਰੇ ਬਵੰਜਾ
ਅੱਜ ਜਹਾਂ ਪਨਾਹ ਦਾ ਮਿਜ਼ਾਜ ਬਹੁਤ ਅੱਛਾ ਹੈ
ਤੇ ਆਪਣੀ ਮੌਜ 'ਚ ਆ ਕੇ ਬੰਦੀ ਛੋੜ ਨੂੰ ਆਖਦਾ ਹੈ
ਜਿੰਨੇ ਵੀ ਕੈਦੀ ਛੁਡਾਣੇ ਨੇ ਛੁਡਾ ਲਓ

ਕਿੰਨੇ ਕੈਦੀ ਛੁਡਾਣੇ ਨੇ ਇਹ ਤੁਹਾਡੀ ਮਨਸ਼ਾ 'ਤੇ ਮੁਨੱਸਰ ਹੈ
ਬੰਦੀ ਛੋੜ ਬਵੰਜਾ ਕਲੀਆਂ ਵਾਲਾ ਚੋਲਾ ਸਿਲਾਂਦੇ ਨੇ
ਇਕ ਇਕ ਕਲੀ ਰਾਜਿਆਂ ਨੂੰ ਫੜਾਂਦੇ ਨੇ
ਤੇ ਬਵੰਜਾ ਦੇ ਬਵੰਜਾ ਰਾਜੇ ਕਿਲੇ ਤੋਂ ਬਾਹਰ ਆਂਦੇ ਨੇ
ਰਾਜੇ ਰਾਜਿਆਂ ਦੇ ਹੱਕ 'ਚ ਭੁਗਤ ਕੇ
ਬੰਦੀਛੋੜ ਦੀ ਜੈ ਜੈ ਕਾਰ ਗੂੰਜਾਂਦੇ ਨੇ
ਏਸ ਜੈ ਜੈ ਕਾਰ ਨੂੰ ਸੁਣ ਕੇ ਮੱਥੇ 'ਤੇ ਹੱਥ ਮਾਰਦਾ ਹਾਂ
ਇਤਿਹਾਸ ਦੀ ਪੋਥੀ ਨੂੰ ਪਾੜਦਾ ਹਾਂ
ਜਿਲਦ ਨੂੰ ਚੁੱਲ੍ਹੇ 'ਚ ਸਾੜਦਾ ਹਾਂ
ਤਿਲਮਲਾਂਦਾ ਹਾਂ ਤੇ ਸੋਚਦਾ ਹਾਂ
ਕਿ ਕੀ ਫ਼ਰਕ ਪੈ ਜਾਂਦਾ
ਜੇ ਚੋਲੇ ਦੀਆਂ ਕਲੀਆਂ ਦੀ ਗਿਣਤੀ ਹੋਰ ਵਧ ਜਾਂਦੀ
ਤੇ ਕਲੀਆਂ ਦਾ ਸਿਰਾ ਬਾਗੀਆਂ ਦੇ ਹੱਥਾਂ ਤੱਕ ਚਲੇ ਜਾਂਦਾ
ਪਰ ਮੈਂ ਜਾਣਦਾ ਹਾਂ ਇਹ ਇੰਝ ਨਹੀਂ ਸੀ ਹੋਣਾ
ਇੰਝ ਕਿਉਂ ਨਹੀਂ ਹੋਇਆ
ਇਹ ਬੰਦੀ ਛੋੜ ਜਾਣਦਾ ਹੈ।

## ਤਿੰਨ ਕਵਿਤਾਵਾਂ/ਨੂਰ ਸੰਤੋਖਪੁਰੀ

### 1. ਨਵੀਂ ਦੁਨੀਆਂ ਬਣਾਉਣ ਲਈ

ਹੁਣ ਪੀੜ-ਪਰੁੰਨੀ ਕੋਈ ਚੀਕ ਸੁਣ ਕੇ
ਪਤਾ ਨਹੀਂ ਕਿਉਂ ਚੁੱਪ ਪਿਘਲਦੀ ਹੀ ਨਹੀਂ ?
ਦਰਦ ਮਹਿਸੂਸ ਕਰਨ ਵਾਲਾ ਜਜ਼ਬਾ
ਲਗਦੈ, ਕਿਤੇ ਦਫ਼ਨ ਹੋ ਗਿਐ
ਬੇਸ਼ਕ ਵਿਛਿਆ ਹੋਵੇ ਕਿਸੇ ਵਿਹੜੇ 'ਚ ਮਾਤਮ
ਲੋਕ ਐਸ਼-ਓ-ਇਸ਼ਰਤ 'ਚ ਗੁੰਮ ਆਪਣੀ ਦੁਨੀਆਂ 'ਚ ਮਗਨ ਰਹਿੰਦੇ ਨੇ
ਸਿਰਫ ਮੌਜ-ਬਹਾਰਾਂ ਲੁੱਟਣ ਲਈ ਜੀਊਣ ਲੱਗੇ ਨੇ ਲੋਕ
ਬਾਹਰ ਸੜਕ 'ਤੇ ਕੋਈ ਆਵਾਜ਼ ਫਰਿਆਦ ਬਣ ਕੇ
ਮਦਦ ਦੀ ਆਸ 'ਚ ਭਾਵੇਂ ਦਮ ਤੋੜਦੀ ਰਵ੍ਹੇ
ਪਰ ਬੰਦ ਬੂਹਿਆਂ ਪਿੱਛੇ ਆਰਾਮ ਨਾਲ ਬੈਠੀ
ਬੇਸ਼ਰਮ ਖ਼ਾਮੋਸ਼ੀ ਦੇ ਬੰਦ ਬੁੱਲ੍ਹ ਨਹੀਂ ਖੁੱਲ੍ਹਦੇ
ਲੂਹ ਸੁੱਟਣ ਵਾਲੀ ਧੁੱਪ ਤੋਂ
ਕੋਈ ਕਿਸੇ ਨੂੰ ਬਚਾਉਣ ਲਈ ਨਹੀਂ ਸੋਚਦਾ
ਤ੍ਰਿਹਾਇਆਂ ਦੀ ਤ੍ਰੇਹ ਮਿਟਾਉਣ ਵਾਲੇ ਹਰੇਕ ਪਿਆਉ ਦਾ ਪਾਣੀ
ਹੁਣ ਬੰਦ ਬੋਤਲਾਂ 'ਚ ਹਰੇਕ ਜਗ੍ਹਾ ਵਿਕਣ ਲੱਗ ਪਿਐ
ਮਹਿਲਨੁਮਾ ਘਰਾਂ ਦੀਆਂ ਛੱਤਾਂ 'ਤੇ ਟਹਿਲਣ ਵਾਲਿਆਂ ਨੂੰ
ਫੁਟਪਾਥ 'ਤੇ ਪੈਦਲ ਤੁਰਦੇ ਫਟੇਹਾਲ ਲੋਕ



ਜੇਲ੍ਹਾਂ 'ਚੋਂ ਫਰਾਰ ਮੁਜਰਿਮਾਂ ਵਾਂਗ ਦਿਸਦੇ ਨੇ
ਚੌਰਾਹਿਆਂ 'ਚ ਖੜ੍ਹੇ ਬੇਰੁਜ਼ਗਾਰ ਲੋਕ
ਉਨ੍ਹਾਂ ਨੂੰ ਹੱਡਾਂ ਦੇ ਢੇਰ ਨਜ਼ਰ ਆਉਂਦੇ ਨੇ
ਉਹ ਸੋਚਦੇ ਨੇ ਕਿ ਇਹ ਕਿਉਂ ਨਹੀਂ ਪਹਿਨਦੇ ਸੁਹਣੇ ਲੀੜੇ ?
ਉਨ੍ਹਾਂ ਨੂੰ ਕੀ ਪਤਾ ਕਿ ਇਹ ਕਿਉਂ ਨਹੀਂ ਨ੍ਹਾਉਂਦੇ ਚੱਜ ਨਾਲ ਕਦੇ ?
ਇਹ ਮਹਿੰਗੇ ਸਾਬਣ ਆਪਣੇ ਪਿੰਡਿਆਂ 'ਤੇ ਕਿਉਂ ਨਹੀਂ ਮਲ ਸਕਦੇ
ਆਪਣੇ ਘਰਾਂ ਬਾਰੇ ਦੱਸਣ ਜੋਗਾ
ਇਨ੍ਹਾਂ ਕੋਲ ਕੁਝ ਨਹੀਂ
ਘਰਾਂ ਵਰਗਾ ਇਨ੍ਹਾਂ ਕੋਲ ਕੁਝ ਨਹੀਂ
ਇਹ ਉਨ੍ਹਾਂ ਭਾਰਤੀ ਤੇ ਬਦੇਸ਼ੀ ਠੱਗਾਂ ਵੱਲੋਂ ਲੁੱਟੇ-ਠੱਗੇ ਗਏ ਨੇ
ਜਿਨ੍ਹਾਂ ਦੀਆਂ ਰਗਾਂ 'ਚ ਸਿਰਫ ਹੇਰਾਫੇਰੀ ਤੇ ਠੱਗੀ ਦੌੜਦੀ ਏ
ਜਿਹੜੇ ਬੇਵੱਸ ਲੋਕਾਂ ਨੂੰ ਜਾਨਵਰ ਸਮਝ ਕੇ ਜ਼ਿਬਾਹ ਹਨ ਕਰਦੇ
.....ਤੇ....ਫਿਰ ਵੀ.... ਇਹ ਲੁੱਟੇ-ਠੱਗੇ ਗਏ ਲੋਕ
ਇਸ ਕਾਲੀ-ਸਿਆਹ ਦੁਨੀਆ ਦੇ ਸੂਰਜ ਬਣ ਸਕਦੇ ਨੇ
ਸਜਾ ਕੇ ਸਿਤਾਰਿਆਂ ਨਾਲ ਕਿਸ਼ਤੀਆਂ
ਹਨ੍ਹੇਰੇ ਸਾਗਰਾਂ ਤੋਂ ਪਾਰ ਲੰਘ ਸਕਦੇ ਨੇ
ਚੰਨ ਸਿਤਾਰੇ ਬਣ ਕੇ ਚਮਕ ਸਕਦੇ ਨੇ
ਇਨ੍ਹਾਂ ਨੂੰ ਹਾਲੇ ਇਹ ਅਹਿਸਾਸ ਹੀ ਨਹੀਂ
ਕਿ ਨਵੇਂ ਸੰਘਰਸ਼ ਤੋਂ ਬਿਨਾਂ
ਇਥੇ ਹੁਣ ਕੋਈ ਕ੍ਰਾਂਤੀਕਾਰੀ ਕੰਮ ਮੁਮਕਿਨ ਨਹੀਂ
ਇਨ੍ਹਾਂ ਨੂੰ ਸਭ ਮਜਬੂਰੀਆਂ ਤੋਂ ਪੱਲਾ ਛੁਡਾਉਣਾ ਪੈਣਾ
ਆਪਣੀ ਸਾਰੀ ਨਾਰਾਜ਼ਗੀ ਤੇ ਰੋਹ ਨੂੰ
ਨਵੀਂ ਦੁਨੀਆ ਬਣਾਉਣ ਲਈ ਵਰਤਣਾ ਪੈਣਾ।

### 2. ਅਗਰ ਜਿਊਂਦਾ ਨਾ ਰਿਹਾ ਆਮ ਇਨਸਾਨ

ਐ ਵਕਤ, ਤੂੰ ਵੇਖ!
ਆਮ ਇਨਸਾਨ ਦੀਆਂ ਵੱਧਦੀਆਂ ਮਜਬੂਰੀਆਂ
ਪੈਰ-ਪੈਰ 'ਤੇ ਰਾਹ ਰੋਕਦੀਆਂ ਦੁਸ਼ਵਾਰੀਆਂ
ਇਕ-ਇਕ ਸਾਹ ਨੂੰ ਤਰਸਾਉਂਦੀਆਂ ਕੋਠੀਆਂ ਤੇ ਹਵੇਲੀਆਂ
ਸੁਣ ਸਕਦੈਂ ਤਾਂ ਸੁਣ ਉਸ ਦੀਆਂ ਸਿਸਕੀਆਂ
ਤੂੰ ਮਹਿਸੂਸ ਤਾਂ ਕਰ ਉਸ ਦੀਆਂ ਉਦਾਸੀਆਂ
ਕਿਉਂ ਉਹਦੇ ਹਿੱਸੇ ਆਈਆਂ ਨਾਕਾਮੀਆਂ ਹੀ ਨਾਕਾਮੀਆਂ ?
ਐ ਵਕਤ, ਤੂੰ ਵੇਖ!
ਕੁਰਲਾਉਂਦੀਆਂ ਗਲੀਆਂ, ਖ਼ੂਨੋ-ਖ਼ੂਨ ਹੋਈਆਂ ਸੜਕਾਂ
ਅਰਥੀਆਂ 'ਤੇ ਲੱਦੇ ਬੰਦੇ, ਤਾਬੂਤਾਂ 'ਚ ਬੰਦ ਕੀਤੇ ਮਨੁੱਖ
ਡੁਸਕਦੀਆਂ ਆਮ ਘਰਾਂ ਦੀਆਂ ਕੰਧਾਂ

ਆਂਦਰਾਂ 'ਤੇ ਲਿਖੀਆਂ ਮੌਤ ਦੀਆਂ ਸਤਰਾਂ
ਬੇਕਾਰੀ ਦੇ ਮਾਰੂਥਲ 'ਚ ਗੁਆਚ ਗਈਆਂ ਜੁਆਨੀਆਂ
ਸਾਜ਼ਿਸ਼ਾਂ ਨਾਲ ਭਰਪੂਰ ਵਗਦੀਆਂ ਹਵਾਵਾਂ
ਹੰਝੂਆਂ 'ਚ ਡੁੱਬੀਆਂ ਅਣਭੋਲ ਖ਼ੁਸ਼ੀਆਂ
ਮੁਹੱਬਤ ਤੇ ਇਨਸਾਨੀਅਤ ਦੀ ਧੌਣ ਮਰੋੜਦਾ ਬੇਗਾਨਾਪਨ
ਕਦੋਂ ਪਿਘਲਾ ਸਕੇਗਾ ਇਨ੍ਹਾਂ ਰਿਸ਼ਤਿਆਂ ਦਾ ਪਥਰਾਇਆਪਨ ?
ਐ ਵਕਤ, ਤੂੰ ਵੇਖ!
ਗੋਡਿਆਂ-ਭਾਰ ਤੁਰਦੀ ਦੇਸ਼ ਦੀ ਅਜੋਕੀ ਦਸ਼ਾ
ਵਾਸਨਾ-ਪਰੁੰਨੇ ਇਸ਼ਤਿਹਾਰ ਤੇ ਨੰਗੀ ਹੋ ਰਹੀ ਸਭਿਅਤਾ
ਸੜਕਾਂ 'ਤੇ ਅਵਾਰਾ ਘੁੰਮਦਾ, ਬੁੱਕਦਾ ਸੱਭਿਆਚਾਰ
ਸਾਡੇ ਸੁਪਨਿਆਂ ਦੀ ਭਰੂਣ-ਹੱਤਿਆ ਕਰਦੀ ਸਿਆਸਤ
ਐ ਵਕਤ, ਤੂੰ ਵੇਖ!
ਦਹਿਸ਼ਤ ਫੈਲਾਉਂਦੀਆਂ ਲੀਡਰਾਂ ਦੇ ਬੋਲਾਂ ਦੀਆਂ ਤੋਪਾਂ
ਚਾਨਣ ਦੀ ਹਿੱਕ ਚੀਰਦੇ ਬੰਬ ਤੇ ਮਿਜ਼ਾਇਲਾਂ
ਪਰਮਾਣੂ ਯੁੱਧ ਦੀਆਂ ਧਮਕੀਆਂ, ਤਬਾਹੀ ਦੇ ਗੂੰਜਦੇ ਨਗ਼ਮੇ
ਹਰਿਆਵਲ ਨੂੰ ਧੁਆਂਖਦੀ ਬਾਰੂਦ ਦੀ ਬੋਅ, ਮੌਤ ਵੰਡਦੀਆਂ ਬੰਦੂਕਾਂ
ਐ ਵਕਤ, ਕੀ ਤੂੰ ਇਉਂ ਹੀ ਸਭ ਕੁਝ ਸਹਿੰਦਾ ਰਹੇਂਗਾ ?
ਇਤਿਹਾਸ ਬਣ ਕੇ ਸਫ਼ਾ-ਦਰ-ਸਫ਼ਾ ਫੈਲਦਾ ਰਹੇਂਗਾ ?
ਯਾਦ ਰੱਖ! ਨਹੀਂ ਜੀਉਂਦਾ ਰਿਹਾ ਅਗਰ ਹੁਣ ਆਮ ਇਨਸਾਨ
ਤਾਂ ਬਚ ਨਹੀਂ ਸਕੇਗਾ ਕੋਈ ਇਤਿਹਾਸ ਰਚਣ ਵਾਲਾ
ਇਤਿਹਾਸ ਸਾਂਭਣ ਵਾਲਾ ਤੇ ਇਤਿਹਾਸ ਪੜ੍ਹਨ ਵਾਲਾ
ਤੰਦਰੁਸਤ ਸਭਿਅਤਾ ਪੈਦਾ ਕਰਨ ਵਾਲਾ
ਤੇ ਨਰੋਇਆ ਸੱਭਿਆਚਾਰ ਬਣਾਉਣ ਵਾਲਾ।

## 3. ਦੁੱਧ-ਰੰਗਾ ਪਲਾਸਟਿਕ ਦਾ ਚੰਨ

ਕੂੜੇ ਦੇ ਢੇਰਾਂ 'ਚੋਂ
ਜ਼ਿੰਦਗੀ ਦੇ ਟੋਟੇ ਲੱਭਦੀ ਐ ਸੁੰਦਰੀ।
ਤੇਰੇ ਜ਼ਖ਼ਮੀ ਹੱਥਾਂ ਨੂੰ
ਕੀ ਪਲੋਸਿਆ ਏ ਕਦੀ ਕਿਸੇ ਨੇ ?
ਛਾਲਿਆਂ ਨਾਲ ਭਰੇ ਆਪਣੇ ਨੰਗੇ ਪੈਰਾਂ ਨੂੰ
ਕੀ ਗਹੁ ਨਾਲ ਤੱਕਿਆ ਏ ਤੂੰ ਕਦੀ ?
ਤੇਰੀ ਨਜ਼ਰ 'ਚ ਤਾਂ ਚੰਨ ਵੀ
ਦੁੱਧ-ਰੰਗਾ ਪਲਾਸਟਿਕ ਦਾ ਟੋਟਾ ਹੀ ਹੋਣਾ ਏ
ਜਿਸ ਨੂੰ ਤੂੰ ਆਪਣੇ ਬੋਰੇ ਵਿਚ ਪਾਉਣਾ ਲੋਚਦੀ ਹੋਵੇਂਗੀ,
ਪਰ ਇਹ ਤਾਂ ਦੱਸ
ਜੇ ਸੱਚਮੁਚ ਮਿਲ ਜਾਵੇ ਤੈਨੂੰ



ਕਿਸੇ ਕੂੜੇ ਦੇ ਢੇਰ 'ਤੇ ਪਿਆ ਚੰਨ ਕੋਈ
ਤਾਂ ਕੀ ਤੂੰ ਉਸ ਨੂੰ ਵੀ ਵੇਚ ਦੇਵੇਂਗੀ ਕਬਾੜੀਏ ਕੋਲ ?
ਜੇਕਰ ਤੂੰ ਅਜੰਤਾ-ਐਲੋਰਾ ਦੀ ਕਿਸੇ ਗੁਫ਼ਾ ਅੰਦਰ
ਇਕ ਮੂਰਤੀ ਵਾਂਗ ਸਜੀ ਖੜ੍ਹੀ ਹੁੰਦੀ
ਤਾਂ ਕਦੀ ਵੀ ਕਿਤੇ ਵੀ
ਭਟਕਦੀ ਹੋਈ ਨਾ ਦਿਸਦੀ!
ਸੋਚਦਾ ਹਾਂ, ਕਿਸੇ ਦਿਨ ਤੈਨੂੰ
ਲੈ ਚੱਲਾਂ ਆਪਣੇ ਸੋਹਣੇ ਘਰ
ਤੇ ਆਪਣੀ ਪਤਨੀ ਤੇ ਬੇਟੀ ਨਾਲ ਮਿਲਾਵਾਂ,
ਸੋਚਦਾ ਹਾਂ, ਤੇਰੇ ਵਾਂਗ ਜੇ ਮੇਰੀ ਪਤਨੀ ਤੇ ਬੇਟੀ
ਕੂੜੇ ਦੇ ਢੇਰਾਂ ਦੁਆਲੇ ਚੱਕਰ ਕੱਢਦੀਆਂ ਹੁੰਦੀਆਂ
ਕੀ ਫਿਰ ਮੈਂ ਪਤੀ ਤੇ ਬਾਪ ਕਹਾਉਣ ਦਾ ਹੱਕਦਾਰ ਹੁੰਦਾ ?
ਦੁੱਧ-ਰੰਗਾ ਪਲਾਸਟਿਕ ਦਾ ਚੰਨ ਕੋਈ
ਹਨੇਰੀ ਜ਼ਿੰਦਗੀ ਨੂੰ ਕਦੇ ਰੌਸ਼ਨ ਨਹੀਂ ਕਰ ਸਕਦਾ।

## ਬਾਗ਼ੀ / *ਸਤਿੰਦਰ ਮਸਰੂਫ਼*

ਸ਼ੀ..................
ਖ਼ਾਮੋਸ਼ੀ
ਪ੍ਰੇਸ਼ਾਨ ਹੁੰਦੀ ਹੈ।

ਚੁੱਪ ਨਾਲ ਸੰਵਾਦ
ਰਚਾਇਆ ਜਾ ਸਕਦਾ ਹੈ
ਚੁੱਪ ਰਹਿ ਕੇ

ਸ਼ੋਰ ?
ਸ਼ੋਰ ਤੋਂ ਬਚਣ ਲਈ
ਕੰਨ ਬੰਦ ਕਰ ਲਓ

ਅੱਖਾਂ ਦੀ ਲਾਲੀ
ਮੈਲੇਪਣ ਤੋਂ ਬਚਣ ਲਈ
ਬਿੱਲੀ-ਪਹੁੰਚੇ ਤੋਂ ਬਚਣ ਲਈ
ਅੱਖਾਂ ਮੀਟ ਲਓ

ਤਨਾਓ-ਮੁਕਤ ਹੋਣ ਲਈ
ਦੁਬਿਧਾ-ਮੁਕਤ ਹੋਣ ਲਈ
ਹਨੇਰ-ਨਗਰੀ ਵਿੱਚ ਪ੍ਰਵੇਸ਼ ਕਰ ਜਾਓ
ਬਸ ਗੁਟਕੂੰ ਗੁਟਕੂੰ ਕਰੋ
ਉਸ ਦਾ ਗੁਣਗਾਣ ਕਰੋ
ਜਿਸ ਨੇ ਬਖ਼ਸ਼ੀ ਹੈ—ਸਾਨੂੰ ਆਜ਼ਾਦੀ
ਵਕਤ-ਆਵਾਜ਼ ਨਾ ਸੁਣੋ
ਵਕਤ-ਆਵਾਜ਼ ਨਾ ਪਹਿਚਾਣੋ
ਵਕਤ-ਆਵਾਜ਼ ਨਾ ਬਣੋ
'ਤਿੰਨ-ਬਾਂਦਰਾਂ' ਤੋਂ ਕੁਝ ਸਿਖ ਲਓ
ਭੁੱਲ ਜਾਓ
ਚਿੜੀਆਂ-ਬਾਜ਼ਾਂ ਦੇ ਪ੍ਰਤੀਕ
ਦੇਖੋ ਨਾ ਕਿੰਨੀ ਖ਼ੁਸ਼ਹਾਲੀ ਹੈ
ਅਮਨ ਹੈ, ਸ਼ਾਂਤੀ ਹੈ
ਤੇ ਤੁਸੀਂ ਗਰਮ-ਖ਼ਿਆਲੀ
ਕਾਵਿ-ਸਿਰਜਣਾ ਕਰ ਰਹੇ ਹੋ
ਇਹ 'ਗਾਡਰ-ਕਵਿਤਾ' ਦਾ ਯੁਗ ਨਹੀਂ
ਇਸ ਤਰ੍ਹਾਂ ਉਪਰਾਮਤਾ ਪੈਦਾ ਹੁੰਦੀ ਹੈ
ਚੁੱਪ ਰਹੋ, ਮੇਰੇ ਸਾਥੀਓ
ਚੁੱਪ ਰਹੋ

ਸ਼ੀ..................
ਖ਼ਾਮੋਸ਼ੀ
ਪ੍ਰੇਸ਼ਾਨ ਹੁੰਦੀ ਹੈ।

*ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ*

*ਮੁਲਾਂਕਣ*

## ਜੀਵਨ-ਯਾਦਾਂ (ਪਾਬਲੋ ਨੇਰੂਦਾ)/*ਗੁਰਦੀਪ ਵਿਨੀਪੈੱਗ*

ਪਾਬਲੋ ਨੇਰੂਦਾ ਦੀਆਂ 'ਜੀਵਨ-ਯਾਦਾਂ' ਨੂੰ ਪੰਜਾਬੀ ਵਿਚ ਉਲਥਾ ਕਰਕੇ ਹਰਭਜਨ ਸਿੰਘ ਹੁੰਦਲ ਨੇ ਪੰਜਾਬੀ ਪਾਠਕਾਂ ਲਈ ਇਕ ਅਜੇਹੀ ਬਾਰੀ ਖੋਹਲੀ ਹੈ, ਜਿਸ ਵਿਚੋਂ ਅਸੀਂ ਹੋਰ ਵੀ ਕਈ ਦ੍ਰਿਸ਼ ਵੇਖ ਸਕਦੇ ਹਾਂ। ਖੂਹ ਤੋਂ ਬਾਹਰ ਦੀ ਸੀਮਾ/ਸਮੁੰਦਰ ਬਹੁਤ ਵੱਡਾ ਹੀ ਨਹੀਂ, ਨਵਾਂ ਵੀ ਹੈ। ਵੀਹਵੀਂ ਸਦੀ ਦਾ ਇਕ ਮਹਾਨ ਹਸਤਾਖਰ ਪਾਬਲੋ ਨੇਰੂਦਾ ਸਦੀਆਂ ਤੱਕ ਯਾਦ ਰਹਿਣ ਵਾਲੀ ਸ਼ਖਸੀਅਤ ਦਾ ਚਿੰਨ੍ਹ ਹੈ। ਮਨੁੱਖੀ ਪਿਆਰ ਨਾਲ ਨਕੋ ਨੱਕ ਭਰਿਆ ਹੋਇਆ, ਕੁਦਰਤ ਦੀ ਵਡਿੱਤਣ ਦੇ ਗੀਤ ਗਾਉਣ ਵਾਲਾ, ਸਿਰਫ ਸਪੇਨੀ ਭਾਸ਼ਾ ਜਾਂ ਚਿੱਲੀ ਦੇ ਲੋਕਾਂ ਤਕ ਹੀ ਸੀਮਤ ਨਹੀਂ ਰਿਹਾ ਇਹਨੇ ਆਪਣੀ ਸਾਂਝ ਦੁਨੀਆ ਦੇ ਪੀੜਤ ਲੋਕਾਂ ਨਾਲ ਤੇ ਸੰਸਾਰ ਦੀਆਂ ਬੋਲੀਆਂ ਨਾਲ ਪਾਈ ਹੈ। ਹਰਭਜਨ ਸਿੰਘ ਹੁੰਦਲ ਦਾ ਪੰਜਾਬੀ ਪਾਠਕਾਂ ਸਿਰ ਅਹਿਸਾਨ ਹੈ, ਜਿਸ ਮੇਰੇ ਵਰਗੇ ਪਾਠਕ ਨੂੰ ਵੀ ਨੇਰੂਦਾ ਦੇ ਦਰਸ਼ਨ ਕਰਵਾਏ ਹਨ। ਉਸ ਨੇਰੂਦਾ ਦੇ ਦਰਸ਼ਨ ਜਿਹੜਾ ਕਹਿੰਦਾ ਹੈ. "ਇਕ ਪਰਪੱਕ ਲੇਖਕ ਮਨੁੱਖੀ ਮਿਤਰਤਾ ਤੇ ਸਮਾਜ ਦੀ ਮਹਿਕ ਤੋਂ ਬਗੈਰ ਕੁਝ ਨਹੀਂ ਰਚ ਸਕਦਾ।"

ਇਹ ਮਹਾਨ ਕਵੀ ਸਿਰਫ ਮਨੁੱਖੀ ਮਿਤਰਤਾ ਦੀ ਹੀ ਗੱਲ ਨਹੀਂ ਕਰਦਾ, ਉਹ ਕੁਦਰਤ ਦਾ ਆਪਣੇ ਆਪ ਵਿਚ ਵਿਸਥਾਰ ਅਤੇ ਨਾਲ ਹੀ ਕੁਦਰਤ ਦਾ ਮਨੁੱਖ ਨਾਲ ਰਿਸ਼ਤਾ, ਫਿਰ ਉਸ ਰਿਸ਼ਤੇ ਦੇ ਵਿਸਥਾਰ ਵਿਚ ਚੰਗੇਰੀ ਤੇ ਉਚੇਰੀ ਭਾਵਨਾ ਦਾ ਵੀ ਜ਼ਿਕਰ ਕਰਦਾ ਹੈ ਜਿਸ ਰਾਹੀਂ ਮਨੁੱਖ ਸੁਹਜ ਤੇ ਸੰਜੀਦਗੀ ਦੇ ਹੋਰ ਵਧੇਰੇ ਨੇੜੇ ਹੁੰਦਾ ਹੈ। ਉਹ ਮਾਹੌਲ ਨੂੰ ਇੰਜ ਚਿਤਰਦਾ ਹੈ—

........ ਰਾਤ ਵਿਸ਼ਾਲ ਤੇ ਧਰਤੀ ਇਕੱਲੀ ਨਜ਼ਰ ਆਉਂਦੀ ਸੀ ..........

ਮੈਂ ਮਹਿਸੂਸ ਕੀਤਾ ਕਿ ਨੀਲੀ ਪੌਣ ਦੇ ਪਾਰ, ਪੀਲੀ ਰੇਤ ਤੋਂ ਪਰ੍ਹੇ ਅਨਾਦੀ ਜੰਗਲ ਦੇ ਪਿਛੇ, ਹਾਥੀਆਂ ਤੇ ਸੱਪਾਂ ਤੋਂ ਲਾਂਭੇ, ਸੈਂਕੜੇ ਤੇ ਹਜ਼ਾਰਾਂ ਹੀ ਮਨੁੱਖੀ ਜੀਵ ਹਨ ਜੋ ਕੰਮ ਕਰਦੇ ਤੇ ਪਾਣੀ ਦੇ ਕੰਢੇ ਗੀਤ ਗਾਉਂਦੇ ਹਨ, ਜੋ ਅੱਗਾਂ ਬਾਲਦੇ ਤੇ ਘੜੇ ਡੋਲ੍ਹਦੇ ਹਨ ਅਤੇ ਸੰਵੇਗਸ਼ੀਲ ਔਰਤਾਂ ਜੋ ਪਤਲੀਆਂ ਚਟਾਈਆਂ ਉਤੇ ਅਣਗਿਣਤ ਸਿਤਾਰਿਆਂ ਦੀ ਰੌਸ਼ਨੀ ਹੇਠ ਨੰਗੀਆਂ ਸੌਂਦੀਆਂ ਹਨ।...ਲੋਕਾਂ ਦੀ ਅਭੁੱਲ ਖੁਸ਼ਬੂ, ਚੰਬੇਲੀ, ਮੁੜ੍ਹਕਾ, ਗਿਰੀ ਦਾ ਤੇਲ, ਇਤਰ ਤੇ ਸੁੰਦਰ ਫੁੱਲਾਂ ਵਾਲੇ ਬਿਰਖ ਦਾ ਮਿਸ਼ਰਣ ......।"

ਮਨੁੱਖ ਦੇ ਕੁਦਰਤ ਨਾਲ ਰਿਸ਼ਤੇ ਦੀਆਂ ਉਹ ਅਨੇਕਾਂ ਹੀ ਤਸਵੀਰਾਂ ਪੇਸ਼ ਕਰਦਾ ਹੈ। ਉਹਨਾਂ ਤਸਵੀਰਾਂ ਵਿਚ ਇਕ ਅਜੇਹਾ ਨਸ਼ਾ ਹੈ ਜਿਹੜਾ ਕੋਈ ਪ੍ਰਤਿਭਾ ਵਾਲਾ ਲੇਖਕ ਹੀ ਦੇ ਸਕਦਾ ਹੈ। ਹਰ ਮਨੁੱਖ ਆਪਣੀ ਆਪਣੀ ਵਿਧੀ ਅਨੁਸਾਰ ਸੋਚਦਾ, ਅਨੁਭਵ ਕਰਦਾ ਤੇ ਮੌਲਦਾ ਹੈ। ਪਰ ਨੇਰੂਦਾ ਦਾ ਦ੍ਰਿਸ਼ਟੀਕੋਣ ਇਕੱਲੇ ਇੱਕ ਵਾਲਾ ਨਹੀ: ਉਹ ਇਕ ਤੋਂ ਅਨੇਕਾਂ ਨਾਲ ਜੁੜਦਾ ਤੇ ਫਿਰ ਵਿਕਾਸ ਕਰਦਾ ਹੈ। ਉਹ ਇਕ ਘਟਨਾ ਦਾ ਜ਼ਿਕਰ ਕਰਦਾ ਹੈ। ਕਿਸੇ ਥਾਂ ਜਲਦੀ ਪਹੁੰਚਣ ਦੀ ਖਿੱਚ ਦੇ ਵਿਚਾਲੇ ਇਕ ਹੋਰ ਖਿੱਚ ਉਹਨੂੰ ਆ ਘੇਰਦੀ ਹੈ, ਜਿਸ ਵਿਚ ਗੜੂੰਦ ਹੋ ਕੇ ਉਹ ਚੇਤੇ ਕਰਦਾ ਹੈ—

"...... ਇਕ ਜਜ਼ਬੇ ਦੀ ਬੁਝਾਰਤ ਦਾ ਨਸ਼ਿਆਇਆ ਹੋਇਆ,

ਜਿਸਦਾ ਕਿ ਮੈਂ ਵਰਨਣ ਨਹੀਂ ਕਰ ਸਕਦਾ। ਇਕ ਤਾਲ ਜਿਸ ਦਾ ਰਹੱਸ ਸਾਰੀ ਧਰਤੀ 'ਤੇ ਫੈਲਿਆ ਹੋਇਆ ਸੀ। ਇਕ ਧਰਤੀ ਜੋ ਸੰਗੀਤ ਦੀ ਭਰੀ ਹੋਈ ਸੀ 'ਤੇ ਪ੍ਰਛਾਵਿਆਂ ਅਤੇ ਖੁਸ਼ਬੂ ਵਿਚ ਲਪੇਟੀ ਹੋਈ ਸੀ ......" ਕੁਦਰਤ ਦੇ ਇਸ ਰਹੱਸ ਨੂੰ ਉਹ ਸਾਰਿਆਂ ਨਾਲ ਸਾਂਝਾ ਕਰਦਾ ਹੈ। ਪਰ ਉਹ ਇਹ ਵੀ ਸਮਝਦਾ ਹੈ ਕਿ ਦੁਨੀਆ ਦੇ ਤਿੰਨ ਚੌਥਾਈ ਲੋਕ ਇਹ ਰਹੱਸ ਜਾਨਣ ਤੋਂ ਸਮਝਣ ਤੇ ਅਨੁਭਵ ਤੋਂ ਵਾਂਝੇ



ਕੀਤੇ ਹੋਏ ਹਨ। ਕੁਦਰਤ ਦੇ ਰਹੱਸਾਂ ਤੇ ਸਧਾਰਣ ਲੋਕਾਂ ਦੇ ਵਿਚਾਲੇ ਮਜਬੂਰੀ ਦੀਆਂ ਨਿਰ ਸਹਾਇ ਹੋਣ ਦੀਆਂ ਤੇ ਸਥਾਪਤੀ ਦੀਆਂ ਉਚੀਆਂ ਕੰਧਾਂ ਖੜੀਆਂ ਕੀਤੀਆਂ ਗਈਆਂ ਹਨ। ਇਹੀ ਕਾਰਣ ਹੈ ਕਿ ਉਹ ਗਰੀਬ ਤੇ ਲਿਤਾੜੇ ਹੋਏ ਲੋਕਾਂ ਦੇ ਹਮੇਸ਼ਾ ਅੰਗ ਸੰਗ ਰਿਹਾ ਹੈ। ਉਹਦੀ ਕਵਿਤਾ ਉਸ ਸੱਚ ਦੇ ਨੇੜੇ ਹੈ ਜਿਹੜਾ ਮਨੁੱਖੀ ਜਜ਼ਬਿਆਂ ਵਿਚ ਸਮਾਇਆ ਹੋਇਆ ਹੈ। ਉਹਦੀ ਸੋਚ ਇਕ ਪਵਿੱਤਰ ਸੋਚ ਹੈ। ਮੁਢਲੇ ਸਾਲਾਂ 'ਚ ਜਦੋਂ ਉਹਨੂੰ ਭਾਰਤ ਵਿਚ ਕੁਝ ਚਿਰ ਵਿਚਰਣ ਦਾ ਮੌਕਾ ਮਿਲਿਆ ਤਾਂ ਉਹ ਨਿਊ ਨਾਲਡ ਵੂਲਫ ਬਾਰੇ ਜ਼ਿਕਰ ਕਰਦਾ ਹੈ, ਜਿਸ ਨੂੰ ਇਕ ਅਫਸਰ ਹੋਣ ਦੇ ਨਾਤੇ ਬਸਤੀਵਾਦੀਆਂ ਨੇ ਇਕ ਸਿਨਹਾਲੀ ਦੀ ਝੁੱਗੀ ਸਾੜਨ ਦਾ ਹੁਕਮ ਦੇ ਦਿਤਾ ਸੀ ਤਾਂ ਕਿ ਉਸ ਦੀ ਜ਼ਮੀਨ ਉਤੇ ਕਬਜ਼ਾ ਕੀਤਾ ਜਾ ਸਕੇ। ਨਿਊ ਨਾਲਡ ਵੂਲਫ ਨੇ ਨਾਂਹ ਕਰ ਦਿਤੀ। ਉਹਨੂੰ ਉਹਦੀ ਨੌਕਰੀ ਤੋਂ ਬਰਖਾਸਤ ਕਰਕੇ ਵਾਪਸ ਇੰਗਲੈਂਡ ਭੇਜ ਦਿਤਾ। ਉਹ ਵਧੀਆ ਪੁਸਤਕਾਂ ਦਾ ਲੇਖਕ ਸੀ ਜਿਨ੍ਹਾਂ ਵਿਚੋਂ ਉਹਦਾ ਸ਼ਾਹਕਾਰ 'ਜੰਗਲ ਵਿਚ ਇਕ ਪਿੰਡ' ਸੀ। ਪਰ ਉਹਨੂੰ ਉਹਦੀ ਪਤਨੀ ਦੀ ਪ੍ਰਸਿੱਧਤਾ ਨੇ ਗ੍ਰਹਿਣ ਲਾ ਦਿਤਾ, ਜਿਸ ਦਾ ਨਾਂ ਵਰਜੀਨੀਆ ਵੂਲਫ ਸੀ। ਨੇਰੂਦਾ ਦਾ ਯਕੀਨ ਸੀ ਕਿ ਲਿਖਤ ਭਾਵੇਂ ਸਿਆਹੀ ਨਾਲ ਲਿਖੀ ਹੋਵੇ, ਪਰ ਸਿਆਹੀ ਨਾਲੋਂ ਜੀਵਨ ਦੀ ਰੱਤ ਦੇ ਵਧੇਰੇ ਨੇੜੇ ਹੋਣੀ ਚਾਹੀਦੀ ਹੈ।

ਪਾਬਲੋ ਨੇਰੂਦਾ ਨੇ ਆਪਣੀਆਂ ਜੀਵਨ ਯਾਦਾਂ ਨੂੰ ਹੂ-ਬ-ਹੂ ਬਿਆਨ ਕਰਨ ਵੇਲੇ ਸਾਹਿਤਕ ਸੁਰ ਅਤੇ ਗੁਰ ਦਾ ਪੱਲਾ ਨਹੀਂ ਛੱਡਿਆ। ਉਹ ਇਕ ਔਰਤ ਦਾ ਜ਼ਿਕਰ ਕਰਦਾ ਹੈ ਕਿ ਉਹ ਇਕ ਰਾਤ ਕਈ ਆਦਮੀਆਂ ਨਾਲ ਸੌਂਦੀ ਹੈ। ਪਰ ਨੇਰੂਦਾ ਉਹਨੂੰ ਵੇਸਵਾ ਨਹੀਂ ਕਹਿੰਦਾ। ਉਹ ਉਹਨੂੰ ਬਸਤੀਵਾਦ ਦੀ ਉਪਜ ਦਸਦਾ ਹੈ। ਇਕ ਅਛੂਤ ਤਾਮਲ ਔਰਤ, ਜਿਹੜੀ ਗੰਦ ਦਾ ਬੱਠਲ ਸਿਰ 'ਤੇ ਰੱਖੀ ਜਾ ਰਹੀ ਸੀ, ਉਹਦੇ ਬਾਰੇ ਕਹਿੰਦਾ ਹੈ ਕਿ ਉਹਦੀ ਤੋਰ ਉਹਦੇ ਕਦਮ ਦੇਵੀਆਂ ਵਰਗੇ ਸਨ। ਇਸ ਤਰ੍ਹਾਂ ਦੀ ਸੋਚ ਦਾ ਮਾਲਕ ਸਾਡਾ ਇਹ ਕਵੀ ਅਜਿਹੇ ਅਦਭੁੱਤ ਜ਼ਿਕਰ ਕਰਦਾ ਹੈ ਜਿਹੜੇ ਸਮੇਂ ਤੇ ਸਥਾਪਤੀ ਦੇ ਪਰਦੂਸ਼ਣ ਨੇ ਮਨੁੱਖ ਵਿਚੋਂ ਮਨਫੀ ਕਰ ਦਿੱਤੇ ਹਨ। ਉਹਦੇ ਕੋਲ ਇਕ ਨਿਓਲਾ ਪਾਲਿਆ ਹੋਇਆ ਸੀ, ਹੁਣ ਨਿਓਲੇ ਦੀ ਪ੍ਰਵਿਰਤੀ ਆਪਣੇ ਬਚਾ ਲਈ ਸੱਪ ਨਾਲ ਲੜਾਈ ਕਰਨ ਦੀ ਹੈ, ਪਰੰਤੂ ਨੇਰੂਦਾ ਦਾ ਇਹ ਨਿਓਲਾ ਪਾਲਤੂ ਹੋਣ ਕਰਕੇ ਆਪਣੀ ਉਹ ਪ੍ਰਵਿਰਤੀ ਗੁਆ ਬੈਠਦਾ ਹੈ। ਇਸ ਨਿੱਕੀ ਜਹੀ ਗੱਲ ਪਿਛੇ ਮਨੁੱਖੀ ਜੀਵਨ ਦਾ ਇਕ ਬਹੁਤ ਵੱਡਾ ਰਹੱਸ ਹੈ। ਨੇਰੂਦਾ ਦੀਆਂ ਲਿਖਤਾਂ ਚੋਂ ਜ਼ਿੰਦਗੀ ਦੇ ਅਜਿਹੇ ਅਨੇਕਾਂ ਰਹੱਸ ਲੱਭਦੇ ਹਨ, ਜੋ ਹੋਰਨਾਂ ਲੇਖਕਾਂ ਦੇ ਹਿੱਸੇ ਘਟ ਹੀ ਆਏ ਹਨ। ਫਿਰ ਖੂਬੀ ਇਹ ਕਿ ਇਹ ਸਾਰਾ ਬਿਆਨ ਸਾਹਿਤਕ ਘੇਰੇ ਵਿਚ ਹੀ ਰਿਹਾ ਹੈ।

ਉਹਦੇ ਕੁਦਰਤ ਵਰਨਣ ਬਾਰੇ ਮੈਂ ਇਕ ਹੋਰ ਮਿਸਾਲ ਦੇਣੀ ਚਾਹਾਂਗਾ। ਉਹ ਕੁਦਰਤ ਨੂੰ ਜੀਵਨ ਨਾਲੋਂ ਅੱਡ ਕਰਕੇ ਨਹੀਂ ਵੇਖਦਾ। ਸਾਡੀ ਅਜੋਕੀ ਸਥਿੱਤੀ ਨੇ ਮਨੁਖੀ ਜੀਵਨ ਅਤੇ ਕੁਦਰਤ ਦੇ ਸੰਬੰਧਾਂ ਦੇ ਵਿਚਾਲੇ ਪੈਸੇ ਦੀ ਪ੍ਰਮੁੱਖਤਾ ਵਾਲੀ ਕੰਧ ਖੜੀ ਕਰ ਦਿਤੀ ਹੈ। ਜਿਸਦੇ ਸਿੱਟੇ ਵਜੋਂ ਮਨੁਖੀ ਜੀਵਨ ਕੰਗਾਲੀ, ਉਪਰਾਮਤਾ ਤੇ ਜਬਰ ਨਾਲ ਭਰਿਆ ਪਿਆ ਹੈ। ਅਸੀਂ ਕੁਦਰਤ ਨੂੰ ਵੀ ਪੈਸੇ ਵਾਲੀ ਤੱਕੜੀ ਦੀ ਨਜ਼ਰ ਤੋਂ ਹੀ ਵੇਖਣ ਲਗ ਪਏ ਹਾਂ। ਹੁਣ ਨੇਰੂਦਾ ਦੀ ਨਜ਼ਰ ਵੇਖੋ ਉਹਦੇ ਵੇਖਣ ਦਾ ਢੰਗ ਕਿੰਨਾ ਅਨੋਖਾ ਹੈ —

"......... ਵੱਡੀ ਉਚਾਈ ਤੋਂ ਠਰੀ ਹੋਈ ਸੁਗੰਧੀ ਮੇਰੀਆਂ ਨਾਸਾਂ ਨੂੰ ਚੜ੍ਹੀ। ਰੁੱਖਾਂ ਦੇ ਇਸ ਸ਼ਹਿਨਸ਼ਾਹ ਨੇ ਮੇਰੇ 'ਤੇ ਤਰਸ ਖਾਧਾ ਸੀ ਤੇ ਇਸ ਦੀ ਖੁਸ਼ਬੂ ਦੇ ਬੁੱਲ੍ਹੇ ਨੇ ਮੇਰੀ ਤਾਕਤ ਬਹਾਲ ਕਰ ਦਿਤੀ ਸੀ ਜਾਂ ................ ਪੱਤਿਆਂ ਦੀਆਂ ਅਣਗਿਣਤ ਵੰਨਗੀਆਂ ਉਲਝੀਆਂ ਅੰਗੂਰਾਂ ਦੀਆਂ ਵੇਲਾਂ, ਫੁੱਲ-ਪਤੀਆਂ ਵਿਚ ਅਮਰਕੰਦ ਦੇ ਫੁੱਲ, ਤਾਰਿਆਂ ਦੇ ਸਮੁੰਦਰ ਵਾਂਗ ਚਮਕਦੇ, ਜੰਗਲ ਵਰਗੀ ਵਲਗਣ ਜੋ ਸਮੁੰਦਰ ਹੇਠਲੀ ਡੂੰਘਿਆਈ ਵਾਂਗ ਸੀ, ਤੋਤਿਆਂ ਦੀਆਂ ਚੀਂ ਚੀਂ ਦੀਆਂ ਚੀਕਾਂ — ਇਸ ਸਭ ਕੁਝ ਨੇ,

ਮੇਰਾ ਭਵਿੱਖ ਵਿਚ ਭਰੋਸਾ ਬਹਾਲ ਕਰ ਦਿਤਾ ਤੇ ਜਿਉਣ ਲਈ ਮੇਰਾ ਜੋਸ਼ ਵਾਪਸ ਪਰਤ ਆਇਆ, ਜਿਹੜਾ ਮੋਮਬਤੀ ਦੇ ਆਖ਼ਰੀ ਟੋਟੇ ਵਾਂਗ ਹੀ ਟਿਮ-ਟਿਮਾਉਂਦਾ ਪਿਆ ਸੀ।"

ਇਹ ਵਰਨਣ ਸਿੱਧ ਕਰਦਾ ਹੈ ਕਿ ਮਨੁੱਖ ਆਪਣੀ ਜਿਊਣ ਸ਼ਕਤੀ ਦਾ ਵਧੇਰਾ ਹਿੱਸਾ ਕੁਦਰਤ ਦੇ ਹੀ ਖਜ਼ਾਨਿਆਂ ਚੋਂ ਲੈਂਦਾ ਹੈ। ਪਰ ਅਜੋਕੀਆਂ ਸਥਾਪਤੀਆਂ ਕੁਦਰਤੀ ਖਜ਼ਾਨਿਆਂ ਦੀ ਲੁੱਟ ਮਾਰ ਤੇ ਤਹਿਸ਼ ਨਹਿਸ਼ ਕਰਨ ਵਿਚ ਰੁਝੀਆਂ ਹੋਈਆਂ ਹਨ। ਇਹਦਾ ਨਤੀਜਾ ਕੁਝ ਤਾਂ ਅਸੀਂ ਭੁਗਤ ਰਹੇ ਹਾਂ ਤੇ ਹੋਰ ਵੀ ਬਦ-ਤਰ ਨੇੜਲੇ ਭਵਿੱਖ ਵਿਚ ਭੁਗਤਾਂਗੇ।

1930ਵਿਆਂ ਦੇ ਜ਼ਿਕਰ 'ਚ ਨੇਰੂਦਾ ਆਪਣੇ ਨੇੜਲੇ ਮਿੱਤਰ ਫੈਡਰੀਕੋ ਗਾਰਸ਼ੀਆ ਲੋਰਕਾ ਦਾ ਜ਼ਿਕਰ ਕਰਦਾ ਹੈ। ਇਹਨਾਂ ਦੇ ਗੂੜ੍ਹੇ ਸੰਬੰਧ ਇਕ ਵੱਡੀ ਸੂਖਮਤਾ ਦਾ ਅਹਿਸਾਸ ਕਰਵਾਉਂਦੇ ਹਨ ਕਿ ਕਿਵੇਂ ਇਨਕਲਾਬੀ ਲੋਕ, ਭਾਵੇਂ ਉਹ ਕਿਸੇ ਵੀ ਦੇਸ਼ ਦੇ ਹੋਣ, ਉਹਨਾਂ ਦਾ ਵੇਖਣ ਦਾ ਸੋਚਣ ਤੇ ਮਹਿਸੂਸ ਕਰਨ ਦਾ ਢੰਗ ਇਕੋ ਜਿਹਾ ਹੀ ਹੁੰਦਾ ਹੈ। ਪਾਬਲੋ ਦੱਸਦਾ ਕਿ ਕਿਵੇਂ ਫੈਡਰੀਕੋ ਗਾਰਸ਼ੀਆ ਲੋਰਕਾ ਅਤੇ ਮੈਨੂੰ ਦਿਤੀ ਜਾ ਰਹੀ ਇਕ ਦਾਅਵਤ ਵਿਚ ਸਥਾਪਤੀ ਵਲੋਂ ਵਿਘਨ ਪਾਇਆ ਗਿਆ। ਇਹ ਦਾਅਵਤ ਅਰਜਨਟੀਨੀ ਲੇਖਕਾਂ ਵਲੋਂ ਸੀ। ਇਹਨੂੰ ਤੋੜਣ ਦਾ ਹਰ ਯਤਨ ਕੀਤਾ ਗਿਆ— ਪਰ ਸਾਜ਼ਸ਼ ਫੇਲ੍ਹ ਹੋ ਗਈ। ਸਿੱਟੇ ਵਜੋਂ ਦਾਅਵਤ ਸਮੇਂ ਲੋਰਕਾ ਤੇ ਨੇਰੂਦਾ ਨੇ, ਇਕ "ਅਲ ਅਲੀਮਾਨ" ਨਾਂ ਦੀ ਉਸ ਲੜਾਈ ਵਾਂਗ ਜੋ ਸਾਨ੍ਹਾਂ ਦੀ ਲੜਾਈ ਹੁੰਦੀ ਹੈ, ਵਾਂਗ ਭੇੜ ਕੀਤਾ। ਦੋਹਾਂ ਨੇ ਇਕ ਅਜੇਹਾ ਲੈਕਚਰ ਤਿਆਰ ਕੀਤਾ ਤੇ ਇੰਜ ਨਾਟਕੀ ਢੰਗ ਨਾਲ ਬੋਲੇ ਜਿਵੇਂ ਦੋ ਸਾਹਨ ਭਿੜ ਰਹੇ ਹੁੰਦੇ ਹਨ। ਇਹ ਭਾਸ਼ਣ ਇਕ ਅਜੇਹੀ ਵਾਰਤਾਲਾਪ ਵਿਚ ਸੀ ਜਿਹੜੀ ਰੌਂਗਟੇ ਖੜੇ ਕਰ ਸਕਦੀ ਹੈ।

ਉਹਨਾਂ ਵੇਲਿਆਂ ਦੇ ਰਾਜਸੀ ਹਾਲਾਤ ਦੱਸਦਿਆਂ ਉਹ ਕਿਊਬਾ ਦਾ ਵੀ ਜ਼ਿਕਰ ਕਰਦਾ ਹੈ। ਓਸ ਵੇਲੇ ਦੇ ਰਾਜਸੀ ਕੈਦੀਆਂ ਨਾਲ ਕਿਵੇਂ ਸਲੂਕ ਕੀਤਾ ਜਾਂਦਾ ਸੀ। ਕਿਊਬਾ ਦੇ ਜ਼ਾਲਮ ਹਾਕਮ ਮਚਾਡੋ ਦੀ ਪ੍ਰਤੀਨਿਧਤਾ ਕਰਨ ਵਾਲਾ ਨੇਰੂਦਾ ਦਾ ਮਿੱਤਰ ਬਣ ਗਿਆ ਤੇ ਓਸ ਦੱਸਿਆ ਕਿ ਕਿਵੇਂ ਰਾਜਸੀ ਕੈਦੀਆਂ ਦੀਆਂ ਚੀਜ਼ਾਂ, ਘੜੀਆਂ, ਮੁੰਦਰੀਆਂ, ਤੇ ਕਈ ਵਾਰ ਸੋਨੇ ਦੇ ਦੰਦ ਉਹਨਾਂ ਸ਼ਾਰਕਾਂ ਦੇ ਮਿਹਦਿਆਂ ਵਿਚੋਂ ਨਿਕਲਦੇ ਸੀ ਜੋ ਹਵਾਨਾ ਦੀ ਖਾੜੀ ਵਿਚੋਂ ਫੜੀਆਂ ਜਾਂਦੀਆਂ ਸਨ। ਇਹ ਉਹਨਾਂ ਸਮਿਆਂ ਦਾ ਲੂੰ-ਕੰਡੇ ਕਰਨ ਵਾਲਾ ਡਰਾਉਣਾ ਅਹਿਸਾਸ ਹੈ।

ਸਪੇਨ ਦੀ ਘਰੇਲੂ ਲੜਾਈ ਸਮੇਂ ਨੇਰੂਦਾ ਸਿਰਫ ਕਵਿਤਾ ਰਾਹੀਂ— ਹੀ ਨਹੀਂ ਲੜਿਆ ਉਹ ਹਰ ਫਰੰਟ ਉਤੇ ਇਕ ਸਿਪਾਹੀ ਵਾਂਗ ਤਾਇਨਾਤ ਰਿਹਾ। ਉਹਦੀ ਕਵਿਤਾ ਸਿਰਫ ਸੂਖ਼ਮ ਤੇ ਸੁਗੰਧ ਭਰੀ ਹੀ ਨਹੀਂ ਸੀ ਉਹ ਦੁਸ਼ਮਣ ਦੇ ਮੂੰਹ ਉਤੇ ਘਸੁੰਨ ਵਾਂਗ ਵੱਜਣ ਵਰਗੀ ਵੀ ਸੀ। ਇਸੇ ਕਰਕੇ ਸਪੇਨੀ ਲੋਕਾਂ ਨੇ ਤੇ ਫੌਜੀਆਂ ਨੇ ਉਹਦੀ ਕਵਿਤਾ ਦੀਆਂ ਕਾਪੀਆਂ ਜੰਗ ਸਮੇਂ ਵੀ ਆਪਣੇ ਨਾਲ ਹੀ ਰੱਖੀਆਂ। ਉਹਨਾਂ ਲਈ ਇਹ ਕਵਿਤਾਵਾਂ ਉਹਨਾਂ ਦੇ ਭੋਜਨ ਤੇ ਕੱਪੜਿਆਂ ਨਾਲੋਂ ਵੀ ਜ਼ਰੂਰੀ ਸਨ। ਕਿਉਂਕਿ ਉਹ ਕਵਿਤਾਵਾਂ ਜਿਸ ਸ਼ਿੱਦਤ ਨਾਲ ਸਪੇਨ ਵਿਚ ਡੁੱਲ੍ਹੇ ਸਪੇਨੀਆਂ ਦੇ ਲਹੂ ਨੂੰ ਬਿਆਨ ਕਰਦੀਆਂ ਸਨ, ਉਸ ਤੋਂ ਵੱਧ ਸਪੇਨੀਆਂ ਨੂੰ ਹੋਰ ਕੁਝ ਵੀ ਪਿਆਰਾ ਨਹੀਂ ਸੀ ਹੋ ਸਕਦਾ।

ਕਵੀ ਪਾਬਲੋ ਖ਼ੁਦ ਕਵਿਤਾ ਦੀ ਅਮਰਤਾ ਬਾਰੇ ਕਹਿੰਦਾ ਹੈ ਕਿ ਕਵਿਤਾ ਕਦੀ ਨਹੀਂ ਮਰਦੀ— " ਕਵਿਤਾ ਇਕ ਸ਼ਾਂਤੀ ਵਾਲਾ ਕਾਰਜ ਹੈ। ਕਵੀ ਬਣਨ ਵਿਚ ਸ਼ਾਂਤੀ ਦਾ ਹੱਥ ਹੁੰਦਾ ਹੈ। ਅੱਗਾਂ ਲਾਉਣ ਵਾਲੇ, ਜੰਗ ਛੇੜਣ ਵਾਲੇ, ਬਘਿਆੜ, ਕਵੀ ਨੂੰ ਸਾੜਣ ਤੇ ਮਾਰਨ ਲਈ ਉਸ ਵਿਚ ਆਪਣੇ ਦੰਦ ਖੋਭ ਦਿੰਦੇ ਹਨ। ਪੁਸ਼ਕਿਨ ਨੂੰ ਮਾਰੂ ਜ਼ਖਮ ਲਾ ਕੇ ਉਦਾਸੀਨ ਤੇ ਹਨੇਰੀ ਥਾਂ ਤੇ ਰੁੱਖਾਂ ਹੇਠ ਪਿਆ ਰਹਿਣ ਦਿਤਾ ਸੀ। ਅੱਗ ਨਾਲ ਖੇਡਦੇ ਘੋੜਿਆਂ ਨੇ ਪੀਟੋਫੀ ਦੇ ਬੇ-ਜਾਨ ਜਿਸਮ ਨੂੰ ਮਿੱਧ ਸੁੱਟਿਆ ਸੀ। ਬਾਇਰਨ ਜੰਗ



ਦੇ ਵਿਰੁੱਧ ਲੜਦਾ ਯੂਨਾਨ ਵਿਚ ਮਾਰਿਆ ਗਿਆ। ਸਪੇਨੀ ਫਾਸ਼ੀਵਾਦ ਨੇ ਸਪੇਨ ਵਿਚ ਆਪਣੇ ਸਭ ਤੋਂ ਮਹਾਨ ਕਵੀ ਲੋਰਕਾ ਨੂੰ ਮਾਰ ਕੇ ਜੰਗ ਦਾ ਆਰੰਭ ਕੀਤਾ ਸੀ। ਰੀਫਾਇਲ ਅਲਬਰਤੀ ਬਚ ਜਾਣ ਵਾਲਿਆਂ ਦੀ ਕਿਸਮ ਵਿਚੋਂ ਸੀ। ਉਸਨੂੰ ਮਾਰਨ ਦਾ ਫ਼ੈਸਲਾ ਹਜ਼ਾਰਾਂ ਵਾਰ ਹੋਇਆ ਸੀ। ਇਕ ਵੇਰ ਲੋਰਕਾ ਵਾਂਗ ਗਰਨਾਡਾ ਵਿਚ। ਇਕ ਵਾਰ ਹੋਰ ਮੌਤ ਉਹਨੂੰ ਬਾਰਾਂ ਸੋਜ਼ ਵਿਚ ਉਡੀਕਦੀ ਰਹੀ ਸੀ। ਉਹ ਉਸਨੂੰ ਧੁੱਪਾਂ ਮਾਰੇ ਸੇਵਿਲੀ ਵਿਚ ਉਡੀਕਦੇ ਰਹੇ। ਤੇ ਕਾਡੀਜ਼ ਅਤੇ ਪਿਓਰਤੋ ਮਾਰੀਆ, ਉਸਦੇ ਆਪਣੇ ਸੂਬੇ ਵਿਚ, ਉਸ ਨੂੰ ਕਤਲ ਕਰਨ ਬਾਰੇ, ਫਾਹੇ ਲਾਉਣ ਲਈ ਤਾਂ ਕਿ ਕਵਿਤਾ ਉੱਤੇ ਮੌਤ ਦਾ ਇਕ ਹੋਰ ਵਾਰ ਕੀਤਾ ਜਾ ਸਕੇ। ਪਰ ਕਵਿਤਾ ਮਰੀ ਨਹੀਂ। ਕਹਿੰਦੇ ਹਨ ਕਿ ਇਸ ਦੀਆਂ ਬਿੱਲੀ ਵਾਂਗੂੰ ਨੌਂ ਜ਼ਿੰਦਗੀਆਂ ਹੁੰਦੀਆਂ ਹਨ। ਉਹ ਇਸ ਨੂੰ ਪ੍ਰੇਸ਼ਾਨ ਕਰਦੇ ਹਨ, ਗਲੀਆਂ ਵਿਚ ਧੂਹਦੇ ਹਨ, ਇਸ ਉੱਤੇ ਥੁੱਕਦੇ ਹਨ, ਇਸ ਨੂੰ ਟਿੱਚਰਾਂ ਦਾ ਨਿਸ਼ਾਨਾ ਬਣਾਉਂਦੇ ਹਨ। ਇਸਦਾ ਗਲਾ ਘੁੱਟਣ ਦੀ ਕੋਸ਼ਿਸ਼ ਕਰਦੇ ਹਨ। ਦੇਸ਼ ਨਿਕਾਲੇ ਲਈ ਮਜਬੂਰ ਕਰਦੇ ਹਨ। ਇਸਨੂੰ ਜਿਹਲਾਂ ਵਿਚ ਸੁੱਟਦੇ ਹਨ। ਇਸਦੇ ਦਿਲ ਵਿਚ ਸਿੱਕਾ ਭਰਨ ਦੀ ਕੋਸ਼ਿਸ਼ ਕਰਦੇ ਹਨ। ਐਪਰ ਇਹ ਹਰ ਅਜਿਹੀ ਕੋਸ਼ਿਸ਼ ਵਿਚੋਂ ਚੌਲਾਂ ਦੀਆਂ ਕਣੀਆਂ ਵਰਗੀ ਚਿੱਟੀ ਮੁਸਕਾਨ ਤੇ ਸਾਫ ਚਿਹਰਾ ਲਈ ਬਚ ਨਿਕਲਦੀ ਹੈ।"

ਨੇਰੂਦਾ ਦਾ ਕਵੀ ਮਨ ਜਿਥੇ ਮਨੁੱਖ ਦੀ ਹੋਣੀ ਬਾਰੇ ਸੋਚਦਾ ਹੈ ਉਥੇ ਮਨੁੱਖ ਦੀ ਜਦੋ-ਜਹਿਦ ਨੂੰ ਵੀ ਬਾਖ਼ੂਬੀ ਚਿਤਰਦਾ ਹੈ। ਇਕ ਵਾਰ ਪੋਟਾਸ਼ੀਅਮ ਨਾਈਟਰੇਟ ਖਾਣ ਦੇ ਦਫਤਰਾਂ 'ਚ ਉਹ ਮਜ਼ਦੂਰਾਂ ਨਾਲ ਗੱਲਬਾਤ ਕਰਨ ਗਿਆ। ਵੱਡੀ ਵਰਕਸ਼ਾਪ ਦਾ ਫਰਸ਼ ਹਮੇਸ਼ਾ ਵਾਂਗ ਪਾਣੀ, ਤੇਲ ਤੇ ਤੇਜ਼ਾਬਾਂ ਦੇ ਚਿੱਕੜ ਨਾਲ ਭਰਿਆ ਸੀ। ਉਹ ਯੂਨੀਅਨ ਦੇ ਆਗੂ ਨਾਲ ਫੱਟਿਆਂ ਉੱਤੇ ਤੁਰਿਆ ਗਿਆ ਜਿਸ ਕਾਰਨ ਦਲਦਲ ਤੋਂ ਬਚਿਆ ਰਿਹਾ, ਪਰ ਉਹਨੂੰ ਦੱਸਿਆ ਗਿਆ "ਇਨ੍ਹਾਂ ਫੱਟਿਆਂ ਦੀ ਕੀਮਤ ਲੜੀਵਾਰ ਪੰਦਰਾਂ ਹੜਤਾਲਾਂ, ਅੱਠਾਂ ਸਾਲਾਂ ਦੀਆਂ ਬੇਨਤੀਆਂ ਤੇ ਸੱਤ ਬੰਦਿਆਂ ਦੇ ਕਤਲ ਵਜੋਂ ਅਦਾ ਕਰਨੀ ਪਈ।"

ਪਾਬਲੋ ਨੇਰੂਦਾ ਇਕ ਕਮਿਊਨਿਸਟ ਸੀ ਪਰ ਉਹ ਗੈਰ-ਕਮਿਊਨਿਸਟ ਲੋਕਾਂ ਨੂੰ ਨਫਰਤ ਨਹੀਂ ਸੀ ਕਰਦਾ। ਉਹ ਕਿਸੇ ਧਰਮ ਨੂੰ ਨਹੀਂ ਮੰਨਦਾ ਪਰ ਕਿਸੇ ਦੀ ਸਹੂਲਤ ਲਈ ਉਹ ਗਿਰਜਾ ਘਰ ਜਾਣ ਲਈ ਤਿਆਰ ਸੀ। ਉਹਦੀ ਨੌਕਰਾਣੀ ਕੁੜੀ ਨੇ ਬੇਨਤੀ ਕੀਤੀ ਕਿ ਉਸਦੇ ਹੋਣ ਵਾਲੇ ਬੱਚੇ ਦਾ, ਉਹ, ਧਰਮ ਪਿਤਾ ਬਣੇ। ਪਾਬਲੋ ਤਾਂ ਮੰਨ ਗਿਆ ਪਰ ਗਿਰਜਾ ਘਰ ਦਾ ਪਾਦਰੀ ਨਾ ਮੰਨਿਆ, "ਇਕ ਕਮਿਓਨਿਸਟ ਧਰਮ ਪਿਤਾ ? ਕਦੇ ਵੀ ਨਹੀਂ..." ਫਿਰ ਇਕ ਘੜੀ ਸਾਜ਼ ਦੀ ਪਤਨੀ ਬੀਮਾਰ ਸੀ, ਮਰਨ ਕਿਨਾਰੇ। ਉਹਨੇ ਬੜੇ ਦੁੱਖ ਝੱਲੇ ਸਨ। ਪੰਜਾਹ ਸਾਲ ਦੀ ਵਿਆਹੁਤਾ ਜ਼ਿੰਦਗੀ-ਪਾਬਲੋ ਨੇ ਕਵਿਤਾ ਲਿਖੀ—ਘੜੀ ਸਾਜ਼ ਉਹ ਕਵਿਤਾ ਇਕ ਅਖਬਾਰ ਕੋਲ ਲੈ ਕੇ ਗਿਆ। ਉਸ ਅਖਬਾਰ ਨੂੰ ਇਕ ਪਾਦਰੀ ਚਲਾਉਂਦਾ ਸੀ। ਉਹਨੇ ਸਾਫ ਨਾਂਹ ਕਰ ਦਿੱਤੀ। ਨੇਰੂਦਾ ਇਸ ਦਾ ਲੇਖਕ ਇਕ ਕਮਿਊਨਿਸਟ ਸੀ ਜੋ ਧਰਮ ਵਿਚੋਂ ਛੇਕਿਆ ਹੋਇਆ ਸੀ। ਘੜੀ ਸਾਜ਼ ਦੀ ਪੁਰਾਣੀ ਸਾਥਣ ਮਰ ਗਈ ਪਰ ਪਾਦਰੀ ਕਵਿਤਾ ਨਹੀਂ ਛਾਪੇਗਾ। ਜਿਸ 'ਤੇ ਨੇਰੂਦਾ ਕਹਿੰਦਾ ਹੈ—

"ਮੈਂ ਐਸੀ ਦੁਨੀਆ ਵਿਚ ਰਹਿਣਾ ਚਾਹੁੰਦਾ ਹਾਂ ਜਿੱਥੇ ਕੋਈ ਵੀ ਧਰਮ ਚੋਂ ਖਾਰਜ ਨਾ ਕੀਤਾ ਹੋਵੇ। ਮੈਂ ਕਿਸੇ ਨੂੰ ਵੀ ਖਾਰਜ ਨਹੀਂ ਕਰਾਂਗਾ। ਮੈਂ ਕੱਲ੍ਹ ਨੂੰ ਪਾਦਰੀ ਨੂੰ ਇਹ ਨਹੀਂ ਕਹਾਂਗਾ," ਤੂੰ ਫਲਾਣੇ ਫਲਾਣੇ ਨੂੰ ਦੀਖਿਆ ਨਹੀਂ ਦੇ ਸਕਦਾ ਕਿਉਂਕਿ ਤੂੰ ਕਮਿਊਨਿਸਟ ਵਿਰੋਧੀ ਹੈਂ। ਮੈਂ ਕਿਸੇ ਪਾਦਰੀ ਨੂੰ ਇਹ ਨਹੀਂ ਕਹਾਂਗਾ, "ਮੈਂ ਤੇਰੀ ਕਵਿਤਾ, ਤੇਰੀ ਕੋਈ ਰਚਨਾ ਨਹੀਂ ਛਾਪਾਂਗਾ, ਕਿਉਂਕਿ ਤੂੰ ਇਕ ਕਮਿਊਨਿਸਟ ਹੈਂ।" ਮੈਂ ਉਸ ਸੰਸਾਰ ਵਿਚ ਰਹਿਣਾ ਚਾਹੁੰਦਾ ਹਾਂ ਜਿਥੇ ਮਨੁੱਖੀ ਜੀਵ ਸਿਰਫ ਮਨੁੱਖ ਹੋਣ, ਇਸ ਤੋਂ ਸਿਵਾਏ ਉਹਨਾਂ ਦਾ ਕੋਈ ਨਾਮ ਨਾ ਹੋਵੇ....।"

ਪਾਬਲੋ ਨੇਰੂਦਾ ਨੇ ਇਕ ਪ੍ਰਚਲਤ ਅਖੌਤ ਵਿਚ ਵੀ ਵੱਢ ਮਾਰਿਆ ਹੈ। ਉਸਨੇ ਪ੍ਰਚਲਤ ਧਾਰਨਾ ਨੂੰ ਗਲਤ ਸਾਬਤ ਕੀਤਾ ਹੈ ਕਿ ਸਾਡੇ ਹਰਮਨ ਪਿਆਰੇ ਗੀਤ ਉਹ ਨਹੀਂ ਹੁੰਦੇ ਜਿਹੜੇ ਸਾਨੂੰ ਉਦਾਸੀ ਦੇ ਮੰਡਲ 'ਚ ਲੈ ਜਾਣ। ਉਹਨੇ ਪ੍ਰਚਲਤ ਆਲੋਚਕਾਂ ਦੀ ਖਿੱਲੀ ਉਡਾਈ ਹੈ ਜਿਹੜੇ ਕਹਿੰਦੇ ਹਨ ਕਿ ਵਧੇਰੇ ਦੁਖ ਸਹਿਣ ਵਾਲੇ ਨੂੰ ਵਧੇਰੇ ਵਧੀਆ ਕਵਿਤਾ ਉਤਰਦੀ ਹੈ। ਜੇ ਉਹਨਾਂ ਦੀ ਗੱਲ ਨੂੰ ਮੰਨ ਲਿਆ ਜਾਏ ਤਾਂ ਅਪੈਂਡੇਸਾਈਟਸ ਨਾਲ ਵਧੀਆ ਵਾਰਤਕ ਲਿਖੀ ਜਾ ਸਕਦੀ ਹੈ ਅਤੇ ਕੈਂਸਰ ਨਾਲ ਉਚੇਰੀ ਕਵਿਤਾ ਦੀ ਸੰਭਾਵਨਾ ਬਣ ਸਕਦੀ ਹੈ। ਪਾਬਲੋ ਕਹਿੰਦਾ ਹੈ, "ਸਾਨੂੰ ਕਵੀਆਂ ਨੂੰ ਖੁਸ਼ ਰਹਿਣ ਦਾ ਹੱਕ ਹੈ, ਜਿੰਨੀ ਦੇਰ ਅਸੀਂ ਆਪਣੇ ਲੋਕਾਂ ਨਾਲ ਜੁੜੇ ਹੋਏ ਹਾਂ, ਉਹਨਾਂ ਲੋਕਾਂ ਦੀ ਖੁਸ਼ੀ ਲਈ ਲੜੀ ਲੜਾਈ ਵਿਚ ਡੂੰਘੀ ਤਰ੍ਹਾਂ ਖੁਭੇ ਹੋਏ ਹਾਂ।"

ਉਹ ਬੜੀ ਬੇਬਾਕੀ ਅਤੇ ਜੁਰੱਅਤ ਨਾਲ ਕਹਿੰਦਾ ਹੈ, "ਜਿਹੜਾ ਕਵੀ ਯਥਾਰਥਵਾਦੀ ਨਹੀਂ, ਉਹ ਮਰ ਚੁੱਕਾ ਹੈ। ਤੇ ਜਿਹੜਾ ਕਵੀ ਸਿਰਫ ਯਥਾਰਥਵਾਦੀ ਹੈ ਉਹ ਵੀ ਮਰਦਾ ਹੈ। ਜਿਹੜਾ ਕਵੀ ਤਰਕਹੀਣ ਹੈ, ਉਹਨੂੰ ਸਿਰਫ ਉਹਦੀ ਪ੍ਰੇਮਿਕਾ ਜਾਂ ਉਹ ਖੁਦ ਹੀ ਸਮਝ ਸਕੇਗਾ, ਤੇ ਇਹ ਗੱਲ ਬੜੀ ਨਿਰਾਸਤਾ ਵਾਲੀ ਹੈ। ਜਿਸ ਕਵੀ ਵਿਚ ਸਿਰਫ ਦਲੀਲ ਹੀ ਦਲੀਲ ਹੈ, ਉਹਨੂੰ ਸਿਰਫ ਗਧੇ ਹੀ ਸਮਝਣਗੇ।" ਇਹ ਕਥਨ ਸਿਰਫ ਕਵਿਤਾ ਜਾਂ ਕਵੀ 'ਤੇ ਹੀ ਲਾਗੂ ਨਹੀਂ ਹੁੰਦਾ। ਸਮੁੱਚੇ ਸਾਹਿਤ ਦੀ ਰੂਪ ਰੇਖਾ ਇਹਦੇ ਅਨੁਸਾਰ ਹੀ ਚਲਦੀ ਹੈ। ਪਾਬਲੋ ਸਾਹਿਤ ਦੇ ਖੇਤਰ ਵਿਚ ਗੁਲਾਮਾਂ ਵਰਗੀ ਜ਼ਹਿਨੀਅਤ ਦੀ ਗੱਲ ਕਰਦਾ ਹੈ, ਕਿ ਕੁਝ ਲੇਖਕ ਪ੍ਰਚਲਤ ਧਾਰਨਾਵਾਂ ਨਾਲ ਇੰਝ ਬੱਝੇ ਹੁੰਦੇ ਹਨ ਜਿਵੇਂ ਪੁਰਾਣਿਆਂ ਸਮਿਆਂ ਵਿਚ ਵੱਡਿਆਂ ਬੇੜਿਆਂ ਨੂੰ ਚਲਾਉਣ ਵਾਲੇ ਗੁਲਾਮ ਚੱਪੂਆਂ ਨਾਲ ਬੱਝੇ ਹੁੰਦੇ ਸਨ। ਉਹ ਬੇੜੇ ਸਿਰਫ ਉਹਨਾਂ ਗੁਲਾਮਾਂ ਦੇ ਚਲਾਏ ਚੱਪੂਆਂ ਨਾਲ ਹੀ ਚਲਦੇ ਸਨ। ਇਵੇਂ ਹੀ ਅੱਜ ਕਲ੍ਹ ਕੁਝ ਲੋਕ ਦਫਤਰੀ ਸਟੂਲਾਂ ਨਾਲ ਬੱਝੇ ਹੋਏ ਹਨ ਤੇ ਕੁਝ ਸਰਕਾਰੀ ਕੁਰਸੀਆਂ ਨਾਲ। ਇਹਨਾਂ ਸਭਨਾਂ ਦੀ ਹੀ ਜ਼ਹਿਨੀਅਤ ਗੁਲਾਮਾਂ ਵਰਗੀ ਹੈ।

ਨੇਰੂਦਾ ਆਪਣੇ ਸਮਕਾਲੀ ਲੇਖਕਾਂ ਬਾਰੇ ਵੀ ਟਿੱਪਣੀ ਕਰਦਾ ਹੈ। ਉਹ ਸੰਸਾਰ ਭਰ ਦੇ ਕਵੀਆਂ ਤੇ ਉਹਨਾਂ ਦੀ ਲਿਖਤ ਦਾ ਚਰਚਾ ਕਰਦਾ ਹੈ। ਉਹ ਦੱਸਦਾ ਹੈ ਕਿ ਲੇਖਕਾਂ ਨੂੰ ਕਿਹੋ ਜਿਹੀਆਂ ਹਾਲਤਾਂ ਵਿਚੋਂ ਲੰਘਣਾ ਪੈਂਦਾ ਹੈ। ਕਿਸ ਕਿਸ ਮੰਦਹਾਲੀ ਤੇ ਜਿੱਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਕੁਝ ਲੇਖਕਾਂ ਦੇ ਆਤਮ ਘਾਤਾਂ ਦਾ ਵੀ ਜ਼ਿਕਰ ਕਰਦਾ ਹੈ ਜਿਨ੍ਹਾਂ ਨੂੰ ਹਾਲਾਤ, ਸਥਾਪਤੀ ਤੇ ਆਲੇ-ਦੁਆਲੇ ਨੇ ਜਿਊਣ ਨਹੀਂ ਦਿੱਤਾ। ਉਹ ਦੱਸਦਾ ਹੈ ਕਿ ਕਿਵੇਂ ਸਾਹਿਤ ਵਿਚ ਧੱਕੜਸ਼ਾਹ ਵੀ ਪੈਦਾ ਹੋ ਜਾਂਦੇ ਹਨ। ਜਿਹੜੇ ਕਿ ਗੁੰਡਾ ਗਰਦੀ ਭਰੇ ਜੀਵਨ ਦੀ ਉਪਜ ਹੁੰਦੇ ਹਨ। "ਭਾਰੀ ਵਿਨਾਸ਼ਵਾਦ ਤੇ ਨੀਤਸ਼ੇ ਦੇ ਸਨਕੀਪੁਣੇ ਨੇ ਸਾਡੇ ਬਹੁਤ ਸਾਰੇ ਕਵੀਆਂ ਨੂੰ ਦੁਰਾਚਾਰੀ ਬਣਾ ਦਿੱਤਾ ਤੇ ਮੁਖੌਟਿਆਂ ਦੇ ਪਿੱਛੇ ਲੁਕਣ ਲਈ ਮਜਬੂਰ ਕਰ ਦਿੱਤਾ। ਬਹੁਤ ਸਾਰੇ ਇਸ ਤਰ੍ਹਾਂ ਸਵੈ-ਤਬਾਹੀ ਤੇ ਜੁਰਮ ਦੇ ਰਾਹ ਪੈ ਕੇ ਜੀਵਨ ਬਰਬਾਦ ਕਰ ਬੈਠੇ।"

ਉਹ ਕਈਆਂ ਲੇਖਕਾਂ ਦਾ ਬੜੇ ਪਿਆਰ ਨਾਲ ਚੰਗੇਰਾ ਤੇ ਉਚੇਰਾ ਜ਼ਿਕਰ ਕਰਦਾ ਹੈ। ਜਿਨ੍ਹਾਂ ਚੋਂ ਕਈ ਨੇਰੂਦਾ ਨਾਲ ਸਹਿਮਤ ਵੀ ਨਹੀਂ ਸਨ। ਫਿਰ ਵੀ ਨੇਰੂਦਾ ਆਪਣੀ ਜ਼ਾਤ ਨੂੰ ਲਾਂਭੇ ਰੱਖ ਕੇ ਆਪਣੇ ਅੰਦਰਲੇ ਦੀ ਗੱਲ ਕਹਿੰਦਾ ਹੈ। ਜਿਵੇਂ ਹਿਊਡੋਬਰੋ "ਬਲੌਰ ਵਰਗਾ ਕਵੀ ਸੀ" ਕਵੀ ਵਾਲੇਜੋ ਬਾਰੇ "ਹਿਰਦੇ ਤੋਂ ਗੰਭੀਰ ਤੇ ਪਵਿੱਤਰ ਸੀ।" ਇਸੇ ਤਰ੍ਹਾਂ ਕਵਿੱਤਰੀ ਗੈਬਰੀਲਾ ਮਿਸਤਰਾਲ ਕੋਲ "ਇਕ ਚੰਗੇ ਮਿੱਤਰ ਦੀ ਖੁੱਲ੍ਹੀ ਮੁਸਕ੍ਰਾਹਟ ਹਮੇਸ਼ਾ ਹਾਜ਼ਰ ਹੁੰਦੀ ਸੀ।" ਸੁੰਦਰ ਸੁਰਾਂ ਵਾਲਾ ਹੰਗੇਰੀਅਨ ਕਵੀ ਗਿਓਰਗੀ ਸੋਮਲੋਇਓ ਇਕ ਪਰਪੱਕ ਕਵੀ "ਜੋ ਸਾਡੇ ਸਮੇਂ ਵਿਚ ਸੁਣੇ ਜਾਣ ਦਾ ਅਧਿਕਾਰ ਰੱਖਦਾ ਹੈ।" ਇਟਾਲੀਅਨ ਕਵੀ ਕੁਆਸੇਮੋਦੋ "ਅਜਿਹੀ ਜ਼ੁੰਮੇਵਾਰੀ ਹੈ ਕਿ ਆਪਣੇ ਯੁੱਗ ਦਾ ਮਨੁੱਖ ਹੋਣ ਕਾਰਣ ਸਭਿਆਚਾਰਕ ਰੋਕਾਂ ਨੂੰ ਤੋੜ ਸੁੱਟੇ ਅਤੇ ਦੱਸੇ ਕਿ ਸੱਚ ਆਜ਼ਾਦੀ, ਅਮਨ ਅਤੇ ਖੁਸ਼ੀ ਵਰਗੇ ਇਹਨਾਂ ਤੁਹਫਿਆਂ ਉੱਤੇ ਸਾਰਿਆਂ ਦਾ



ਇਕੋ ਜਿੰਨਾ ਹੱਕ ਹੈ।" ਇੰਜ ਹੀ ਉਹ ਫਰਾਂਸ ਦੇ ਕਵੀ ਪਾਲ ਏਲੂਆਲਡ ਨੂੰ ਸੰਬੋਧਤ ਹੁੰਦਾ ਹੈ "ਭਰਾਵਾ ਮੈਂ ਤੇਰੀਆਂ ਮੀਟੀਆਂ ਅੱਖਾਂ 'ਤੇ ਝੁਕਦਾ ਹਾਂ। ਇਹ ਮੈਨੂੰ ਰੋਸ਼ਨੀ ਤੇ ਮਹਾਨਤਾ, ਸਾਦਗੀ ਤੇ ਈਮਾਨਦਾਰੀ, ਨੇਕੀ ਅਤੇ ਕੁਦਰਤੀਪਣ ਦਿੰਦੀਆਂ ਰਹਿਣਗੀਆਂ, ਜਿਹੜੀਆਂ ਤੂੰ ਧਰਤੀ ਤੇ ਬੀਜੀਆਂ ਸਨ।" ਪਾਬਲੋ ਨੇਰੂਦਾ ਉਹਨਾਂ ਅਨੇਕਾਂ ਮਨੁੱਖਾਂ ਦਾ ਜ਼ਿਕਰ ਕਰਦਾ ਹੈ ਜਿਹੜੇ ਉਹਨੂੰ ਮਿਲੇ 'ਤੇ ਜਿਨ੍ਹਾਂ ਤੋਂ ਉਹ ਪ੍ਰਭਾਵਿਤ ਹੋਇਆ। ਉਹ ਯੂਰਪੀਅਨ ਵੀ ਸਨ, ਏਸ਼ੀਅਨ ਵੀ ਜਿਨ੍ਹਾਂ ਚੋਂ ਚੀਨ ਦੇ ਅਤੇ ਰੂਸ ਦੇ ਲੇਖਕਾਂ ਦਾ ਕਾਫੀ ਜ਼ਿਕਰ ਹੈ। ਨਾਜ਼ਿਮ ਹਿਕਮਤ ਅਤੇ ਫੈਡਰੀਕੋ ਗਾਰਸ਼ੀਆ ਲੋਰਕਾ ਬਾਰੇ ਉਹ ਉਚੇਚਾ ਜ਼ਿਕਰ ਕਰਦਾ ਹੈ।

ਪਾਬਲੋ ਨੇਰੂਦਾ, ਸਿਰਫ ਮਹਾਨ ਕਵੀ ਹੀ ਨਹੀਂ ਸੀ, ਉਹ ਇਕ ਮਹਾਨ ਚਿੰਤਕ ਵੀ ਸੀ। ਉਹ ਇਨਾਮਾਂ ਸਨਮਾਨਾਂ ਦੇ ਵਿਰੋਧ 'ਚ ਨਹੀਂ ਪਰ ਉਹਨਾਂ ਵਿਚਲੀ ਬੰਦ ਦਰਵਾਜ਼ੇ ਪਿਛੇ ਕਾਰਗੁਜ਼ਾਰੀ ਨੂੰ ਨਫ਼ਰਤ ਕਰਦਾ ਹੈ। ਉਹ ਆਪਣੇ ਨੋਬਲ-ਪੁਰਸਕਾਰ ਦੀ ਪ੍ਰਾਪਤੀ ਬਾਰੇ ਬੜੀਆਂ ਦਿਲਚਸਪ ਘਟਨਾਵਾਂ ਬਿਆਨ ਕਰਦਾ ਹੈ। ਇਹ ਹੈ ਅਸਲੀ ਮਨੁੱਖ ਦੀ ਭਾਵਨਾ। ਉਹ ਅਜਿਹੀਆਂ ਪ੍ਰਾਪਤੀਆਂ ਦੀ ਤੁਲਨਾ ਘੋੜਿਆਂ ਦੀ ਦੌੜ ਨਾਲ ਕਰਦਾ ਹੈ। ਉਹ ਅਜਿਹੇ ਇਨਾਮਾਂ ਸਨਮਾਨਾਂ ਦੀ ਕਾਰਗੁਜ਼ਾਰੀ ਨਾਲੋਂ ਛੋਟੇ ਪੇਂਡੂ ਸਕੂਲਾਂ ਵਿਚ ਇਨਾਮ ਵੰਡਣ ਦੀ ਰਸਮ ਨੂੰ ਵਧੇਰੇ ਮਨਮੋਹਕ ਅਤੇ ਸੰਜੀਦਾ ਦੱਸਦਾ ਹੈ। ਸੰਜੀਦਗੀ, ਜਿਸ ਦੀ ਹਮੇਸ਼ਾ ਹੀ ਅਜਿਹੇ ਅਵਸਰਾਂ 'ਤੇ ਲੋੜ ਰਹੇਗੀ। ਜ਼ਿੰਦਗੀ ਦੀ ਸਿਰਜਣਾ ਲਈ ਸੰਜੀਦਗੀ ਭਰਿਆ ਮਾਹੌਲ ਬਹੁਤ ਜ਼ਰੂਰੀ ਹੈ। ਨਹੀਂ ਤਾਂ ਇਹ ਮਨੁੱਖਤਾ ਧੱਕੜਸ਼ਾਹਾਂ ਦੇ ਹੱਥੀਂ ਚੜ੍ਹੀ ਰਹੇਗੀ।

ਸ਼ਾਹਾਂ ਦੇ ਘਰਾਂ ਨੂੰ ਜਦੋਂ ਸੰਨ੍ਹ ਲੱਗਦੀ ਹੈ ਉਹ ਪਾਬਲੋ ਨੇਰੂਦਾ ਵਰਗੇ ਵਿਚਾਰਾਂ ਕਰਕੇ ਹੀ ਲੱਗਦੀ ਹੈ। ਕਿਉਂਕਿ ਸਿਆਸੀ ਵਾਯੂ ਮੰਡਲਾਂ ਬਾਰੇ ਵੀ ਉਹਦੇ ਵਿਚਾਰ ਬਹੁਤ ਨਿੱਗਰ ਹਨ। ਮਾਓਜ਼ੇਤੁੰਗ ਬਾਰੇ ਉਹ ਕਹਿੰਦਾ ਹੈ ਕਿ ਉਹਨੂੰ ਮਾਓਜ਼ੇ-ਤੁੰਗ ਨੇ ਏਨਾ ਦੁਖੀ ਨਹੀਂ ਕੀਤਾ ਜਿੰਨਾ ਮਾਓ ਵਾਦ ਨੇ ; ਇਹ ਵੀ ਸਟਾਲਿਨਵਾਦੀ ਪੂਜਾ ਦਾ ਦੁਹਰਾਓ ਬਣ ਕੇ ਉਭਰਿਆ। ਏਸੇ ਤਰ੍ਹਾਂ ਉਹ ਸਟਾਲਿਨ ਬਾਰੇ ਲਿਖਦਾ ਹੈ ਕਿ ਉਹ ਇਕ ਰਹੱਸਵਾਦੀ ਦੈਂਤ-ਰੂਪੀ ਪੁਰਸ਼ ਸੀ।

"ਉਹਦੇ ਬਾਰੇ ਮੈਂ ਕਾਫੀ ਦੇਰ ਅਨਜਾਣ ਰਿਹਾ ਹਾਂ। ਮੇਰੀਆਂ ਨਜ਼ਰਾਂ ਸਾਹਮਣੇ ਸਟਾਲਿਨ ਉੱਪਰ ਚੜ੍ਹਿਆ। ਉਹ ਅਸੂਲਾਂ 'ਤੇ ਪਹਿਰਾ ਦੇਣ ਵਾਲਾ ਚੰਗੀ ਤਬੀਅਤ ਦਾ, ਇਕ ਦਰਵੇਸ਼ ਠਰ੍ਹੰਮੇ ਵਾਲਾ, ਰੂਸੀ ਇਨਕਲਾਬ ਦੀ ਰਖਵਾਲੀ ਕਰਨ ਵਾਲਾ ਮਹਾ ਮਾਨਵ ਸੀ। ਇਸ ਤੋਂ ਬਿਨਾਂ ਵੱਡੀਆਂ ਮੁੱਛਾਂ ਵਾਲਾ ਇਹ ਛੋਟਾ ਆਦਮੀ ਜੰਗ ਦੇ ਸਮੇਂ ਇਕ ਦੈਂਤ-ਕੱਦ ਬਣ ਕੇ ਨਿਕਲਿਆ। ਉਹਦਾ ਨਾਂ ਬੁੱਲ੍ਹਾਂ 'ਤੇ ਲੈ ਕੇ ਲਾਲ ਫੌਜ ਨੇ ਹੱਲਾ ਬੋਲਿਆ ਤੇ ਹਿਟਲਰ ਦੇ ਰਾਖਸ਼ਾਂ ਨੂੰ ਹਾਰ ਦਿੱਤੀ।"

ਇੰਜ ਹੀ ਉਹ ਫੀਦਲ ਕਾਸਤਰੋ ਬਾਰੇ ਕਹਿੰਦਾ ਹੈ :-

"ਉਹ ਸਮੇਂ ਫੀਦਲ ਨਾ ਮਾਰਕਸਵਾਦੀ ਸੀ ਤੇ ਨਾ ਹੀ ਕਮਿਊਨਿਸਟ ਸੀ। ਉਹ ਵੈਨਜ਼ੁਏਲਾ ਵਿਚ ਕਾਰਾਕਾਸ ਦੇ ਵਿਸ਼ਾਲ ਚੌਕ 'ਚ ਚਾਰ ਘੰਟੇ ਤੀਕ ਨਿਰਵਿਘਨ ਬੋਲਿਆ। ਮੈਂ ਉਹਨਾਂ ਦੋ ਲੱਖ ਲੋਕਾਂ ਵਿਚੋਂ ਸੀ ਜਿਨ੍ਹਾਂ ਨੇ ਇਕ ਵੀ ਸ਼ਬਦ ਬੋਲਣ ਤੋਂ ਬਿਨਾਂ ਖਲੋ ਕੇ ਉਸਦੇ ਲੰਬੇ ਭਾਸ਼ਣ ਨੂੰ ਸੁਣਿਆ। ਮੇਰੇ ਲਈ ਤੇ ਕਈ ਹੋਰ ਲੋਕਾਂ ਲਈ ਫੀਦਲ ਦੀਆਂ ਤਕਰੀਰਾਂ ਇਕ ਦੈਵੀ-ਸੰਦੇਸ਼ ਸੀ। ਭੀੜ ਨੂੰ ਸੰਬੋਧਨ ਕਰਦੇ ਹੋਏ ਉਸ ਨੂੰ ਸੁਣਦਿਆਂ ਮੈਂ ਅਨੁਭਵ ਕੀਤਾ ਕਿ ਲਾਤੀਨੀ ਅਮਰੀਕਾ ਲਈ ਇਕ ਨਵਾਂ ਯੁੱਗ ਆਰੰਭ ਹੋ ਗਿਆ ਹੈ।..."

ਸ਼ਹੀਦ ਚੀ-ਗੁਵੇਰਾ ਲਈ ਵੀ ਪਾਬਲੋ ਬੜਾ ਉਦਾਰਚਿਤ ਸੀ। ਉਹਦੇ ਬਾਰੇ ਉਹ ਕਹਿੰਦਾ ਹੈ ਕਿ ਚੀ ਗੁਵੇਰਾ ਇਕ ਫੌਜੀ ਹਥਿਆਰਬੰਦ ਲੜਾਕਾ ਸੀ, ਜਿਸ ਨੂੰ ਜੰਗ ਇਕ ਜ਼ਰੂਰੀ ਤੇ ਲੋੜੀਂਦੀ ਸ਼ੈਅ ਲਗਦੀ ਸੀ। ਇਸਦੇ ਬਾਵਜੂਦ ਵੀ ਚੀ ਗੁਵੇਰਾ ਦੇ ਮਨ ਵਿੱਚ ਕਵਿਤਾ ਲਈ ਇਕ ਉਚੇਚੀ ਥਾਂ ਸੀ। ਉਹ ਕਵਿਤਾ

ਨੂੰ ਪਿਆਰ ਕਰਦਾ ਸੀ। ਉਹਦੀ ਬਹਾਦਰੀ ਭਰੀਆਂ ਲੜਾਈਆਂ ਤੋਂ ਅੱਗੇ ਕਵਿਤਾ ਵੀ ਉਹਦੇ ਮਨ 'ਚ ਉੱਚਾ ਤੇ ਸੁੱਚਾ ਥਾਂ ਰੱਖਦੀ ਸੀ।

ਪਾਬਲੋ ਆਪਣੀਆਂ ਯਾਦਾਂ 'ਤੇ ਅੰਤ ਵਿੱਚ ਅਮਰੀਕਨਾਂ ਰਾਹੀਂ ਅਲਾਂਡੇ ਦੇ ਕਤਲ ਦਾ ਜ਼ਿਕਰ ਬੜੇ ਵਿਸ਼ੇਸ਼ ਢੰਗ ਨਾਲ ਕਰਦਾ ਹੈ। ਇਸ ਜ਼ਿਕਰ 'ਚ ਉਹਦਾ ਕਵੀ ਮਨ ਚਿੱਲੀ ਦੀ ਸੈਨਕ ਜੁੰਡਲੀ ਅਮਰੀਕੀ ਸਰਕਾਰ ਦੀ ਅਣ-ਮਨੁੱਖੀ ਤਾਨਾਸ਼ਾਹੀ ਨੂੰ ਲਾਹਨਤਾਂ ਪਾਉਂਦਾ ਹੈ। ਅਲਾਂਡੇ ਦੇ ਕਤਲ ਨੇ ਦੁਨੀਆ ਭਰ ਵਿੱਚ ਗੁੱਸੇ ਤੇ ਰੋਹ ਦੀ ਇਕ ਲਹਿਰ ਪੈਦਾ ਕਰ ਦਿਤੀ। ਨਿਸਚੇ ਹੀ ਇਸ ਘਟਨਾ ਨੇ ਪਾਬਲੋ ਦੇ ਮਨ 'ਤੇ ਅਸਰ ਕੀਤਾ ਤੇ ਉਹ ਇਸ ਘਟਨਾ ਬਾਦ ਬਹੁਤਾ ਚਿਰ ਜਿਉਂਦਾ ਨਾ ਰਹਿ ਸਕਿਆ।

ਸਮੁਚੇ ਤੌਰ 'ਤੇ ਇਹ ਪੁਸਤਕ (ਜੀਵਨ ਯਾਦਾਂ) ਇਕ ਬੜਾ ਹੀ ਵਧੀਆ ਅਤੇ ਪੜ੍ਹਨ ਯੋਗ ਦਸਤਾਵੇਜ਼ ਹੈ। ਇਹਦੇ ਨਾਲ ਪੰਜਾਬੀ ਸਾਹਿਤ ਦੀ ਝੋਲੀ ਹੋਰ ਵੀ ਭਰਪੂਰ ਹੋਈ ਹੈ। ਇਸਨੂੰ ਪੰਜਾਬੀ ਵਿੱਚ ਉਲਥਾਉਣ ਦੀ ਜਿੱਥੇ ਹਰਭਜਨ ਸਿੰਘ 'ਹੁੰਦਲ' ਦੀ ਬਹਾਦਰੀ ਹੈ, ਉੱਥੇ ਉਹਦੀ ਸੀਮਾ ਵੀ ਨਜ਼ਰ ਆਉਂਦੀ ਹੈ। ਹਰਭਜਨ ਸਿੰਘ ਹੁੰਦਲ ਵਧੀਆ ਕਵੀ ਜ਼ਰੂਰ ਹੈ ਪਰ ਵਧੀਆ ਉਲਥਾਕਾਰ ਅਜੇ ਉਹਨੇ ਬਣਨਾ ਹੈ। ਕੀਤੇ ਗਏ ਉਲੱਥੇ ਦੀ ਇਸ ਪੁਸਤਕ ਵਿੱਚ ਕੁਝ ਕੁ ਅਜਿਹੀਆਂ ਗਲਤੀਆਂ ਹਨ, ਜਿਹੜੀਆਂ ਪੁਸਤਕ ਪਾਠ ਨੂੰ ਨੀਰਸ ਬਣਾਉਂਦੀਆਂ ਹਨ। ਮੇਰੀ ਸਨਿਮਰ ਬੇਨਤੀ ਹੈ ਕਿ ਇਸ ਪੁਸਤਕ 'ਤੇ ਦੁਬਾਰਾ ਮਿਹਨਤ ਕੀਤੀ ਜਾਵੇ। ਇਹਨੂੰ ਸੋਧ ਕੇ ਇਹਦਾ ਦੂਜਾ ਐਡੀਸ਼ਨ ਛਾਪਿਆ ਜਾਵੇ। ਜੇ ਕਰ ਕੋਈ ਹੋਰ ਵਿਦਵਾਨ ਵੀ ਇਸ ਵਿੱਚ ਸਹਾਇਤਾ ਕਰਨ ਯੋਗ ਹੋਵੇ ਤਾਂ ਏਸ ਕੰਮ ਨੂੰ ਜ਼ਰੂਰ ਵਿਚਾਰਿਆ ਜਾਣਾ ਚਾਹੀਦਾ ਹੈ। ਸਮਾਂ ਤੇ ਮਿਹਨਤ ਇਸ ਉਲਥੇ ਲਈ ਹੋਰ ਲੋੜੀਂਦਾ ਹੈ। ਮੈਂ ਇਕ ਵਾਰ ਫੇਰ ਹਰਭਜਨ ਸਿੰਘ ਹੁੰਦਲ ਹੁਰਾਂ ਦਾ ਏਸ ਪੁਸਤਕ ਨੂੰ ਪਾਠਕਾਂ ਦੇ ਹੱਥਾਂ ਤੱਕ ਪਹੁੰਚਾਉਣ ਲਈ ਧੰਨਵਾਦ ਕਰਦਾ ਹਾਂ।

## ਕਵਿਤਾ ਤੇ ਲੋਕ

ਸਦੀਵੀ ਰਹਿਣ ਵਾਲੀਆਂ ਕਵਿਤਾਵਾਂ ਵੀ ਸਮੇਂ ਤੋਂ ਮੁਕਤ ਨਹੀਂ ਹੁੰਦੀਆਂ। ਕਵੀ ਆਪਣੇ ਸਮੇਂ ਵਿਚ ਵਿਚਰਦਾ ਹੈ। ਆਪਣੇ ਸਮੇਂ ਦੀ ਭਾਸ਼ਾ ਬੋਲਦਾ ਹੈ ਤੇ ਆਪਣੇ ਸਮੇਂ ਦੀਆਂ ਘਟਨਾਵਾਂ ਤੋਂ ਪ੍ਰਭਾਵਤ ਹੁੰਦਾ ਹੈ।

..... ਫੇਰ ਵੀ, ਉਸ ਦੀਆਂ ਕਵਿਤਾਵਾਂ ਤਾਂ ਹੀ ਸਦੀਵੀ ਰਹਿਣ ਵਾਲੀਆਂ ਹੋਣਗੀਆਂ, ਜੇ ਉਹ ਲੋਕਾਂ ਦੇ ਦੁਖਾਂ-ਦਰਦਾਂ, ਉਹਨਾਂ ਦੀਆਂ ਤ੍ਰਿਸ਼ਨਾਵਾਂ, ਆਸਾਂ, ਤੇ ਇਛਾਵਾਂ ਨੂੰ ਪ੍ਰਗਟ ਕਰਦਾ ਹੈ। ਜਦੋਂ ਵੀ ਲੋਕੀਂ, ਆਪਣੇ ਕਵੀਆਂ ਨਾਲ ਇਕਸੁਰ ਹੋਇਆ ਅਨੁਭਵ ਕਰਦੇ ਹਨ ਤਾਂ ਕਵਿਤਾ ਜੀਊਣ ਜੇਹੀ ਕਲਾ ਬਣ ਜਾਂਦੀ ਹੈ। (ਬਰਲਿਨ 1961)

ਗੁੰਥਰ ਡੇਕੀ (ਜਰਮਨੀ)

ਲੋਕ ਆਖਦੇ ਨੇ ਕਿ ਮਰ ਗਿਆ ਲੇਖਕ ਆਪਣੀਆਂ ਕਿਤਾਬਾਂ ਵਿਚ ਜੀਉਂਦਾ ਰਹਿੰਦਾ ਹੈ। ਨਿਰਸੰਦੇਹ ਇਹ ਸੱਚ ਹੈ, ਪਰ ਇਹ ਪੂਰਾ ਸੱਚ ਨਹੀਂ। ਇਹ ਮਰਹੂਮ ਲੇਖਕ ਲੋਕਾਂ ਦੇ ਦਿਲਾਂ ਵਿਚ ਵੱਸਦਾ ਹੈ। ਕਿਉਂਕਿ ਉਹ ਆਪਣੇ ਦੇਸ਼ ਦੇ ਅਮਰ ਪਿਆਰ ਸਦਕਾ ਵੱਸਦਾ ਹੈ। ਉਸ ਦੀਆਂ ਕਿਤਾਬਾਂ ਇਸ ਪਿਆਰ ਦਾ ਇਕ ਭਾਗ ਹਨ, ਭਾਵੇਂ ਕਿ ਸਭ ਤੋਂ ਮਹੱਤਵਪੂਰਨ ਭਾਗ ਹੈ। ਇਸ ਪਿਆਰ ਦਾ ਇਕ ਹੋਰ ਹਿੱਸਾ, ਉਹਨਾਂ ਕਾਰਜਾਂ ਦੀ ਲੜੀ ਹੈ, ਜੋ ਉਸ ਦੀ ਜੀਵਨੀ ਵਿਚ ਸ਼ਾਮਿਲ ਹੈ।

...ਅੰਤਮ ਤੌਰ ਤੇ ਉਹ ਲੋਕ ਹਨ, ਜਿਹਨਾਂ ਨੂੰ ਉਸ ਨੇ ਆਪਣੇ ਜੀਵਨ-ਕਾਲ ਸਮੇਂ ਆਪਣੀਆਂ ਕਿਤਾਬਾਂ, ਸ਼ਬਦਾਂ ਤੇ ਕੰਮਾਂ ਸਦਕਾ ਪ੍ਰਭਾਵਤ ਕੀਤਾ ਸੀ। ਉਹ ਲੋਕ ਵੀ ਲੇਖਕ ਦਾ ਇਕ ਭਾਗ ਹਨ, ਕਿਉਂਕਿ ਉਹ ਉਹਨਾਂ ਵਿਚ ਵੀ ਵੱਸਦਾ ਹੈ। *—ਕਨਸਤੈਨਤਿਨ ਸਿਮੋਨੋਵ (1970)*



ਨਜ਼ਮ

## ਬੁਰਕੇ ਹੇਠਲੀ ਰਾਤ / *ਹਮਦਰਦਵੀਰ ਨੌਸ਼ਹਿਰਵੀ*

(ਅਫਗਾਨੀ ਔਰਤਾਂ ਦੇ ਨਾਂ)

ਰੁੱਤਾਂ ਦੇ ਫਟੇ ਦਾਮਨ ਵਿਚੋਂ ਕਿਰ ਗਿਆ ਹੈ ਬਹਾਰ ਦਾ ਮੌਸਮ
ਗੁਲਾਬੀ ਬੁੱਲ੍ਹਾਂ ਉੱਤੇ ਵਿੰਨ੍ਹੀ ਪਈ ਹੈ ਨਗਮੇ ਦੀ ਹੇਕ।
ਇਕ ਮੌਸਮ ਆਉਂਦਾ ਹੈ
ਕੈਕਟਸ ਦੇ ਕੰਡਿਆਂ ਵਿਚੋਂ ਵੀ ਫੁੱਲ ਉਭਰਦਾ ਹੈ, ਫੁੱਲ ਅੱਕ ਦਾ
ਫੁੱਲ ਮੁਸਕਾਉਂਦਾ ਹੈ
ਧੁੱਪ ਵਿਚ ਖਿੜੀਆਂ ਕੋਹਕਾਫ਼ ਦੀਆਂ ਨਿੱਖਰੀਆਂ ਚੋਟੀਆਂ ਵਾਂਗ
ਅਸੀਂ ਵੀ ਚਾਹੁੰਦੀਆਂ ਹਾਂ ਹੱਸਣਾ,
ਰੁਮਕਦੀ ਹਵਾ ਵਿਚ ਪੋਸਤ ਦੇ ਡੋਡਿਆਂ ਵਾਂਗ
ਅਸੀਂ ਵੀ ਚਾਹੁੰਦੀਆਂ ਹਾਂ ਨੱਚਣਾ।
ਕਿਉਂ ਹੈ ਆਸਮਾਨੀ ਝੂਲਦੀ ਸਤਰੰਗੀ ਪੀਂਘ ਦਾ ਰੰਗ ਸਿਰਫ ਕਾਲਾ
ਕੌਣ ਚੁਰਾ ਕੇ ਲੈ ਗਿਆ ਸਾਡੀ ਚੁੰਨੀ ਦੇ ਛੇ ਰੰਗ।
ਅਸੀਂ ਡਰਦੀਆਂ ਤਾਰਿਆਂ ਨਾਲ ਗੱਲਾਂ ਨਹੀਂ ਕਰਦੀਆਂ।
ਸਾਡੇ ਸਿਰਾਂ ਉਤੋਂ ਦੀ ਲੰਘਦਾ ਨਹੀਂ ਸੂਰਜ ਦੀਆਂ
ਕਿਰਨਾਂ ਦਾ ਕਾਫਲਾ
ਅਸੀਂ ਸਿਰਫ ਗਿਣਦੀਆਂ ਹਾਂ ਦਸ ਫੁੱਟੀ ਗੁਲਾਬੀ ਫਰਸ਼ ਦਾ ਫਾਸਲਾ।
ਕੋਈ ਨਹੀਂ ਨਾਪਦਾ ਸਾਡੇ ਅੱਥਰੂਆਂ ਦੀ ਭਰੀ ਖਾਰੀ, ਝੀਲ ਦੀ ਡੂੰਘਾਈ
ਸਾਡੇ ਕੱਜੇ ਹੱਡਾਂ ਦੀ ਆਪਸ ਵਿਚ ਟਕਰਾਉਂਦੀ ਮੌਨ ਚੀਕ ਵਿਚੋਂ
ਤੁਸੀਂ ਦੇਖਦੇ ਹੋ ਆਪਣੀ ਪਾਰਸਾਈ
ਸਾਨੂੰ ਗੌਰਵ ਹੈ, ਅਫ਼ਗਾਨੀ ਧਰਤੀ ਦੀ ਉਪਜ ਸੀ
ਭਾਈ ਮਰਦਾਨੇ ਦੇ ਹੱਥਾਂ ਵਿਚ ਮਧੁਰ ਰਬਾਬ
ਹੇ ਨਾਨਕ ਕੌਣ ਗਿਣੇਗਾ ਸਾਡੀਆਂ ਚੀਸਾਂ, ਕੌਣ ਲਵੇਗਾ ਜ਼ਖ਼ਮਾਂ ਦਾ ਹਿਸਾਬ।
ਅਸੀਂ ਹਾਂ ਕਾਲੀ ਟਾਕੀ ਵਿਚ ਬੱਧੀ ਸਹਿਕਦੇ ਮਾਸ ਦੀ ਬੋਟੀ
ਅਸੀਂ ਬਾਸੀ ਬੋਲਾਂ ਦੀਆਂ ਕੈਦੀ
ਤੁਹਾਡੇ ਹੱਥ ਚਾਬਕ ਮੌਨ ਮਜ਼ਬੀ ਪੁਸਤਕ ਦਾ
ਦੰਦ ਪੀਂਹਦੀ ਲਗਾਮ ਤੇ ਦੰਦਿਆਂ ਵਾਲੀ ਸੋਟੀ।
ਤੁਸੀਂ ਬੰਦ ਕਰ ਦਿੱਤੀਆਂ ਹਨ, ਜ਼ਿੰਦਗੀ ਵੱਲ ਖੁੱਲ੍ਹਦੀਆਂ ਸਾਰੀਆਂ ਖਿੜਕੀਆਂ
ਸਾਡੇ ਲਈ ਨਾ ਰਾਗ, ਨਾ ਰੰਗ, ਨਾ ਚਿਤਰ ਨਾ ਮਿਤਰ,
ਨਾ ਕਿੱਤੂ ਨਾ ਅੱਖਰ, ਹੈ ਸਿਰਫ ਖਿਲਾ ਵਿਚ ਹੂੰਗਦਾ ਵਿਰਲਾਪ
ਨੀਵੀਂ ਜਹੀ ਛੱਤ ਹੈ ਸਾਡੇ ਤਸੱਵਰ ਦੀ ਸੀਮਾ
ਸਾਡੇ ਸੁਪਨਿਆਂ ਦੇ ਕਤਰੇ ਖੰਭ-ਭਾਰੇ ਬੂਟਾਂ ਦੀ ਕਦਮ ਚਾਪ
ਸਦੀਆਂ ਦੀ ਯਾਦ ਤੁਸੀਂ ਬੁੱਧ ਦੀ ਦਿਓ ਕੱਦ ਮੂਰਤੀ ਤੋੜੀ

ਜਿਹੜੀ ਜੀਉਂਦੀ ਮਾਦਾ ਗਰਦਨ ਹੋਈ ਨੰਗੀ-ਤੁਸੀਂ ਮਰੋੜੀ
ਤੁਹਾਡੇ ਲਈ ਔਰਤ ਹੈ ਲੁਕ ਕੇ ਖਾਧਾ ਹੈਰੋਇਨ ਦਾ ਨਸ਼ਾ
ਤੁਹਾਡੇ ਅੰਦਰ ਪੱਥਰ ਯੁੱਗ ਦੇ ਹਨੇਰੇ ਦਾ ਕੱਲਰ
ਪੰਦਰਵੀਂ ਸਦੀ ਦੇ ਤੁਸੀਂ ਬਾਸ਼ਿੰਦੇ, ਇਕ ਸੀਤੀ ਅੱਖ ਵਾਲੇ ਕਾਲੇ ਅੱਖਰ
ਇੱਕੀਵੀਂ ਸਦੀ ਦੇ ਕੰਪਿਊਟਰੀ ਚਿਹਰੇ ਉੱਤੇ
ਤੁਸੀਂ ਰੱਖਣੀ ਚਾਹੁੰਦੇ ਹੋ ਤੇਜ਼ਾਬੀ ਪਕੜ।
ਸਾਡੇ ਤਨ ਤੋਂ ਬਾਹਰ ਤੁਸੀਂ ਤਾਣੀ ਹੈ ਸਿਆਹ ਖੰਜਰੀਲੇ ਲੋਹੇ ਦੀ ਚਾਦਰ
ਅੰਨ੍ਹੀ ਅੱਗ ਦੀਆਂ ਜੀਭਾਂ ਵਾਲੇ ਟਕਰਾਏ ਆਤਮਘਾਤੀ ਵਿਮਾਨ
ਸੰਸਾਰ ਦੀ ਅੱਖਾਂ ਵਿਚ ਡਰ ਸੀ, ਅੰਬਰ ਪ੍ਰੇਸ਼ਾਨ
ਕਿਸੇ ਨੇ ਨਹੀਂ ਵੇਖਿਆ ਸਾਡੀ ਹੌਲੀ ਹੌਲੀ ਧੁਖਦੀ ਚਿਤਾ ਦਾ ਧੂੰਆਂ
ਨਾਦਾਨੋਂ, ਬੰਬਾਂ ਦੀ ਦਿੱਤੀ ਤੁਹਾਡੀ ਦਾਅਵਤ
ਸਾਡੇ ਲਈ ਨਾ ਚਾਨਣ ਹੈ, ਨਾ ਮਘਦਾ ਚੁੱਲ੍ਹਾ।
ਹੁਸਨ ਕੋਠੇ ਉੱਤੇ ਬੈਠਾ ਹੈ ਉਮਰ ਇਮਾਮ ਦਾ ਈਮਾਨ
ਕਿਸ ਨੂੰ ਵਿਖਾਈਏ ਅਸੀ 'ਚੂੜੀਆਂ ਕੋਕਾਂ' ਕਾਂਟੇ
ਸਾਡੇ ਲਈ ਖ਼ੈਰਾਇਤੀ ਰੋਟੀ ਦੀਆਂ ਦੋ ਕੁ ਬੁਰਕੀਆਂ ਤੇ
ਕਿੰਨੇ ਸਾਰੇ ਛਾਂਟੇ
ਪਾਮੇਰ ਦੀਆਂ ਪਹਾੜੀਆਂ ਪਾਰ ਕਰ ਗਏ
ਕਦੋਂ ਵਾਪਸ ਪਰਤਣਗੇ ਗਾਉਂਦੇ ਪੰਛੀ।
ਕਦੋਂ ਸੂਰਜ ਵਜਾਏਗਾ ਸਾਡੇ ਬੰਦ ਦਰਾਂ ਉੱਤੇ ਚਾਨਣ ਦੀ ਬੰਸਰੀ
ਕਦੋਂ ਜ਼ਿੰਦਗੀ ਵਿਚ ਪਰਤਣਗੀਆਂ ਇਹ ਤੁਰਦੀਆਂ ਫਿਰਦੀਆਂ ਕਬਰਾਂ
ਕਦੋਂ ਆਉਣਗੀਆਂ ਧਰਮੀ ਜਨੂੰਨ ਦੇ ਹਾਰਨ ਦੀਆਂ ਖਬਰਾਂ
ਕਦੋਂ ਆਵੇਗੀ ਮੀਂਹ ਦੀ ਪਹਿਲੀ ਕਣੀ ਵਰਗੀ ਪ੍ਰਭਾਤ
ਯਾ ਅੱਲਾ, ਕਦੋਂ ਮੁਕੇਗੀ ਇਹ ਬੁਰਕੇ ਹੇਠਲੀ ਕਾਲੀ ਰਾਤ।

## ਖੁਸ਼ੀ ਕੀ ਹੈ ?

"ਖੁਸ਼ੀ ਕੀ ਹੈ ?"

"ਖੁਸ਼ੀ ਕੰਮ ਹੈ, ਜੋ ਕਰਦੇ ਹੋਏ ਤੁਸੀਂ ਆਨੰਦ ਪ੍ਰਾਪਤ ਕਰਦੇ ਹੋ ਤੇ ਇਸ ਨੂੰ ਚੰਗੀ ਤਰ੍ਹਾਂ ਕਰਨਾ ਚਾਹੁੰਦੇ ਹੋ।"

ਖੁਸ਼ੀ ਉਹ ਔਰਤ ਹੈ ਜਿਸ ਨੂੰ ਤੁਸੀਂ ਪਿਆਰ ਕਰਦੇ ਹੋ ਤੇ ਸਮਝਦੇ ਹੋ ਤੇ ਜੋ ਤੁਹਾਨੂੰ ਪਿਆਰ ਕਰਦੀ ਹੈ ਤੇ ਸਮਝਦੀ ਹੈ।

"ਖੁਸ਼ੀ ਉਹ ਦੋਸਤ ਹਨ, ਜਿਨ੍ਹਾਂ ਤੇ ਤੁਸੀਂ ਭਰੋਸਾ ਕਰਦੇ ਹੋ, ਕਿਉਂਕਿ ਤੁਸੀਂ ਜਾਣਦੇ ਹੋ ਕਿ ਉਹ ਤੁਹਾਨੂੰ ਕਦੇ ਧੋਖਾ ਨਹੀਂ ਦੇਣਗੇ।."

"ਖੁਸ਼ੀ ਉਹ ਬੱਚੇ ਹਨ, ਜੋ ਤੁਸੀਂ ਠੀਕ ਢੰਗ ਨਾਲ ਪਾਲੇ ਹਨ।"

"ਖੁਸ਼ੀ ਉਹ ਸਾਫ ਆਤਮਾ ਹੈ ਜੋ ਲੋਕਾਂ ਦੇ ਸਾਹਮਣੇ ਹੈ ਤੇ ਸੋਸਾਇਟੀ ਦੇ ਵੀ ਸਾਹਮਣੇ ਹੈ।"

ਕਨਸਤੰਨਤਿਨ ਸਿਮੋਨੋਵ (1963)





## ਨਾਜ਼ਿਮ ਹਿਕਮਤ ਦਾ ਤੁਰਕੀ ਵਿੱਚੋਂ ਭੱਜਣਾ/*ਹਰਭਜਨ ਸਿੰਘ ਹੁੰਦਲ*

ਨਾਜ਼ਿਮ ਨੂੰ ਜਲ-ਸੈਨਾ ਦੀ ਵਿਸ਼ੇਸ਼ ਅਦਾਲਤ ਵਲੋਂ 28 ਸਾਲ ਕੈਦ ਹੋਈ ਸੀ। ਉਹ ਆਪਣੀ ਅੱਧੀ ਕੈਦ ਭੁਗਤ ਚੁੱਕਾ ਸੀ. ਜਦੋਂ ਦੇਸ਼ ਵਿਚ ਕੁਝ ਰਾਜਸੀ ਤਬਦੀਲੀਆਂ ਵਾਪਰੀਆਂ। ਆਮ ਚੋਣਾਂ ਵਿੱਚ (1950) ਡੈਮੋਕਰੇਟਿਕ ਪਾਰਟੀ ਦੀ ਜਿੱਤ ਅਤੇ ਨਵੀਂ ਸਰਕਾਰ ਦੇ ਬਣਨ ਨਾਲ ਰਾਜਸੀ ਕੈਦੀਆਂ ਦੀ ਆਮ ਰਿਹਾਈ ਦੀ ਆਸ ਬੱਝੀ ਸੀ। ਕੌਮਾਂਤਰੀ ਪੱਧਰ 'ਤੇ ਨਾਜ਼ਿਮ ਦੀ ਰਿਹਾਈ ਦੀ ਮੁਹਿੰਮ ਮਘ ਪਈ ਸੀ। ਦੇਸ਼ ਦੇ ਅੰਦਰ ਵੀ ਉਸ ਦੀ ਰਿਹਾਈ ਲਈ ਮੁਹਿੰਮ ਚੱਲ ਰਹੀ ਸੀ। ਬਦਲਦੀਆਂ ਪ੍ਰਸਥਿਤੀਆਂ ਵਿੱਚ ਨਾਜ਼ਿਮ ਦੀ ਪਤਨੀ ਤੇ ਪ੍ਰਸ਼ੰਸਕਾਂ ਨੂੰ ਉਸ ਦੀ ਰਿਹਾਈ ਦੀ ਵੱਡੀ ਆਸ ਸੀ। ਅਖੀਰ 15 ਜੁਲਾਈ 1950 ਨੂੰ ਨਾਜ਼ਿਮ ਨੂੰ ਰਿਹਾਅ ਕਰ ਦਿੱਤਾ ਗਿਆ।

ਐਪਰ ਰਿਹਾਅ ਹੋ ਕੇ ਵੀ ਸਰਕਾਰ ਉਸ ਨੂੰ ਅਮਨ-ਚੈਨ ਨਾਲ ਆਪਣੇ ਸਾਹਿਤਕ ਕਾਰਜਾਂ ਨੂੰ ਕਰਨ ਦੀ ਆਗਿਆ ਦੇਣ ਲਈ ਤਿਆਰ ਨਹੀਂ ਸੀ। ਉਸ ਦੇ ਘਰ ਦੇ ਸਾਹਮਣੇ 24 ਘੰਟੇ ਪੁਲਿਸ ਦਾ ਪਹਿਰਾ ਲੱਗਾ ਰਹਿੰਦਾ ਸੀ। ਨਾਜ਼ਿਮ ਤੇ ਉਸ ਦੇ ਮਿੱਤਰਾਂ ਨੂੰ ਖਦਸ਼ਾ ਸੀ ਕਿ ਨਾਜ਼ਿਮ ਨੂੰ ਦੁਬਾਰਾ ਫੜਿਆ ਜਾ ਸਕਦਾ ਸੀ। ਕਿਉਂਕਿ ਦੇਸ਼ ਦੀ ਸੱਜੇ ਪੱਖੀ ਤੇ ਕਮਿਊਨਿਸਟ-ਵਿਰੋਧੀ ਧਿਰ ਨਾਜ਼ਿਮ ਦੀ ਰਿਹਾਈ ਤੋਂ ਬੜੀ ਔਖੀ ਸੀ। ਨਾਜ਼ਿਮ ਲਈ ਇਹ ਅਵਸਥਾ ਗਮਗੀਨ ਆਜ਼ਾਦੀ ਵਰਗੀ ਸੀ—

ਤੁਹਾਡੇ ਜੀਵਨ ਵਿਚ
ਨਾ ਲੋਹੇ, ਨਾ ਲੱਕੜ ਦਾ
ਤੇ ਨਾ ਰੇਸ਼ਮੀ ਪਰਦਾ ਹੈ
ਆਜ਼ਾਦੀ ਦੀ ਚੋਣ ਕਰਨ ਦੀ ਵੀ ਲੋੜ ਨਹੀਂ
ਤੁਸੀਂ ਆਜ਼ਾਦ ਹੋ
ਬਿਲਕੁਲ ਸਵਤੰਤਰ
ਪਰ ਸਿਤਾਰਿਆਂ ਦੇ ਹੇਠ
ਇਹ ਆਜ਼ਾਦੀ ਬੜੀ ਉਦਾਸੀ ਭਰੀ ਗਮਗੀਨ ਆਜ਼ਾਦੀ ਹੈ।

ਨਾਜ਼ਿਮ ਇਹਨਾਂ ਦਿਨਾਂ ਵਿਚ ਆਪਣੇ ਮਹਾ-ਕਾਵਿ, ਮਨੁੱਖੀ ਧਰਤ-ਦ੍ਰਿਸ਼ (Human Land Scapes) ਨੂੰ ਸੋਧ ਕੇ ਛਾਪਣ ਦੇ ਉਪਰਾਲੇ ਸੋਚ ਰਿਹਾ ਸੀ। ਇਸ ਮਹਾਕਾਵਿ ਦੇ ਕਈ ਹਿੱਸੇ ਜੇਲ੍ਹ ਵਿਚੋਂ ਲਿਖ ਕੇ ਬਾਹਰ ਭੇਜੇ ਜਾਂਦੇ ਰਹੇ ਸੀ ਤੇ ਉਹ ਕਈ ਦੋਸਤਾਂ ਕੋਲ ਖਿੰਡੇ ਪੁੰਡੇ ਪਏ ਸੀ। ਨਾਜ਼ਿਮ ਦੀ ਇਹ ਸਰਬੋਤਮ ਕਾਵਿ-ਰਚਨਾ ਸੀ।

ਨਾਜ਼ਿਮ ਦੀ ਉਮਰ ਉਸ ਵੇਲੇ 49 ਸਾਲ ਦੀ ਸੀ ਤੇ ਉਹ ਜਬਰੀ ਫੌਜੀ ਭਰਤੀ ਦੇ ਯੋਗ ਨਹੀਂ ਸੀ। ਪਰ ਫੌਜੀ ਤੇ ਸਰਕਾਰੀ ਅਧਿਕਾਰੀ ਅਜੇ ਵੀ ਨਾਜ਼ਿਮ ਨੂੰ ਖੁੱਲ੍ਹਾ ਫਿਰਦਾ ਹਜ਼ਮ ਨਹੀਂ ਸੀ ਕਰ ਰਹੇ। ਫੌਜੀ ਹੁਕਮਾਂ ਅਨੁਸਾਰ ਹਰ ਵਿਅਕਤੀ ਨੂੰ ਦੋ ਸਾਲ ਲਈ ਫੌਜੀ ਭਰਤੀ ਲਈ ਜਾਣਾ ਬਣਦਾ ਸੀ। ਨਾਜ਼ਿਮ ਦਿਲ ਦਾ ਮਰੀਜ਼ ਸੀ ਤੇ ਲੰਮੀ ਜੇਲ੍ਹ ਯਾਤਰਾ ਦੀਆਂ ਕਠਿਨਾਈਆਂ ਕਾਰਨ ਉਸ ਦੀ ਸਿਹਤ ਫੌਜੀ ਸੇਵਾ ਦੇ ਕਾਬਿਲ ਨਹੀਂ ਸੀ। ਪਰ ਉੱਚ-ਫੌਜੀ ਅਧਿਕਾਰੀ ਨਾਜ਼ਿਮ ਨੂੰ ਜੀਉਂਦਾ ਤੇ ਆਜ਼ਾਦ ਫਿਰਦਾ, ਵਿਚਰਦਾ ਵੇਖ ਕੇ ਬੜੇ ਔਖੇ ਸਨ। ਇਹਨੀਂ ਦਿਨੀਂ ਕੋਰੀਆ ਦੀ ਜੰਗ ਚੱਲ ਰਹੀ ਸੀ. ਜਿਥੇ ਤੁਰਕੀ ਫੌਜ ਦੀਆਂ ਪਲਟਣਾਂ ਵੀ ਲੜ ਰਹੀਆਂ ਸਨ। ਫੌਜੀ ਅਧਿਕਾਰੀਆਂ ਦੀ ਕੋਸ਼ਿਸ਼ ਸੀ ਕਿ ਕੋਰੀਆ ਦੇ ਮੋਰਚੇ 'ਤੇ ਭੇਜ ਕੇ ਉਹ ਨਾਜ਼ਿਮ ਨੂੰ ਖਤਮ ਕਰਵਾ ਸਕਣਗੇ।

ਨਾਜ਼ਿਮ ਲਈ ਇਹ ਸਥਿਤੀ ਬੜੀ ਮਾਨਸਿਕ ਸੰਤਾਪ ਵਾਲੀ ਸੀ। ਉਹ ਕਰੇ ਤਾਂ ਕੀ ਕਰੇ ? ਜਾਵੇ ਤਾਂ ਕਿਧਰ ਜਾਵੇ, ਘਰ-ਪਤਨੀ ਸੀ, ਪੁੱਤਰ ਸੀ ਤੇ ਆਪਣੀ ਮਾਤ-ਭੂਮੀ। ਇਹਨਾਂ ਹੀ ਦਿਨਾਂ ਵਿਚ ਫੌਜੀ ਅਧਿਕਾਰੀਆਂ ਨੇ ਆਪਣੀ ਦਫ਼ਤਰੀ ਕਾਰਵਾਈ ਆਰੰਭ ਕਰ ਦਿੱਤੀ। ਨਾਜ਼ਿਮ ਦੀ ਫਾਈਲ ਕੱਢ ਲਈ ਗਈ ਤੇ ਇਤਰਾਜ਼ ਇਹ ਲਾਇਆ ਗਿਆ ਕਿ ਉਸ ਨੇ ਫੌਜੀ-ਸੇਵਾ ਦਾ ਆਪਣਾ ਬਣਦਾ ਸਮਾਂ ਪੂਰਾ ਨਹੀਂ ਸੀ ਕੀਤਾ।

ਹੈਰਾਨੀ ਤਾਂ ਇਸ ਗੱਲ ਦੀ ਸੀ ਕਿ ਜਿਹੜਾ ਵਿਅਕਤੀ ਪੰਜਾਹ ਸਾਲ ਦਾ ਹੋਣ ਲੱਗਾ ਸੀ ਉਸ ਨੂੰ ਜਬਰੀ ਤੌਰ 'ਤੇ ਫੌਜੀ ਸੇਵਾ ਲਈ ਮਜਬੂਰ ਕੀਤਾ ਜਾ ਰਿਹਾ ਸੀ।

ਅਖੀਰ ਉਹੀ ਹੋਇਆ, ਜਿਸ ਦਾ ਡਰ ਸੀ। ਬੂਹਾ ਖੜਕਿਆ ਤੇ ਪੁਲੀਸ ਨੇ ਦੱਸਿਆ ਕਿ ਨਾਜ਼ਿਮ ਨੂੰ ਹੁਕਮ ਕੀਤਾ ਗਿਆ ਹੈ ਕਿ ਉਹ ਫੌਜੀ ਭਰਤੀ ਲਈ ਤਿਆਰੀ ਕਰੇ ਅਤੇ ਫੌਜੀ-ਅਧਿਕਾਰੀਆਂ ਨਾਲ ਸੰਪਰਕ ਪੈਦਾ ਕਰੇ। ਨਾਜ਼ਿਮ ਨੇ ਆਪਣੀ ਪਤਨੀ ਮੁਨੱਵਰ ਨੂੰ ਕਿਹਾ ਕਿ ਉਸ ਦਾ ਬੈਗ ਤਿਆਰ ਰੱਖੇ ਤੇ ਉਹ ਖ਼ੁਦ ਆਪਣੇ ਮਿੱਤਰ ਵਾ-ਨੂ (Va Nu) ਨੂੰ ਨਾਲ ਲੈ ਕੇ, ਫੌਜੀ-ਭਰਤੀ ਦਫਤਰ ਗਿਆ ਤਾਂਕਿ ਫੌਜੀ ਸੇਵਾ ਤੋਂ ਛੋਟ ਲਈ ਬੇਨਤੀ ਕੀਤੀ ਜਾਵੇ। ਉਸ ਨੇ ਆਪਣੀ ਅਰਜ਼ੀ ਵਿਚ ਲਿਖਿਆ ਕਿ ਜਲ ਸੈਨਿਕ ਅਕਾਡਮੀ ਵਿਚਲੇ ਉਸ ਦੇ ਪੜ੍ਹਾਈ ਦੇ ਸਾਲਾਂ ਨੂੰ ਫੌਜੀ-ਸੇਵਾ ਦਾ ਸਮਾਂ ਸਮਝਿਆ ਜਾਵੇ ਤੇ 1920 ਵਿਚ ਸਿਹਤ ਦੇ ਆਧਾਰ 'ਤੇ ਉਸ ਦੀ ਬਰਖਾਸਤਗੀ ਨੂੰ ਛੋਟ ਵਜੋਂ ਪ੍ਰਵਾਨਿਆ ਜਾਵੇ। ਇਸ ਅਰਜ਼ੀ ਦੇ ਨਾਲ ਉਸ ਨੇ ਬੁਰਸਾ ਜੇਲ੍ਹ ਵਿਚਲੇ 1950 ਵਿਚਲੀ ਮੈਡੀਕਲ ਸਰਟੀਫਿਕੇਟ ਦੀ ਕਾਪੀ ਵੀ ਲਾਈ। ਸੰਬੰਧਤ ਫੌਜੀ ਅਧਿਕਾਰੀ ਨੇ ਉਸ ਦੇ ਕਾਗਜ਼ ਰੱਖ ਲਏ ਤੇ ਉਹ ਦੋਵੇਂ ਘਰ ਵਾਪਸ ਆ ਗਏ।

ਕਈ ਹਫਤੇ ਅਮਨ-ਚੈਨ ਨਾਲ ਲੰਘ ਗਏ ਤੇ ਨਾਜ਼ਿਮ ਨੇ ਸਮਝਿਆ ਕਿ ਬਲਾ ਟਲ ਗਈ ਸੀ। ਪਰ ਨਹੀਂ ਬਲਾ ਟਲੀ ਨਹੀਂ ਸੀ। ਅਖੀਰ ਇਕ ਦਿਨ ਉਸ ਨੂੰ ਡਾਕਟਰੀ ਮੁਆਇਨਾ ਕਰਵਾਉਣ ਲਈ ਸੱਦਾ ਆਇਆ। ਸ਼ਾਇਦ ਡਾਕਟਰ ਉੱਤੇ ਦਬਾਅ ਪਾਇਆ ਗਿਆ ਹੋਵੇ। ਉਸ ਨੇ ਨਾਜ਼ਿਮ ਦਾ ਕੱਦ-ਕਾਠ ਤੇ ਗਠਣ ਵੇਖ ਕੇ ਲਿਖ ਦਿੱਤਾ ਹੋਵੇ ਕਿ ਉਹ ਫੌਜੀ ਸੇਵਾ ਦੇ ਕਾਬਲ ਸੀ। ਚਿੱਠੀ ਮਿਲਣ 'ਤੇ ਨਾਜ਼ਿਮ ਨੇ ਮੰਗ ਕੀਤੀ ਕਿ ਮੇਰੀ ਡਾਕਟਰੀ ਪ੍ਰੀਖਿਆ ਇਕ ਬੋਰਡ ਕਰੇ। ਉਸ ਨੂੰ ਸੈਨਿਕ ਹਸਪਤਾਲ ਵਿਚ ਯੋਜਨਾ-ਬੱਧ ਡਾਕਟਰੀ ਨਿਰੀਖਣ ਲਈ ਭੇਜਿਆ ਗਿਆ। ਨਾਜ਼ਿਮ ਨੂੰ ਆਸ ਕਿ ਉਸ ਦੀ ਸਰੀਰਕ ਹਾਲਤ ਵੇਖ ਕੇ, ਉਸ ਨੂੰ ਫੌਜੀ ਸੇਵਾ ਤੋਂ ਛੋਟ ਮਿਲ ਜਾਵੇਗੀ। ਪਰ ਇਸ ਤਰ੍ਹਾਂ ਨਹੀਂ ਹੋਇਆ। ਨਵੀਆਂ ਡਾਕਟਰੀ ਰੀਪੋਰਟਾਂ ਦੇ ਆਧਾਰ 'ਤੇ ਉਸ ਨੂੰ ਜਬਰੀ ਭਰਤੀ ਦੇ ਹੁਕਮ ਦਿੱਤੇ ਗਏ ਤੇ ਕਿਹਾ ਗਿਆ ਕਿ ਅਨਤੋਲੀਆ ਦੇ ਸ਼ਹਿਰ ਜ਼ਾਰਾ ਵਿਖੇ ਫੌਜੀ ਡੀਊਟੀ ਲਈ ਹਾਜ਼ਰ ਹੋਵੇ। ਬੜੀ ਮੁਸ਼ਕਿਲ ਨਾਲ ਉਸ ਨੇ ਤਿਆਰੀ ਦਾ ਬਹਾਨਾ ਬਣਾ ਕੇ, ਕੁਝ ਦਿਨਾਂ ਦੀ ਛੋਟ ਲੈ ਲਈ। ਆਮ ਅਫ਼ਵਾਹ ਸੀ ਕਿ ਸਰਕਾਰੀ ਅਧਿਕਾਰੀ ਉਸ ਨੂੰ ਜਬਰੀ ਫੌਜੀ ਸੇਵਾ ਲਈ ਭੇਜ, ਖ਼ਤਮ ਕਰਨਾ ਚਾਹੁੰਦੇ ਸਨ। ਕਿਉਂਕਿ ਇਕ ਪ੍ਰਮੁਖ ਸਾਹਿਤਕ ਤੇ ਰਾਜਸੀ ਸ਼ਖ਼ਸੀਅਤ ਹੋਣ ਕਾਰਨ ਉਹ ਖੱਬੇ ਪੱਖੀ ਵਿਚਾਰਵਾਨਾਂ ਤੇ ਆਗੂਆਂ ਦਾ ਕੇਂਦਰ ਬਣ ਸਕਦਾ ਸੀ। ਨਾਜ਼ਿਮ ਨੂੰ ਪਤਾ ਸੀ ਕਿ ਇਹਨਾਂ ਸੈਨਿਕ ਕਾਰਵਾਈਆਂ ਤੇ ਮੁਹਿੰਮਾਂ ਵਿਚੋਂ ਉਸ ਦੇ ਜੀਊਂਦੇ ਬਚ ਕੇ ਆਉਣ ਦੀ ਕੋਈ ਉਮੀਦ ਨਹੀਂ ਸੀ।

ਨਾਜ਼ਿਮ ਦੁਬਿਧਾ ਵਿਚ ਪੈ ਗਿਆ। ਇਕ ਪਾਸੇ ਲੜਾਈ ਵਿਚ ਸੰਭਵ ਮੌਤ ਸੀ ਤੇ ਦੂਸਰੀ ਤਰਫ ਦੇਸ਼ੋਂ ਬਾਹਰ ਸਾਰੀ ਉਮਰ ਦੀ ਆਪ-ਸਹੇੜੀ ਜਲਾਵਤਨੀ ਤੇ ਪਰਿਵਾਰ ਤੋਂ ਵਿਛੋੜਾ। ਨਾਜ਼ਿਮ ਕੋਲ ਸੋਚਣ ਤੇ ਕੁਝ ਕਰਨ ਲਈ ਸਿਰਫ ਇਕ ਹਫਤਾ ਸੀ। ਇਹਨਾਂ ਦਿਨਾਂ ਵਿਚ ਉਹ ਪਾਰਟੀ ਜਥੇਬੰਦੀ ਨਾਲ ਵੀ ਸੰਬੰਧਤ ਨਹੀਂ ਸੀ। ਪਾਰਟੀ ਉਸ ਨੂੰ ਲੋੜੀਂਦੇ ਕਾਗਜ਼ ਪੱਤਰ ਤਿਆਰ ਕਰਵਾ ਕੇ ਦੇਸ਼ੋਂ ਬਾਹਰ ਜਾਣ ਵਿਚ ਸਹਾਇਤਾ ਕਰ ਸਕਦੀ ਸੀ. ਪਰ ਉਹਨਾਂ ਅਜਿਹਾ ਕਰਨੋਂ ਨਾਹ ਕਰ ਦਿੱਤੀ, ਕਿਉਂਕਿ ਇੰਝ ਕਰਨ ਵਿਚ ਵੀ ਬੜੀਆਂ ਅੜਚਨਾਂ ਸਨ। ਨਾਜ਼ਿਮ ਪ੍ਰੇਸ਼ਾਨ ਸੀ ਕਿ ਕੀ ਜੁਗਤ ਲੜਾਈ ਜਾਵੇ।



ਉਸ ਦੀ ਖ਼ੁਸ਼ਕਿਸਮਤੀ ਨੂੰ ਉਸ ਦੀ ਮਤਰੇਈ ਭੈਣ ਦਾ ਘਰ ਵਾਲਾ ਅਥਵਾ ਉਸ ਦਾ ਭਣਵੱਈਆ ਰਫੀਕ ਅਰਦੂਬਾਨ ਇਸ ਕਾਰਜ ਵਿਚ ਉਸ ਦੀ ਸਹਾਇਤਾ ਲਈ ਤਿਆਰ ਹੋ ਗਿਆ। ਉਸ ਦੀਆਂ ਹਮਦਰਦੀਆਂ ਮਾਰਕਸੀ ਵਿਚਾਰਧਾਰਾ ਨਾਲ ਸਨ। 1928 ਵਿਚ ਜੰਮਿਆ ਰਫੀਕ ਇਸਤੰਬੋਲ ਦੇ ਇਕ ਵੱਡੇ ਤੇ ਤਰੱਕੀ ਪਸੰਦ ਦ੍ਰਿਸ਼ਟੀਕੋਣ ਵਾਲੇ ਖਾਨਦਾਨ ਦਾ ਹੋਣਹਾਰ ਫਰਜ਼ੰਦ ਸੀ। ਸਕੂਲ ਤੇ ਕਾਲਜ ਦੀ ਪੜ੍ਹਾਈ ਸਮੇਂ ਉਹ ਸਮਾਜਵਾਦੀ ਵਿਚਾਰਾਂ ਤੋਂ ਪ੍ਰਭਾਵਤ ਹੋ ਚੁੱਕਾ ਸੀ ਤੇ ਨਾਜ਼ਿਮ ਦੀ ਕਵਿਤਾ ਦਾ ਵੱਡਾ ਪ੍ਰਸੰਸਕ ਸੀ। ਉਸ ਨਾਜ਼ਿਮ ਦੇ ਪਿਤਾ ਹਿਕਮਤ ਬੇਅ ਦੀ ਦੂਸਰੀ ਸ਼ਾਦੀ ਵਿਚੋਂ ਜਨਮੀ ਹਿਕਮਤ ਦੀ ਭੈਣ 'ਮੇਲਦਾ' ਦਾ ਵਾਕਿਫ ਬਣ ਗਿਆ। 1947-49 ਵਿਚ ਨਾਟਕ ਤੇ ਸਾਹਿਤ ਦੀ ਐਮ.ਏ. ਕਰਨ ਤੋਂ ਬਾਅਦ ਉਹ ਅਮਰੀਕਾ ਵਿਚ ਆਪਣੀ ਪੜ੍ਹਾਈ ਦੇ ਸਮੇਂ ਪ੍ਰਸਿੱਧ ਕਾਲੇ ਸੰਗੀਤਕਾਰ ਪਾਲ ਰਾਬਸਨ ਦੇ ਲੜਕੇ ਦਾ ਮਿੱਤਰ ਬਣ ਗਿਆ ਸੀ। ਪੜ੍ਹਾਈ ਖਤਮ ਕਰ ਉਹ ਫਰਾਂਸ ਤੇ ਯੂ.ਕੇ. ਘੁੰਮਦਾ ਨਾਜ਼ਿਮ ਦੀ ਰਿਹਾਈ ਲਈ ਚਲਾਈ ਜਾ ਰਹੀ ਲਹਿਰ ਦਾ ਸਮਰਥਕ ਬਣ ਗਿਆ ਸੀ। ਬਾਅਦ ਵਿਚ ਉਸ ਦੀ ਮੰਗਣੀ ਨਾਜ਼ਿਮ ਦੀ ਭੈਣ 'ਮੇਲਦਾ' ਨਾਲ ਪੱਕੀ ਹੋ ਗਈ। ਅਮਰੀਕਾ ਵਿਚ ਪੜ੍ਹਦਿਆਂ ਰਫੀਕ ਨੇ ਜਹਾਜ਼ ਚਲਾਉਣ ਦੀ ਟਰੇਨਿੰਗ ਲੈ ਲਈ ਸੀ ਤੇ ਉਹਨੀਂ ਦਿਨੀਂ ਉਹ ਨਾਜ਼ਿਮ ਨੂੰ ਜੇਲ੍ਹ ਵਿਚੋਂ ਰਿਹਾਅ ਕਰਵਾ ਹਵਾਈ ਜਹਾਜ਼ ਰਾਹੀਂ ਕਿਤੇ ਬਾਹਰ ਛੱਡ ਆਉਣ ਦੇ ਸੁਪਨੇ ਵੀ ਲੈਂਦਾ ਰਿਹਾ ਸੀ। ਮੇਲਦਾ ਤੇ ਰਫੀਕ ਦੀ ਸ਼ਾਦੀ ਪਿਛੋਂ ਉਹ ਦੋਵੇਂ ਅਕਸਰ ਹੀ ਭਾਈਚਾਰਕ ਤੇ ਪਰਿਵਾਰਕ ਮੌਕਿਆਂ ਉੱਤੇ ਨਾਜ਼ਿਮ ਨੂੰ ਮਿਲਦੇ ਰਹਿੰਦੇ ਸਨ।

ਜਿਹਨਾਂ ਦਿਨਾਂ ਵਿਚ ਨਾਜ਼ਿਮ ਦੇ ਜਬਰੀ-ਭਰਤੀ ਦੇ ਹੁਕਮ ਹੋਏ ਸਨ, ਰਫੀਕ ਵੀ ਜਬਰੀ ਭਰਤੀ ਦੇ ਹੁਕਮਾਂ ਅਨੁਸਾਰ ਫੌਜ ਵਿਚ ਭਰਤੀ ਹੋ ਕੇ ਤੋਪਖਾਨੇ ਦਾ ਅਫਸਰ ਲੱਗ ਗਿਆ ਸੀ ਤੇ ਇਸਤੰਬੋਲ ਵਿਚ ਹੀ ਡਿਊਟੀ ਦੇ ਰਿਹਾ ਸੀ। ਰਫੀਕ ਗੁਣਾਂ ਦੀ ਗੁਥਲੀ ਸੀ। ਉਹ ਸਿਆਣਾ ਜਹਾਜ਼ਰਾਨ ਵੀ ਸੀ। ਉਸ ਦੀ ਯੋਜਨਾ ਸੀ ਕਿ ਕਿਸੇ ਬੋਟ ਰਾਹੀਂ ਇਸਤੰਬੋਲ ਤੋਂ ਸਮੁੰਦਰੀ ਬੋਟ ਰਾਹੀਂ ਨਾਲ ਲੱਗਦੇ ਦੇਸ਼ ਬਲਗਾਰੀਆ ਜਾਇਆ ਜਾ ਸਕਦਾ ਸੀ।

ਰਫੀਕ ਤੇ ਨਾਜ਼ਿਮ ਨੇ ਯੋਜਨਾ ਬਣਾਈ ਕਿ ਬੋਟ ਰਾਹੀਂ ਦੇਸ਼ ਤੋਂ ਭੱਜ ਨਿਕਲਿਆ ਜਾਵੇ। ਪਰ ਪ੍ਰਸ਼ਨ ਇਹ ਸੀ ਕਿ ਕਿਵੇਂ ਤੇ ਕਦੋਂ ਰਫੀਕ। ਇਸ ਸਕੀਮ ਦੀ ਪੂਰਤੀ ਲਈ ਬਹੁਤੇ ਲੋਕਾਂ ਨੂੰ ਨਾਲ ਨਹੀਂ ਸੀ ਰਲਾਉਣਾ ਚਾਹੁੰਦਾ। ਸਾਰੀ ਗੱਲ ਨਾਜ਼ਿਮ ਤੇ ਰਫੀਕ ਵਿਚ ਹੀ ਰੱਖਣੀ ਸੀ। ਉਸ ਨੇ ਭੱਜਣ ਤੇ ਬਚ ਨਿਕਲਣ ਨਾਲ ਸਬੰਧਤ ਨਿੱਕੇ ਤੋਂ ਨਿੱਕੇ ਵੇਰਵੇ ਨੂੰ ਕੁਰੇਦਣਾ ਆਰੰਭ ਕਰ ਦਿੱਤਾ। ਪਰ ਫੇਰ ਵੀ ਅਜਿਹੇ ਸਿਰਲੱਥ ਕੰਮਾਂ ਵਿਚ ਕਈ ਪੱਖ ਜਾਂ ਔਕੜਾਂ ਨਜ਼ਰ ਚੋਂ ਲਾਂਭੇ ਰਹਿ ਜਾਂਦੀਆਂ ਹਨ। ਪ੍ਰਸ਼ਨ ਇਹ ਸਨ ਕਿ ਸਮੁੰਦਰੀ ਸੈਨਾ ਦੀ ਚੌਕਸੀ ਕਿੰਨੀ ਕੁ ਹੁੰਦੀ ਹੈ। ਕਸਟਮ ਵਾਲੇ ਕਿੰਨੇ ਕੁ ਚੇਤੰਨ ਹੁੰਦੇ ਹਨ ? ਉਹਨਾਂ ਦੀਆਂ ਬੋਟਾਂ ਦੀ ਸਪੀਡ ਕੀ ਹੁੰਦੀ ਹੈ। ਉਸ ਦਿਨ ਮੌਸਮ ਕਿਹੋ ਜਿਹਾ ਹੋਵੇਗਾ ? ਕੀ ਇਹ ਯੋਜਨਾ ਸਫਲਤਾ ਪੂਰਬਕ ਸਿਰੇ ਚੜ੍ਹ ਜਾਵੇਗੀ ? ਇਹ ਤੇ ਅਜਿਹੇ ਤੌਰ ਕਿੰਨੇ ਹੀ ਪ੍ਰਸ਼ਨ।

ਰਫੀਕ ਨੂੰ ਡਰ ਸੀ ਕਿ ਇਸ ਸਾਰੀ ਯੋਜਨਾ ਨੂੰ ਮੁਕੰਮਲ ਤੌਰ 'ਤੇ ਗੁਪਤ ਰੱਖਿਆ ਜਾਵੇ ਤੇ ਰਫੀਕ ਅਤੇ ਨਾਜ਼ਿਮ ਤੋਂ ਬਿਨਾਂ ਇਸ ਵਿਚ ਕਿਸੇ ਹੋਰ ਨੂੰ ਭੇਤੀ ਜਾਂ ਭਾਈਵਾਲ ਨਾ ਬਣਾਇਆ ਜਾਵੇ। ਰਫੀਕ ਨੇ ਇਹਨਾਂ ਉਕਤ ਮੁੱਦਿਆਂ ਬਾਰੇ ਲੋੜੀਂਦੀ ਜਾਣਕਾਰੀ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ। ਤੁਰਕੀ ਦੇ ਬਾਸ ਫੋਰਸ ਸਮੁੰਦਰੀ ਸ਼ਹਿਰ ਤੋਂ ਕਾਲੇ ਸਾਗਰ ਵਿਚ ਜਾਣ ਸਮੇਂ ਪਹਿਰਾ ਦੇਣ ਵਾਲੀਆਂ ਕਿਸ਼ਤੀਆਂ ਜਾਂ ਬੋਟਾਂ ਦੀ ਔਸਤ ਸਪੀਡ 30 ਕਿਲੋਮੀਟਰ ਸੀ। ਪਰ ਇਹ ਪਤਾ ਕਰਨ ਵਾਲੀ ਗੱਲ ਸੀ ਕਿ ਕੀ ਬੋਟਾਂ ਦਾ ਰੇਡੀਓ ਰਾਹੀਂ ਹਵਾਈ ਜਹਾਜ਼ਾਂ ਨਾਲ ਸੰਪਰਕ ਜੁੜਿਆ ਹੋਇਆ ਸੀ ਤੇ ਕੀ ਕਾਲੇ ਸਾਗਰ ਵਿਚੋਂ ਲੰਘ ਕੇ ਜਦੋਂ ਬਲਗਾਰੀਆ ਦੇ ਪ੍ਰਭਾਵ ਹੇਠਲੇ ਪਾਣੀਆਂ ਵਿਚ ਪ੍ਰਵੇਸ਼ ਕੀਤਾ ਜਾਵੇਗਾ ਤਾਂ ਉਨ੍ਹਾਂ ਦੀ ਸਰਕਾਰ ਦਾ ਕੀ

ਪ੍ਰਤੀਕਰਮ ਹੋਵੇਗਾ। ਰਫੀਕ ਦੇ ਪਰਿਵਾਰਕ ਸੰਬੰਧਾ ਨੇ ਲੋੜੀਂਦੀ ਸੂਚਨਾ ਇਕੱਤਰ ਕਰਨ ਵਿਚ ਕਾਫੀ ਸਹਾਇਤਾ ਕੀਤੀ। ਰਫੀਕ ਦਾ ਇਕ ਚਾਚਾ ਇਸਤੰਬੋਲ ਦੇ ਉਤਰੀ ਇਲਾਕੇ ਦਾ ਜਲ ਸੈਨਾ ਕਮਾਂਡਰ ਸੀ। ਉਸ ਕੋਲੋਂ, ਬਿਨਾਂ ਸਹੀ ਗੱਲ ਦੱਸਣ ਦੇ ਇਹ ਪਤਾ ਕੀਤਾ ਗਿਆ ਕਿ ਸਮੁੰਦਰ ਰਾਹੀਂ ਹੁੰਦੀ ਸਮਗਲਿੰਗ ਕਿਵੇਂ ਹੁੰਦੀ ਹੈ ਤੇ ਸਰਕਾਰੀ ਪਹਿਰੇ ਦੀ ਕੀ ਅਵਸਥਾ ਹੈ। ਬਹਾਨਾ ਇਹ ਬਣਾਇਆ ਗਿਆ ਉਨ੍ਹਾਂ ਵਲੋਂ ਬਣਾਈ ਜਾ ਰਹੀ ਇਕ ਫਿਲਮ ਦੀ ਸਾਰਥਕਤਾ ਚੈੱਕ ਕਰਨੀ ਹੈ ਕਿ ਸਮਗਲਿੰਗ ਹੁੰਦੀ ਕਿਵੇਂ ਹੈ। ਉਸ ਅਫਸਰ ਨੇ ਸਾਰੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗਸ਼ਤੀ ਪਹਿਰੇ ਢਿੱਲੇ ਨੇ ਤੇ ਕਸਟਮ ਵਾਲੇ ਅਧਿਕਾਰੀ ਵੀ ਪ੍ਰਭਾਵਕਾਰੀ ਨਹੀਂ ਹਨ।

ਰਫੀਕ ਨੂੰ ਇਹ ਵੀ ਪਤਾ ਲੱਗਾ ਕਿ ਬਲਗਾਰੀਆ ਤੇ ਤੁਰਕੀ ਦੇ ਗਸ਼ਤੀ ਅਧਿਕਾਰੀਆਂ ਕੋਲ 30 ਮੀਲ ਦੀ ਰਫਤਾਰ ਤੋਂ ਤੇਜ਼ ਕੋਈ ਬੋਟ ਨਹੀਂ ਸੀ। 'ਮਲਕ ਬੋਲਾਕ' ਨਾਂ ਦੇ ਇਕ ਵਪਾਰੀ ਕੋਲ 35 ਮੀਲ ਦੀ ਰਫਤਾਰ ਵਾਲੀ ਬੋਟ ਸੀ। ਰਫੀਕ ਨੇ ਇਕ ਹਫਤਾ ਪਹਿਲਾਂ ਇਹ ਬੋਟ ਕਰਾਏ ਤੇ ਲੈ ਕੇ ਆਪਣੀ ਪਤਨੀ ਨੂੰ ਨਾਲ ਲੈ ਸਮੁੰਦਰ ਦੀ ਸੈਰ ਕੀਤੀ ਤੇ ਐਧਰ ਉਧਰ ਘੁੰਮਦਿਆਂ ਕਈ ਨਵੇਂ ਪੱਖ ਵਿਚਾਰੇ। ਵਾਪਸ ਪਰਤਦਿਆਂ ਉਸ ਨੇ ਕਿਸ਼ਤੀ ਦੇ ਮਾਲਕ ਨੂੰ ਕਹਿ ਕੇ ਅਗਲੇ ਐਤਵਾਰ ਲਈ ਕਿਸ਼ਤੀ ਪੱਕੀ ਕਰ ਲਈ।

ਰਫੀਕ ਦੀ ਸੈਨਿਕ ਡੀਊਟੀ ਸ਼ੁਰੂ ਹੋ ਚੁੱਕੀ ਸੀ ਤੇ ਉਸ ਨੂੰ ਸਿਰਫ ਐਤਵਾਰ ਨੂੰ ਹੀ ਛੁੱਟੀ ਹੁੰਦੀ ਸੀ। ਉਹ ਸਾਰਾ ਹਫਤਾ ਮੌਸਮ ਦੀ ਹਾਲਤ ਬਾਰੇ ਜਾਣਕਾਰੀ ਇਕੱਤਰ ਕਰਦਾ ਰਿਹਾ। ਚੰਗੇ ਭਾਗਾਂ ਨੂੰ ਰੇਡੀਓ ਤੇ ਮੌਸਮ ਵਿਭਾਗ ਦੀਆਂ ਰੀਪੋਰਟਾਂ ਅਨੁਸਾਰ ਐਤਵਾਰ ਮੌਸਮ ਬੜਾ ਸਾਫ ਰਹਿਣਾ ਸੀ। ਹੁਣ ਬਾਕੀ ਸਾਵਧਾਨੀਆਂ ਬਾਰੇ ਵਿਚਾਰਾਂ ਹੋਈਆਂ। ਨਾਜ਼ਿਮ ਦੇ ਬੂਹੇ ਦੇ ਸਾਹਮਣੇ ਬੈਠੀ ਪੁਲਿਸ ਟੋਲੀ ਨੂੰ ਝਕਾਨੀ ਦੇਣੀ ਔਖੀ ਨਹੀਂ ਸੀ ਕਿਉਂਕਿ ਨਾਜ਼ਿਮ ਹਰ ਰੋਜ਼ ਆਪਣੇ ਕੰਮ ਧੰਦੇ ਲਈ ਘਰੋਂ ਬਾਹਰ ਜਾਂਦਾ ਆਉਂਦਾ ਸੀ ਤੇ ਨਿਸ਼ਚਿਤ ਟਾਈਮ 'ਤੇ ਘਰ ਵਾਪਸ ਮੁੜ ਆਉਂਦਾ ਹੁੰਦਾ ਸੀ, ਜਿਸ ਕਾਰਨ ਪੁਲਿਸ ਨੂੰ ਕਦੇ ਸ਼ੱਕ ਨਹੀਂ ਸੀ ਪਿਆ। ਨਾਜ਼ਿਮ ਨੂੰ ਆਪਣੀ ਸਿਹਤ ਬਾਰੇ ਸ਼ੰਕੇ ਸਨ ਤੇ ਉਸ ਨੇ ਆਪਣੇ ਡਾਕਟਰ ਨੂੰ ਮਿਲਕੇ ਲੰਮੇ ਸਮੁੰਦਰੀ ਸਫਰ ਕਰਨ ਬਾਰੇ ਭਰੋਸਾ ਲੈ ਲਿਆ ਸੀ।

17 ਜੂਨ ਨਾਜ਼ਿਮ ਤੜਕੇ ਹੀ, ਉਘਲਾਉਂਦੇ ਹੋਏ ਸਿਪਾਹੀਆਂ ਤੋਂ ਨਜ਼ਰ ਬਚਾ ਘਰੋਂ ਨਿਕਲ ਗਿਆ। ਸ਼ੱਕ ਦੇ ਡਰੋਂ ਉਸ ਨੇ ਆਪਣੇ ਨਾਲ ਕੋਈ ਸਾਮਾਨ ਜਾਂ ਬੈਗ ਨਹੀਂ ਸੀ ਲਿਆ। ਉਸ ਨੂੰ ਆਪਣੀ ਪਤਨੀ ਮੁਨੱਵਰ ਤੇ ਬੱਚੀ ਪਿੱਛੇ ਛੱਡਣੀ ਪੈਣੀ ਸੀ ਤੇ ਸਾਰੇ ਖਰੜੇ ਵੀ ਉਸ ਕੋਲ ਹੀ ਰਹਿਣੇ ਸਨ। ਨਾਜ਼ਿਮ ਨੂੰ ਡਰ ਸੀ ਕਿ ਕਿਤੇ ਇਹ ਖਰੜੇ ਸਮੁੰਦਰੀ ਸਫ਼ਰ ਵੇਲੇ ਰਾਹ ਵਿਚ ਗੁੰਮ ਗਵਾਚ ਨਾ ਜਾਣ।

ਆਪਣੀ "ਸਵੈ-ਜੀਵਨੀ" ਨਾਂ ਦੀ ਇਕ ਕਵਿਤਾ ਵਿਚ ਨਾਜ਼ਿਮ ਨੇ ਘਰੋਂ ਭੱਜਣ ਦੀ ਇਸ ਘਟਨਾ ਨੂੰ ਯਾਦ ਕਰਦੇ ਲਿਖਿਆ ਸੀ ;

"1951 ਵਿਚ ਸਮੁੰਦਰ ਤੇ ਇਕ ਸਾਥੀ ਨਾਲ ਮੈਂ ਪਾਣੀ ਵਿਚ ਡੁੱਬ ਹੀ ਜਾਣ ਲੱਗਾ ਸੀ।" ਰਫੀਕ ਨੇ ਆਪਣੇ ਪਿਓ ਵਾਲੀ ਦੂਰਬੀਨ ਨਾਲ ਲੈ ਲਈ ਤੇ ਨਾਲ ਆਪਣੀ ਰਾਈਫਲ ਤੇ ਕਾਰਤੂਸ ਵੀ। ਬੋਟ ਦੀ ਟਾਂਚੀ ਪੈਟਰੋਲ ਨਾਲ ਭਰਾਈ, ਕੁਝ ਵਾਧੂ ਪੈਟਰੋਲ ਵੀ ਲੈ ਲਿਆ ਤੇ ਪਹਿਲਾਂ ਹੀ ਨੀਯਤ ਕੀਤੀ ਥਾਂ 'ਤੇ ਪਹੁੰਚ ਗਿਆ। ਨਾਜ਼ਿਮ ਆਰਾਮ ਨਾਲ ਟਹਿਲਦਾ ਬੋਟ ਵਿਚ ਆ ਬੈਠਾ।

ਪਹਿਲਾਂ ਭੁਲੇਖਾ ਪਾਉਣ ਲਈ ਬੋਟ ਨੇ ਦੱਖਣ ਵੱਲ ਜਾਣਾ ਸੀ ਤੇ ਫਿਰ ਉੱਤਰ ਵੱਲ ਕਾਲੇ ਸਾਗਰ ਵਿਚ ਦਾਖਲ ਹੋਣਾ ਸੀ। ਦੋਵੇਂ ਟਿੱਚਰ ਮਖੌਲਾਂ ਕਰਦੇ ਤੁਰੀ ਗਏ। ਦਿਨ ਸਾਫ਼ ਸੀ ਤੇ ਸਮੁੰਦਰ ਦਾ ਪਾਣੀ ਨੀਲਾ ਤੇ ਮਨਮੋਹਣਾ। ਅਸਲ ਯੋਜਨਾ ਉੱਤਰ-ਪੂਰਬ ਨੂੰ ਜਾ ਕੇ, ਬਾਰਾਂ ਮੀਲ ਤੇ ਬਲਗਾਰੀਆ ਦੇ ਪਾਣੀਆਂ ਵਿਚ ਪ੍ਰਵੇਸ਼ ਕਰਨਾ ਸੀ। ਪਰ ਅਚਾਨਕ ਹੀ ਉਹਨਾਂ ਨੂੰ ਇਕ ਸਮੁੰਦਰੀ ਜਹਾਜ਼ ਆਉਂਦਾ ਦਿਸਿਆ। ਨੇੜੇ ਆਉਣ ਤੇ ਪਤਾ ਲੱਗਾ ਕਿ ਉਹ ਜਹਾਜ਼ ਰੂਮਾਨੀਆ ਦਾ ਸੀ ਤੇ ਇਸ ਦਾ ਨਾਂ ਵੀ ਉਨ੍ਹੀਵੀਂ ਸਦੀ ਦੇ ਅਖੀਰਲੇ ਅੱਧ ਵਿਚ ਹੋਏ ਪ੍ਰਸਿੱਧ ਰੂਸੀ ਮਾਰਕਸਵਾਦੀ ਚਿੰਤਕ "ਪਲੈਖਾਨੋਵ" ਦੇ ਨਾਂ



'ਤੇ ਰੱਖਿਆ ਗਿਆ ਸੀ। ਹੁਣ ਏਸੇ ਹੀ ਮਾਰਕਸਵਾਦੀ ਨਾਂ ਦੇ ਜਹਾਜ਼ ਨੇ ਇਕ ਮਾਰਕਸਵਾਦੀ ਕਵੀ ਨੂੰ ਬਚਾ ਕੇ ਆਪਣੇ ਵਿਚ ਲੁਕਾ ਲੈਣਾ ਸੀ ; ਪਰ ਕਿਵੇਂ ਤੇ ਕਦੋਂ ?

ਨਾਜ਼ਿਮ ਤੇ ਰਫੀਕ ਨੇ ਬੋਟ ਨੂੰ ਜਹਾਜ਼ ਦੇ ਨਾਲ ਕਾਲ ਉੱਤਰ ਵੱਲ ਮੋੜ ਕੇ ਬਰਾ-ਬਰੋਬਰ ਲੈ ਆਂਦਾ, ਤੇ ਜਹਾਜ਼ ਦੇ ਅਮਲੇ ਨੂੰ ਰੂਸੀ ਤੇ ਫਰਾਂਸੀਸੀ ਬੋਲੀ ਵਿਚ. ਇਸ਼ਾਰਾ ਕੀਤਾ ਤੇ ਆਪਣਾ ਮਨੋਰਥ ਦੱਸਿਆ ਪਰ ਜਹਾਜ਼ ਹੌਲੀ ਨਾ ਹੋਇਆ। ਜਹਾਜ਼ ਦੀਆਂ ਉਠਦੀਆਂ ਛੱਲਾਂ ਬੋਟ ਨੂੰ ਚੁੱਕ ਚੁੱਕ ਮਾਰਦੀਆਂ ਸਨ। ਅਚਾਨਕ ਹੀ ਜਹਾਜ਼ ਦੇ ਨਾਲ ਨਾਲ ਚਲਾਉਂਦੇ ਹੋਏ ਬੋਟ ਦਾ ਇੰਝਣ ਬੰਦ ਹੋ ਗਿਆ। ਰਫੀਕ ਨੂੰ ਇਸ ਇੰਝਣ ਨੂੰ ਚਲਾਉਣ ਦਾ ਕੋਈ ਬਹੁਤ ਤਜਰਬਾ ਨਹੀਂ ਸੀ। ਪਰ ਟੱਕਰਾਂ ਮਾਰਦੇ, ਬੋਟ ਫਿਰ ਸਟਾਰਟ ਹੋ ਗਈ ਤੇ ਦੁਬਾਰਾ ਭਜਾ ਕੇ ਜਹਾਜ਼ ਦੇ ਬਰੋਬਰ ਲੈ ਆਂਦੀ ਗਈ। ਹੁਣ ਤੀਕ ਜਹਾਜ਼ ਦੀ ਰਫ਼ਤਾਰ ਵੀ ਹੌਲੀ ਹੌਲੀ ਹੋ ਗਈ। ਜਹਾਜ਼ ਦੇ ਕਪਤਾਨ ਨੇ ਹੁਣ ਤੀਕ ਆਪਣੇ ਉਤਲੇ ਉੱਚ-ਅਧਿਕਾਰੀਆਂ ਨਾਲ ਸੰਪਰਕ ਕਰਕੇ ਆਗਿਆ ਲੈ ਲਈ ਸੀ ਤੇ ਉਹਨਾਂ ਅੱਗੋ ਮਾਸਕੋ ਨਾਲ ਵੀ ਗੱਲ ਕਰ ਲਈ। ਉਹਨਾਂ ਉੱਤੋਂ ਇਕ ਪੌੜੀ ਤੇ ਰੱਸਾ ਲਮਕਾਇਆ ਅਤੇ ਨਾਜ਼ਿਮ ਜਹਾਜ਼ ਵਿਚ ਸਵਾਰ ਹੋ ਗਿਆ। ਵਿਛੜਨ ਵੇਲੇ ਰਫੀਕ ਤੇ ਨਾਜ਼ਿਮ ਨੇ ਇਕ ਦੂਜੇ ਦਾ ਮੂੰਹ ਚੁੰਮਿਆ ਤੇ ਆਖ਼ਰੀ ਅਲਵਿਦਾ ਆਖੀ।

ਜਹਾਜ਼ ਵਿਚ ਪ੍ਰਵੇਸ਼ ਕਰਨ 'ਤੇ ਨਾਜ਼ਿਮ ਨੇ ਕਪਤਾਨ ਨੂੰ ਪੁੱਛਿਆ ਕਿ ਜਲ-ਸੈਨਾ ਦੇ ਪ੍ਰਵਾਨਤ ਨੇਮਾਂ ਅਨੁਸਾਰ ਤੁਸਾਂ ਮੈਨੂੰ ਪਹਿਲੀ ਕੋਸ਼ਿਸ਼ ਵੇਲੇ ਕਿਉਂ ਨਾ ਚੜ੍ਹਾਇਆ। ਕਪਤਾਨ ਕੁਝ ਸ਼ਰਮਿੰਦਾ ਹੋਇਆ ਤੇ ਕਹਿਣ ਲੱਗਾ, "ਅਸੀਂ ਉਪਰੋਂ ਵੀ ਆਗਿਆ ਲੈਣੀ ਹੁੰਦੀ ਹੈ।" ਕੇਬਿਨ ਵਿਚ ਬੈਠਣ ਤੇ ਨਾਜ਼ਿਮ ਇਹ ਵੇਖ ਕੇ ਹੈਰਾਨ ਹੋ ਗਿਆ ਕਿ ਜਹਾਜ਼ ਦੀ ਕੰਧ ਤੇ "ਨਾਜ਼ਿਮ ਨੂੰ ਰਿਹਾਅ ਕਰੋ" ਦਾ ਇਕ ਇਸ਼ਤਿਹਾਰ ਲੱਗਾ ਹੋਇਆ ਸੀ। ਨਾਜ਼ਿਮ ਵੇਖ ਕੇ ਖੁਸ਼ ਹੋਇਆ ਤੇ ਉਸ ਦਾ ਦਿਲ ਫ਼ਖ਼ਰ ਨਾਲ ਭਰ ਗਿਆ।

ਤੀਜੇ ਦਿਨ ਮਿੱਤਰਾਂ ਤੇ ਸ਼ੁਭ-ਚਿੰਤਕਾਂ ਨੂੰ ਸੁਨੇਹਾ ਪਹੁੰਚ ਗਿਆ ਕਿ ਨਾਜ਼ਿਮ ਆਪਣੇ ਟਿਕਾਣੇ 'ਤੇ ਪਹੁੰਚ ਗਿਆ ਸੀ। ਬੁਡਾਪੈਸਟ ਦੇ ਰੇਡੀਓ ਨੇ ਵੀ ਇਸ ਬਾਰੇ ਖ਼ਬਰ ਨਸ਼ਰ ਕਰ ਦਿੱਤੀ।

ਖਬਰ ਦੀ ਪਰੋੜਤਾ ਹੋਣ ਅਤੇ ਤੁਰਕੀ ਸਰਕਾਰ ਨੂੰ ਪਤਾ ਲੱਗਣ 'ਤੇ ਦੇਸ਼ ਵਿਚ ਰੌਲਾ ਪੈ ਗਿਆ ਪਰ ਹੁਣ ਉਹ ਕੀ ਕਰ ਸਕਦੇ ਸੀ।

ਨਾਜ਼ਿਮ ਖੁਸ਼ ਸੀ ਤੇ ਉਸ ਨੇ ਕੁਝ ਦਿਨਾਂ ਬਾਅਦ ਮਾਸਕੋ ਪਹੁੰਚ ਸੁਖ ਦਾ ਸਾਹ ਲਿਆ। ਉਸ ਨੂੰ ਕੀ ਪਤਾ ਸੀ ਕਿ ਆਖ਼ਰੀ ਉਮਰ ਤੀਕ ਹੁਣ ਉਸ ਨੇ (1950-63) ਪੂਰੇ ਤੇਰਾਂ ਸਾਲ ਜਲਾਵਤਨੀ ਵਿਚ ਕੱਟਣੇ ਸੀ।

ਬਾਰਾਂ ਸਾਲ ਦੀ ਕੈਦ ਕੱਟਣ ਤੋਂ ਬਾਅਦ ਇਕ ਕੈਸੀ ਰਿਹਾਈ ਸੀ ਕਿ ਜਿਸ ਵਿਚ ਉਸ ਨੇ ਅਗਲੇ ਤੇਰਾਂ ਸਾਲ ਦੇਸ਼ ਨਿਕਾਲੇ ਦੇ ਸੰਤਾਪਾਂ ਵਿਚ ਕੱਟਣੇ ਸੀ ਅਤੇ ਆਪਣੀ ਪਤਨੀ, ਬੱਚੇ ਤੇ ਤੁਰਕੀ ਦੇ ਜਨ-ਸਾਧਾਰਨ ਨੂੰ ਯਾਦ ਕਰਦਿਆਂ ਉਮਰ ਭਰ ਤੜਪਦੇ ਰਹਿਣਾ ਸੀ।

ਉਸ ਦੀ ਸ਼ਾਇਰੀ ਨੇ ਉਸ ਨੂੰ ਕਿਸ ਤਰ੍ਹਾਂ ਦੀ ਕਠਿਨ ਪ੍ਰੀਖਿਆ ਵਿਚ ਪਾ ਦਿੱਤਾ ਸੀ। ਆਪਣੇ ਪਿਆਰੇ ਵਤਨ ਤੁਰਕੀ ਨੂੰ ਯਾਦ ਕਰਦਾ ਕਵੀ ਆਖਦਾ ਹੈ।

ਹੁਣ ਤੇਰੀ ਝਲਕ
ਬੱਸ ਉਡਦੀ ਰੰਗਤ ਵਾਲਾਂ ਦੀ
ਜਾਂ ਮੇਰਾ ਟੁੱਟਿਆ ਦਿਲ ਕੇਵਲ
ਵਾਹ ਮੇਰੇ ਵਤਨ !
ਵਾਹ ਮੇਰੇ ਵਤਨ !!
ਵਾਹ ਮੇਰੇ ਵਤਨ !!! ▲▲▲

*ਨੋਟ—ਇਸ ਲੇਖ ਦੀ ਸਾਰੀ ਸਮੱਗਰੀ ਸੇਮੀ ਗੋਕਸੂ ਤੇ ਅਡਵਲਡ ਟਿਮਜ਼ ਦੀ ਲਿਖੀ ਜੀਵਨੀ 'ਰੋਮਾਂਟਿਕ ਕਮਿਊਨਿਸਟ' ਵਿਚੋਂ ਧੰਨਵਾਦ ਸਹਿਤ ਪ੍ਰਾਪਤ ਕਰਕੇ, ਪੁਨਰ-ਸਿਰਜਿਤ ਕੀਤੀ ਗਈ ਹੈ।*

## ਕਾਇਆ-ਕਲਪ / *ਹਰਭਜਨ ਸਿੰਘ ਹੁੰਦਲ*

ਉਹ ਵਿਦਵਾਨ,
ਬੁਲਾਰਾ, ਵੱਡਾ
ਜਿਸ ਮਹਿਫ਼ਿਲ ਵੀ ਹਾਜ਼ਰ ਹੋਵੇ,
ਲੋਕੀਂ ਥਰ ਥਰ ਕੰਬਣ ਲੱਗਦੇ
ਡਰਦੇ ਲਾਗੋਂ ਦੀ ਨਾ ਲੰਘਦੇ।

ਉਸ ਦੀ ਕਲਮ ਖ਼ੌਫ਼ ਵਰਤਾਵੇ,
ਇੱਕੋ ਗੜ੍ਹਕਾ ਚੁੱਪ ਕਰਾਵੇ।
ਅੰਨ੍ਹੇ ਨੂੰ ਦ੍ਰਿਸ਼ਟੀ ਪਰਤਾਵੇ
ਲੱਗੜੇ ਨੂੰ ਆਕਾਸ਼ ਚੜ੍ਹਾਵੇ।

ਨਾਲ ਅਫਸਰਾਂ ਗੂੜ੍ਹੀ ਯਾਰੀ
ਵਿੱਚ ਮਹੱਲੇ ਦੇ ਸਰਕਾਰੀ!!

ਇੱਕੋ ਗੱਲ ਉਸ ਦੀ ਭੈੜੀ
ਜਦ ਪੀਵੇ, ਤਾਂ ਖੌਰੂ ਪੱਟੇ
ਝਗੜਾ ਮੁੱਲ ਲਵੇ, ਖੇਹ ਛੱਟੇ।

ਰੋਜ਼ ਰੋਜ਼ ਦੇ ਹੰਗਾਮੇ ਤੋਂ
ਘਰ ਵਾਲੀ ਵੀ ਤੰਗ ਪਈ।
ਪੜ੍ਹੀ ਲਿਖੀ ਸੀ,
ਜੁਗਤ ਉਸ ਨੂੰ ਸੁੱਝ ਗਈ।

ਬਾਬੇ ਜਦੋਂ ਪਰਤ ਕੇ ਆਏ
"ਸਿੰਘ ਸਾਹਿਬ" ਵੀ ਸੱਦ ਬਿਠਾਏ।
ਗਲ਼ ਛੋਟੀ ਕਿਰਪਾਨ ਸਜਾਈ
ਤੇ ਖੰਡੇ ਦੀ ਪਹੁਲ ਛਕਾਈ।

ਹੁਣ 'ਵਿਦਵਾਨ' ਗ਼ਰੀਬ ਵਿਚਾਰਾ
ਗੁਣੀ ਬੁਲਾਰਾ,
ਕੰਨਾਂ ਵਿੱਚ ਪਾਇਆ ਨਾ ਰੜਕੇ
ਵਾਦ-ਵਿਵਾਦਾਂ ਵਿੱਚ ਨਾ ਭੜਕੇ

ਵੱਖਰੀ ਗੱਲ ਹੈ
ਕਦੇ ਕਦੇ ਜੇ
ਉਸ ਦਾ ਦਿਲ ਕਾਹਲਾ ਪੈ ਜਾਵੇ
ਤੇ ਫਿਰ ਕਾਬੂ ਵਿੱਚ ਨਾ ਆਵੇ।

ਖ਼ਬਰੇ ਕਿਸ ਬੂਟੀ ਦੀ ਕਾਲੀ
ਬੜੀ ਬਰੀਕ ਜਿਹੀ ਕੋਈ ਗੋਲੀ ਖਾਵੇ
ਖਾ ਕੇ ਗੂੜ੍ਹ-ਸਮਾਧੀ ਲਾਵੇ।

'ਅੱਖ ਪੁੱਟਣ ਤੇ
ਚੂਲਾਂ ਢਿੱਲੀ
ਕੱਚੀ, ਪਿੱਲੀ
ਨਵੀਂ/ਪੁਰਾਣੀ ਗ਼ਜ਼ਲ ਸੁਣਾਵੇ
ਹੋਈ, ਬੀਤੀ
ਚੇਤੇ ਕਰ ਕਰ ਕੇ ਸ਼ਰਮਾਵੇ
ਉਸ ਦੀ ਪੇਸ਼ ਨਾ ਕੋਈ ਜਾਵੇ।

ਜੋ 'ਵਿਦਵਾਨ' ਕਦੇ ਸੀ ਵੱਡਾ
ਅੱਜ ਕੱਖਾਂ ਤੋਂ ਹੌਲਾ ਹੋਇਆ।
ਨਾ ਉਹ ਜੀਉਂਦਾ,
ਨਾ ਉਹ ਮੋਇਆ।

***16-9-2002***

***ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ ਦੀ 2000 ਈਸਵੀ ਤਕ ਦੀ ਸਮੁੱਚੀ ਕਾਵਿ-ਰਚਨਾ ਇਕੋ ਜਿਲਦ ਵਿਚ***

**ਕਵਿਤਾ ਦੀ ਤਲਾਸ਼**

***ਮੁਲ : ਪੇਪਰ ਬੈਕ 100***

***ਕੁਕਨੁਸ ਪ੍ਰਕਾਸ਼ਨ ਜਲੰਧਰ।***

*(ਛਪਾਈ ਅਧੀਨ)*





## 1. ਬੌਣੀ ਰਾਜਨੀਤੀ ਦਾ ਚਿਹਰਾ—'ਮੁਖ਼ਬਰੀ ਕਰਦੇ ਦਿਨ'

'ਮੁਖਬਰੀ ਕਰਦੇ ਦਿਨ' ਹਰਭਜਨ ਸਿੰਘ ਹੁੰਦਲ ਦਾ ਨਵਾਂ ਕਾਵਿ ਸੰਗ੍ਰਹਿ ਹੈ। ਜਿਵੇਂ ਕਿ ਇਸ ਦੇ ਨਾਂ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਵਿੱਚ ਰਾਜਨੀਤੀ ਅਤੇ ਉਸਦੇ ਸਮਾਜ-ਆਰਥਿਕ ਪ੍ਰਭਾਵ ਨਾਲ ਜੁੜੀਆਂ ਕਵਿਤਾਵਾਂ ਦੀ ਬਹੁਲਤਾ ਹੈ। ਇਹ ਰਾਜਨੀਤੀ ਚਾਹੇ ਅੰਤਰ-ਪਾਰਟੀ ਸੰਘਰਸ਼ ਹੋਵੇ ਜਾਂ ਲੁੱਟੀਂਦੇ ਅਤੇ ਲੁੱਟੂ ਲੋਕਾਂ ਦੇ ਸੰਘਰਸ਼ ਦੀ। ਹੁੰਦਲ ਦੇ ਰਾਜਨੀਤਕ ਸੰਘਰਸ਼ ਦੇ ਮੂਲ ਵਿੱਚ ਵਿਆਪਕ ਕਾਰਨਾਂ, ਸਰੋਕਾਰਾਂ ਅਤੇ ਫਿਰ ਇਸਦੇ ਪਾਸਾਰਾਂ ਦੀ ਨਿਸ਼ਾਨਦੇਹੀ ਕਰਕੇ ਇਸ ਸੰਘਰਸ਼ ਦੀ ਪ੍ਰਸੰਗਿਕਤਾ ਨੂੰ ਬਰਾਬਰ ਰੂਪਮਾਨ ਕੀਤਾ ਹੈ। ਕਈ ਵਾਰ ਉਪਰੋਂ ਉਪਰੋਂ ਦਿਸਦੀਆਂ ਸਧਾਰਨ ਘਟਨਾਵਾਂ ਆਪਣੇ ਗਰਭ ਅੰਦਰ ਅਸਾਧਾਰਨ ਪ੍ਰਭਾਵਾਂ ਨੂੰ ਸਮੋਈ ਬੈਠੀਆਂ ਹੁੰਦੀਆਂ ਹਨ। ਕਵੀ ਦੀ ਖੁੱਲ੍ਹੀ ਤੀਜੀ ਅੱਖ ਇਸ ਅੰਤ੍ਰੀਵ ਵਰਤਾਰੇ ਨੂੰ ਬਹੁਤ ਛੇਤੀ ਵੇਖ/ਸਮਝ ਲੈਂਦੀ ਹੈ। ਨਹੀਂ ਤਾਂ ਅਕਸਰ ਹੀ ਕਈ ਕਵੀ ਸਾਮਿਅਕ ਘਟਨਾਵਾਂ ਦੇ ਸਹੀ ਬਾਜ਼-ਅੱਖੀ ਵਿਸ਼ਲੇਸ਼ਣ ਦੀ ਘਾਟ ਕਾਰਨ ਸਤਹੀ ਪ੍ਰਭਾਵ ਅਧੀਨ ਉਲਾਰ ਦਾ ਸ਼ਿਕਾਰ ਹੋ ਜਾਂਦੇ ਹਨ। ਪਰ ਹੁੰਦਲ ਸੱਚ ਨੂੰ ਪੇਸ਼ ਕਰਦਿਆਂ ਬੇਬਾਕ ਹੋ ਜਾਂਦਾ ਹੈ, ਉਲਾਰ ਨਹੀਂ। ਉਹ ਹਰੇਕ ਵਿਗਾੜ ਉੱਪਰ ਉਂਗਲ ਧਰਦਾ ਹੈ। ਉਹ ਵਿਗਾੜ ਚਾਹੇ ਲੀਡਰਸ਼ਿਪ ਦੇ ਨਿੱਜੀ ਸੁਆਰਥ ਦਾ ਹੈ, ਨੀਤੀ ਦਾ ਜਾਂ ਸੰਘਰਸ਼ ਦੀ ਰੂਪ ਰੇਖਾ ਦਾ। ਵਿਵਸਥਾ ਵਿਚੋਂ ਉਪਜੇ ਕਰੂਰ ਵਰਤਾਰਿਆਂ ਨੂੰ ਰੂਪਮਾਨ ਕਰਨ ਵਿੱਚ ਉਸ ਕੋਲ ਕਮਾਲ ਦੀ ਮੁਹਾਰਤ ਹੈ। ਰਾਜਨੀਤਿਕ ਪਾਰਟੀਆਂ ਦੀ ਸਿਆਸੀ ਸੂਝ ਬੂਝ ਅਤੇ ਪੈਂਤੜੇਬਾਜ਼ੀ, ਅੰਤਰਪਾਰਟੀ ਘੋਲ ਅਤੇ ਦਾਅਪੇਚ, ਰਾਸ਼ਟਰੀ ਅਤੇ ਅੰਤਰਾਸ਼ਟਰੀ ਦਬਾਅ, ਰਾਜਨੀਤੀ ਅਤੇ ਅਰਥ ਵਿਵਸਥਾ ਵਿਚਲਾ ਸੰਘਰਸ਼ ਕਿਵੇਂ ਕਾਰਜਸ਼ੀਲ ਹੁੰਦੇ ਹਨ ਅਤੇ ਇੱਕ ਦੇ ਵਿਗਾੜ ਦੂਜੇ ਉੱਤੇ ਅਸਰ ਅੰਦਾਜ਼ ਹੁੰਦੇ ਹਨ, ਇਸ ਗੱਲ ਦੀ ਹੁੰਦਲ ਨੂੰ ਸਮਝ ਹੈ। ਤਾਂ ਹੀ ਤਾਂ ਰਾਜਨੀਤਕ ਕਵਿਤਾ ਲਿਖਣ ਵੇਲੇ ਨਾ ਉਹ ਉਚੇਚ ਵਿੱਚ ਹੁੰਦਾ ਹੈ ਨਾ ਉਲਾਰ ਵਿੱਚ।

ਇਸ ਕਾਵਿ-ਪੁਸਤਕ ਵਿਚਲੀਆਂ ਕਵਿਤਾਵਾਂ ਨੂੰ ਕਵੀ ਨੇ ਦੋ ਹਿੱਸਿਆਂ ਵਿੱਚ ਵੰਡਿਆ ਹੈ। ਪਹਿਲੇ ਭਾਗ ਦਾ ਨਾਂ ਹੈ 'ਮੁਖਬਰੀ ਕਰਦੇ ਦਿਨ'। ਇਸ ਭਾਗ ਵਿੱਚ ਉਹ ਸਮੁੱਚੀ ਰਾਜਨੀਤੀ ਅਤੇ ਵਿਸ਼ੇਸ਼ ਕਰਕੇ ਖੱਬੇ ਪੱਖੀ ਰਾਜਨੀਤੀ ਵਿੱਚ ਆ ਰਹੇ ਨਿਘਾਰਾਂ ਦੀ ਗੱਲ ਕਰਦਾ ਹੈ। ਉਹ ਇਸ ਰਾਜਨੀਤੀ ਦੇ ਇਕ ਵੱਡੇ ਸਿਧਾਂਤ 'ਅੰਤਰ ਪਾਰਟੀ ਸੰਘਰਸ਼' ਦੇ ਖੰਭ ਕੁਤਰਨ ਵਾਲੇ ਅਤੇ ਉਪਰਾਲਿਆਂ ਦੀ ਜੀ-ਹਜ਼ੂਰੀ ਕਰਨ ਵਾਲੇ ਲੋਕਾਂ ਦੇ ਵਿਰੋਧ ਵਿੱਚ, ਇਕ ਵਿਦਰੋਹੀ ਵਾਂਗ ਖੜਾ ਹੁੰਦਾ ਹੈ। ਉਹ ਦਾਬੇ ਵਾਲੀ ਰਾਜਨੀਤੀ ਅਤੇ ਧਮਕੀ ਧਾੜੇ ਨੂੰ ਮੂਲੋਂ ਅਪ੍ਰਵਾਨ ਕਰਕੇ ਹਰ ਤਰ੍ਹਾਂ ਦਾ ਸੇਕ ਜਰਨ ਲਈ ਤਤਪਰ ਹੈ। ਉਸਨੂੰ ਪਤਾ ਹੈ ਕਿ ਕਵੀ ਦੀ ਐਸੀ ਅਵਸਥਾ ਵਿੱਚ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਬਿਗਾਨਿਆਂ ਨਾਲ ਲੜਨਾ ਬਹਾਦਰੀ ਵਾਲਾ ਕਾਰਜ ਹੈ ਪਰ ਆਪਣਿਆਂ ਨਾਲ ਲੜਨਾ ਬਹੁਤ ਕਠਿਨ, ਦਲੇਰੀ ਵਾਲਾ ਅਤੇ ਸੂਝ-ਬੂਝ ਭਰਿਆ ਬਲਵਾਨ ਕੰਮ ਹੁੰਦਾ ਹੈ। ਆਪਣਿਆਂ ਦਾ ਮੋਹ ਬੜਾ ਭਾਰੂ ਹੁੰਦਾ ਹੈ। ਅਤੇ ਜੇ ਆਪਣੇ ਹੀ ਸਰਕਾਰੀਏ ਲੱਠਮਾਰ ਬਣ ਕੇ ਉਹ ਕੁਫ਼ਰ ਤੋਲਣ, ਉਹ ਕਹਿਰ ਢਾਹੁਣ ਜੋ ਬਿਗਾਨੇ ਵੀ ਢਾਹੁਣ ਤੋਂ ਸੰਕੋਚ ਕਰਨ ਤਾਂ ਫਿਰ ਕਵੀ ਕੀ ਕਰੇ ? ਉਹੀ ਕਰੇ ਜੋ ਹੁੰਦਲ ਨੇ ਕੀਤਾ ਹੈ। ਕਲਮ ਨੂੰ ਹਥਿਆਰ ਬਣਾ ਕੇ ਯੁੱਧ ਵਿੱਚ ਨਿੱਤਰੇ, ਚਾਹੇ ਉਸ ਦੀ ਕਲਮ ਨੂੰ ਕਿੱਡਾ ਵੱਡਾ ਮੁੱਲ ਕਿਉਂ ਨਾ ਤਾਰਨਾ ਪਵੇ। ਕਿਉਂਕਿ ਕਵਿਤਾ ਕਦੇ ਮਰਦੀ ਨਹੀਂ, ਕਵਿਤਾ ਕਦੇ ਸੰਗਦੀ ਨਹੀਂ। ਅਡੋਲ ਖੜੀ ਰਹਿੰਦੀ ਹੈ।

ਮਰਦੀ ਨਹੀਂ ਹੈ ਕਵਿਤਾ
ਲਾਠੀ ਜ਼ਰੂਰ ਤਿੜਕਦੀ ਹੈ।

ਇਹ ਵਰ੍ਹਦੀ ਅੱਗ ਵਿੱਚ
ਆਪਣੇ ਪੈਰਾਂ 'ਤੇ ਖਲੋਣਾ ਜਾਣਦੀ ਹੈ।
ਹਮਦਰਦ ਨੂੰ
ਬੇਦਰਦ ਨੂੰ
ਪਹਿਚਾਣਦੀ ਹੈ।
ਦੁੱਧ, ਪਾਣੀ ਛਾਣਦੀ ਹੈ।
ਜਾਣਦੀ ਹੈ।

ਇਸ ਕਾਵਿ-ਸੰਗ੍ਰਹਿ ਦੇ ਇਸ ਹਿੱਸੇ ਦੀਆਂ ਕਵਿਤਾਵਾਂ ਵਿਚੋਂ ਵਧੇਰੇ 'ਭਵਨ' ਨਾਲ ਜੁੜੀਆਂ ਹੋਈਆਂ ਕਵਿਤਾਵਾਂ ਹਨ। ਇਹ ਭਵਨ ਕੋਈ ਇੱਟਾਂ, ਪੱਥਰਾਂ ਦੀ ਬਿਲਡਿੰਗ ਨਹੀਂ ਸਗੋਂ ਇਹ ਤਾਂ ਇਕ ਚਿੰਨ੍ਹ ਹੈ। ਪਾਰਟੀ ਅਤੇ ਫਿਰ ਦੇਸ਼ ਚਲਾਉਣ ਵਾਲੀ ਲੀਡਰਸ਼ਿਪ ਦਾ ਚਿੰਨ੍ਹ। ਇਸ ਭਵਨ ਉਤੇ ਬੌਣੇ ਕਿਰਦਾਰ ਵਾਲੇ ਲੋਕ ਕਾਬਜ਼ ਹੋ ਗਏ ਹਨ। ਉੱਚੇ ਸੁੱਚੇ ਕਿਰਦਾਰਾਂ ਵਾਲੇ ਲੋਕ ਇਸ ਭਵਨ ਤੋਂ ਬਾਹਰ ਕੱਢ ਦਿੱਤੇ ਗਏ ਹਨ। ਤਾਂ ਹੀ ਤੇ ਦੇਸ਼ ਦੀ ਸਮੁੱਚੀ ਰਾਜਨੀਤੀ ਵੀ ਬੌਣੀ-ਸੌੜੀ ਹੋ ਗਈ ਹੈ। ਸਾਰੇ ਅਸੂਲ ਅਤੇ ਵਿਚਾਰ ਛਿੱਕੇ ਟੰਗ ਦਿੱਤੇ ਗਏ ਹਨ। ਚੁਫੇਰਗੜ੍ਹੀਏ ਰਾਜਨੀਤੀਵਾਨ 'ਬਾਬਿਆਂ' ਦਾ ਮੁੱਲ ਵਧ ਗਿਆ ਹੈ। ਸਰਕਾਰੀ ਸ਼ਹਿ ਪ੍ਰਾਪਤ ਕਰਨ ਲਈ ਕੋਝੇ ਹਥ ਕੰਡੇ ਵਰਤੇ ਜਾ ਰਹੇ ਹਨ। ਪਰ ਚਿੰਤਨਸ਼ੀਲ ਕਵੀ ਅਡੋਲ ਖੜਾ ਸੱਚ 'ਤੇ ਪਹਿਰਾ ਦੇ ਰਿਹਾ ਹੈ। ਹੁੰਦਲ ਨੇ ਬੇਬਾਕੀ ਨਾਲ ਇਸ ਰਾਜਨੀਤੀ 'ਤੇ ਵਿਅੰਗ ਕੱਸੇ ਹਨ, ਅਤੇ ਸਭ 'ਦਾਨਿਆਂ, ਪਰਧਾਨਿਆਂ' ਦੇ ਮੁਖੌਟੇ ਲਾਹ ਕੇ ਚੁਰਾਹੇ ਵਿੱਚ ਲੋਕਾਂ ਸਾਹਮਣੇ ਲਿਆਉਣ ਦਾ ਵੱਡਾ/ਅਹਿਮ ਕਾਰਜ ਕੀਤਾ ਹੈ।

ਸੂਹੇ ਰੰਗ ਦਾ
ਸੱਜਰੇ ਢੰਗ ਦਾ
ਉੱਚਾ ਭਵਨ ਉਦਾਸ ਖੜਾ ਹੈ।

ਇਹ ਵੀ ਦਿਨ ਆਉਣੇ ਸਨ
ਕਿ ਸਾਨੂੰ ਮੁਜਰਮਾਂ ਵਾਂਗ
ਲੋਕ-ਭਵਨ ਵਿਚੋਂ ਕੱਢਿਆ ਜਾਣਾ ਸੀ
ਤੇ ਤੁਰਨ ਲੱਗੇ, ਸਾਡੇ 'ਤੇ ਗੱਦਾਰੀ ਦੇ ਦੂਸ਼ਣ ਲੱਗਣੇ ਸੀ।

ਦੇਹ ਪਲਟ ਕੇ ਇਕ ਬਘਿਆੜ
ਭਵਨ ਦੀਆਂ ਪੌੜੀਆਂ ਚੜ੍ਹ ਆਇਆ
ਤੇ ਕਵਾਟਰਾਂ 'ਚ ਰਹਿਣ ਲੱਗਾ।

ਰਾਤ ਪੈਂਦੇ ਹੀ ਉਹ ਦੇਹ ਪਲਟਦਾ
ਤੇ ਆਪਣੀ ਮਦੀਨ ਨੂੰ ਵੱਢ ਵੱਢ ਖਾਂਦਾ
ਪਰ ਇਹ ਬਘਿਆੜ ਸਵੇਰ ਹੁੰਦੇ ਹੀ ਮਨੁੱਖ ਬਣ ਜਾਂਦਾ।

ਦੂਜੇ ਭਾਗ ਦੀਆਂ ਕਵਿਤਾਵਾਂ 'ਚੁੱਪ ਨਹੀਂ ਰਹਿ ਹੁੰਦਾ' ਸਿਰਲੇਖ ਹੇਠ ਦਰਜ ਹਨ। ਗਲਤ ਰਾਜਨੀਤੀ ਦੇ ਸਿੱਟੇ ਵਜੋਂ ਉਪਜੇ ਵਰਤਾਰਿਆਂ ਦਾ ਇਸ ਭਾਗ ਵਿੱਚ ਜ਼ਿਕਰ ਹੈ। ਕਵੀ ਦੇ 'ਨਿੱਜ' ਨਾਲ ਜੁੜੀਆਂ



ਕਵਿਤਾਵਾਂ ਹਨ। ਪਰ ਇਹ 'ਨਿੱਜ' ਪੂਰੇ ਵਿਸ਼ਵ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਸਮਾਜਿਕ/ਆਰਥਿਕ ਅਤੇ ਸਭਿਆਚਾਰਕ ਖੇਤਰ ਵਿੱਚ ਆ ਰਹੇ ਤਿੱਖੇ ਵਿਗਾੜਾਂ ਦੀ ਕਰੂਰਤਾ ਦੇ ਸ਼ਿਕਾਰ ਲੋਕਾਂ ਦੀਆਂ ਆਹਾਂ ਦਾ ਸੇਕ ਹੈ, ਵੇਦਨਾ ਹੈ, ਦਰਦ ਹੈ ਪਰ ਕਰੂਰਤਾ ਵਿਰੁੱਧ ਡਟਣ ਦਾ ਅਹਿਦ ਵੀ ਹੈ। 'ਵਿਸ਼ਵੀਕਰਣ' ਤੋਂ ਲੈ ਕੇ ਸੰਪਰਦਾਇਕਤਾ ਤੱਕ ਅਤੇ ਧੁਰ ਅੰਦਰਲੇ ਨਿੱਜ ਨੂੰ ਪੂਰੇ ਬ੍ਰਹਿਮੰਡ ਤੱਕ ਫੈਲਾਉਣ ਵਾਲੀਆਂ ਕਵਿਤਾਵਾਂ ਵਿੱਚ ਕਵੀ ਨੇ ਯਥਾਰਥ ਅਤੇ ਭਾਵਨਾਵਾਂ ਦੀ ਸਮੂਰਤ ਪੇਸ਼ਕਾਰੀ ਬੜੇ ਸਹਿਜ ਰੂਪ ਵਿੱਚ ਕੀਤੀ ਹੈ। ਵਿਦੇਸ਼ੀਂ ਜਾਣ ਦਾ ਰੁਝਾਨ/ਚਾਅ ਅਤੇ ਪਿੱਛੇ ਮਾਪਿਆਂ ਦੀਆਂ ਸਿਸਕੀਆਂ ਨੂੰ ਰੂਪਮਾਨ ਕਰਦੀਆਂ ਸੱਤ ਕਵਿਤਾਵਾਂ ਦੋਹਾਂ ਧਿਰਾਂ ਦੀ ਅੰਤਰ ਪੀੜਾ ਦੀ ਬੜੀ ਮਾਰਮਿਕ ਪੇਸ਼ਕਾਰੀ ਹੈ।

ਕਿੰਨਾ ਚਾਅ ਸੀ ਕਿ ਪੁੱਤ ਪਰਦੇਸ ਜਾਏਗਾ,
ਡਾਲਰ ਕਮਾਏਗਾ।
ਤੇ ਵਾਪਸ ਮੁੜਦਾ
ਗੋਰੀ ਚਿੱਟੀ ਲੰਮ ਸਲੰਮੀ ਇਕ ਮੇਮ ਲਿਆਵੇਗਾ।

ਕਿਸ ਦਾ ਜੀ ਕਰਦਾ ਹੈ
ਕਿ ਘਰ ਛੱਡ ਕੇ ਬੇਘਰਾ ਹੋ ਜਾਵੇ
ਤੇ ਪਰਵਾਸ ਦੀਆਂ ਠੋਕਰਾਂ ਖਾਵੇ।

ਪਰ ਇਸ ਜੀ ਨੂੰ ਪੁੱਛਣ ਦਾ ਵੇਲਾ
ਤਾਂ ਬਹੁਤ ਦੇਰ ਬਾਅਦ ਆਉਂਦਾ ਹੈ
(ਕਈ ਵਾਰ ਆਉਂਦਾ ਹੀ ਨਹੀਂ)

"ਮਿੱਤਰਾਂ ਤੋਂ ਬਿਨਾਂ" ਕਵਿਤਾ ਭਾਵੇਂ 'ਨਿੱਜ' ਨਾਲ ਜੁੜੇ ਜਜ਼ਬਾਤਾਂ ਦਾ ਪ੍ਰਗਟਾਵਾ ਹੈ, ਪਰ ਇਸਦੀ ਨੁਹਾਰ ਸਮੂਹ ਦੇ ਮੁਹਾਂਦਰੇ ਵਿਚੋਂ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦੀ ਹੈ।

ਕਿਰਦੇ ਕਿਰਦੇ ਯਾਰ ਪੁਰਾਣੇ ਕਿਰ ਚੱਲੇ।
ਰੁੱਖਾਂ ਦੇ ਪ੍ਰਛਾਵੇਂ ਸਿਰ ਤੋਂ ਫਿਰ ਚੱਲੇ।
ਤੁਰਿਆਂ ਜਾਂਦਾ/ਧੂੜ-ਕਣਾਂ ਦੇ ਨਾਲ ਯਰਾਨੇ ਪਾਉਂਦਾ ਹਾਂ।
ਪਿਘਲੇ ਦਿਲ ਨੂੰ ਬੱਚਿਆਂ ਵਾਂਗ ਵਰਾਉਂਦਾ ਹਾਂ।

ਸਮਾਜਿਕਤਾ ਵਿੱਚ ਉੱਭਰ ਰਹੀਆਂ ਅਨੈਤਿਕ ਪ੍ਰਵਿਰਤੀਆਂ, ਰਿਸ਼ਤਿਆਂ ਵਿੱਚ ਆ ਰਿਹਾ ਖੋਖਲਾਪਨ, ਕੋਲ ਰਹਿੰਦਿਆਂ ਵਧ ਰਹੇ ਫਾਸਲੇ. ਉਪਰੋਂ ਉਪਰੋਂ ਚਿਹਰਿਆਂ ਦੀ ਮੁਸਕਾਨ ਪਰ ਅੰਦਰੋਂ ਅੰਦਰ ਤਣਾਅ ਅਤੇ ਵਿਸ਼ਾਦ, ਦੰਭ ਅਤੇ ਢੀਠਤਾਈ ਦਾ ਆਲਮ. ਬੁੱਸੇ ਬੁੱਸੇ ਵਿਚਾਰਾਂ ਦੀ ਚਰਚਾ, ਮੰਡੀ ਸੱਭਿਆਚਾਰ ਅਤੇ ਹੋਰ ਕਿੰਨਾ ਕੁਝ ਹੈ ਜੋ ਕਵੀ ਨੇ ਇਸ ਭਾਗ ਦੀਆਂ ਕਵਿਤਾਵਾਂ ਵਿੱਚ ਪੇਸ਼ ਕੀਤਾ ਹੈ। ਪਰ ਉਹ ਚੁੱਪ ਨਹੀਂ, ਬੇਬਾਕ ਹੈ ਤੇ ਉਸਦੀ ਸੁਰ ਹੋਰ ਉੱਚੀ ਹੋ ਰਹੀ ਹੈ।

ਚੁੱਪ ਰਹਿਣਾ/ ਗੁੰਡਿਆਂ ਨਾਲ ਸਮਝੌਤਾ ਕਰਨ ਦਾ ਨਾਂ ਹੈ।
ਚੁੱਪ ਰਹਿਣਾ/ਕਾਤਲਾਂ ਦੀ ਟੋਲੀ ਦਾ ਅੰਗ ਬਣ ਜਾਣ ਦਾ ਸਬੂਤ ਹੈ।
ਚੁੱਪ ਰਹਿਣਾ/ਬੇਸ਼ਰਮੀ ਦੇ ਪਾਣੀਆਂ ਅੰਦਰ ਡੁੱਬ ਕੇ ਮਰ ਜਾਣ ਬਰਾਬਰ ਹੈ।
ਚੁੱਪ ਰਹਿਣਾ/ਵੇਸ਼ਵਾ ਦੇ ਚੁਬਾਰੇ ਚੜ੍ਹਨ ਵਰਗਾ ਕਰਮ ਹੈ।
ਚੁੱਪ ਰਹਿਣਾ/ਆਤਮਘਾਤ ਦਾ ਨਵਾਂ ਨਾਂ ਹੈ।

*—ਡਾ. ਸੁਰਿੰਦਰ ਸ਼ਾਂਤ, ਨਵੀਂ ਆਬਾਦੀ, ਧਾਰੀਵਾਲ (ਗੁਰਦਾਸਪੁਰ)*

## ਮੁਖ਼ਬਰੀ ਕਰਦੇ ਦਿਨ (ਕਵਿਤਾਵਾਂ)/ *ਹਰਭਜਨ ਸਿੰਘ ਹੁੰਦਲ*

'ਮੁਖ਼ਬਰੀ ਕਰਦੇ ਦਿਨ' ਹਰਭਜਨ ਸਿੰਘ ਹੁੰਦਲ ਦੀਆਂ ਨਵੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਜਿਸ ਵਿੱਚ ਉਹਨੇ ਪਿਛਲੇ ਦੋ ਤਿੰਨ ਸਾਲ ਵਿੱਚ ਲਿਖੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਇਹ ਦੋ ਸਾਲ ਪੰਜਾਬ ਦੀ ਕਮਿਊਨਿਸਟ ਲਹਿਰ ਵਿੱਚ ਭਿਆਨਕ ਸਾਲ ਸਨ। ਇਹਨਾਂ ਦੋ ਸਾਲਾਂ ਵਿੱਚ ਉਹ ਕੁਝ ਵਾਪਰ ਗਿਆ ਜਿਹੋ ਜਿਹਾ ਖੱਬੀ ਲਹਿਰ ਦੇ ਇਤਿਹਾਸ ਵਿੱਚ ਪਹਿਲਾਂ ਨਹੀਂ ਵਾਪਰਿਆ ਸੀ। ਇਹਨਾਂ ਸਾਲਾਂ ਨੇ ਲਹਿਰ ਵਿਚਲੇ ਤੇ ਲਹਿਰ ਦੇ ਬਾਹਰ ਬੈਠੇ ਲੋਕਾਂ ਨੂੰ ਬਹੁਤ ਦੁਖੀ, ਪੀੜ ਗ੍ਰਸਤ ਤੇ ਚੇਤੰਨ ਕੀਤਾ ਹੈ। ਪੰਜਾਬ ਅੰਦਰ ਪਹਿਲੀ ਵੇਰ ਸਥਾਪਿਤ ਲੀਡਰਸ਼ਿਪ ਵਿਰੁੱਧ ਗੁੱਸੇ ਦੀ ਇਕ ਕਾਂਗ ਉਠੀ ਤੇ ਸਥਾਪਿਤ ਲੀਡਰਸ਼ਿਪ ਦੀਆਂ ਗਿਣਤੀਆਂ-ਮਿਣਤੀਆਂ ਨੂੰ ਢਹਿ-ਢੇਰੀ ਕਰ ਦਿੱਤਾ। ਹਰਭਜਨ ਸਿੰਘ ਹੁੰਦਲ ਇਸ ਲਹਿਰ ਦਾ ਇਕ ਅੰਗ ਹੈ, ਜੋ ਕੁਝ ਵਾਪਰਿਆ ਉਸਦਾ ਪ੍ਰਭਾਵ ਇਸ ਉੱਤੇ ਬਹੁਤ ਡੂੰਘਾ ਹੋਇਆ, ਅਤੇ ਉਹਨੇ ਆਪਣੀ ਕਲਮ ਨਾਲ ਇਸ ਬਾਰੇ ਪ੍ਰਤੀਕਰਮ ਪੇਸ਼ ਕੀਤਾ। ਹਥਲੇ ਸੰਗ੍ਰਹਿ ਦੀਆਂ ਵਧੇਰੇ ਕਵਿਤਾਵਾਂ ਇਸੇ ਪ੍ਰਤੀਕਰਮ ਨੂੰ ਬਿਆਨ ਕਰਦੀਆਂ ਹਨ।

ਹਰਭਜਨ ਸਿੰਘ ਹੁੰਦਲ ਲੰਮੇ ਸਮੇਂ ਤੋਂ ਲਹਿਰ ਦੇ ਵਿੱਚ ਹੈ। ਇਸ ਦੌਰਾਨ ਲਹਿਰ ਅੰਦਰ ਕਈ ਮੋੜ ਆਏ ਅਤੇ ਹਰ ਮੋੜ ਉੱਤੇ ਕੁਝ ਨਾਂ ਕੁਝ ਲੋਕ ਆਪਣੇ ਗਿੱਟੇ-ਗੋਡੇ ਭੰਨਵਾ ਕੇ, ਅਪਾਹਜ ਹੋ ਕੇ, ਡਿੱਗਦੇ ਰਹੇ, ਪਰੰਤੂ ਹਰਭਜਨ ਸਿੰਘ ਹੁੰਦਲ ਇਹਨਾਂ ਸਾਰੇ ਮੋੜਾਂ ਤੋਂ ਬਚਦਾ ਹੋਇਆ ਸੁਰਖ਼ ਪਰਚਮ ਲੈ ਕੇ ਅੱਗੇ ਵਧਦਾ ਰਿਹਾ। ਹੁਣ ਵਾਲਾ ਮੋੜ ਪਹਿਲੇ ਮੋੜਾਂ ਨਾਲੋਂ ਬਹੁਤ ਖ਼ਤਰਨਾਕ ਸੀ, ਇਸਨੂੰ ਲੰਘਣਾ ਬਹੁਤ ਔਖਾ ਸੀ। ਇੱਥੇ ਵੀ ਬਹੁਤ ਸਾਰੇ ਲੋਕ ਡਿੱਗ ਪਏ, ਪਰੰਤੂ ਹਰਭਜਨ ਸਿੰਘ ਹੁੰਦਲ ਫੇਰ ਮੈਦਾਨ ਵਿੱਚ ਨਿੱਤਰ ਆਇਆ। ਪਰੰਤੂ ਉਹ ਇਕ ਕਵੀ ਹੈ ਅਤੇ ਆਪਣੀ ਗੱਲ ਕਵਿਤਾ ਰਾਹੀਂ ਕਹਿੰਦਾ ਹੈ। ਉਸਦੀ ਪ੍ਰਤੀਬੱਧਤਾ ਮਜ਼ਦੂਰ ਸਮਾਜ ਦੀ ਪਾਰਟੀ ਨਾਲ ਹੈ। ਜਿਸਤੋਂ ਉਹਨੇ ਜੀਵਨ-ਜਾਚ ਸਿੱਖੀ ਤੇ ਸੰਘਰਸ਼ ਕਰਨਾ ਸਿੱਖਿਆ। ਸੰਗ੍ਰਹਿ ਦੇ ਮੁੱਢ ਵਿੱਚ ਉਹ ਇਸੇ ਪਾਰਟੀ ਦੇ ਰਵੱਈਏ ਤੋਂ ਦੁਖੀ ਤੇ ਨਿਰਾਸ਼ ਹੈ। ਉਹ ਕਹਿੰਦਾ ਹੈ :

ਤੂੰ ਜੇ ਮੱਥੇ ਵੱਟ ਪਾਇਆ ਹੈ,  
ਨਾਲ ਹੋਰਵੇ ਪਿਆ ਠਰਾਂ।

ਚੁੱਪ ਦੀ ਬੁੱਕਲ ਮਾਰੀ ਰੱਖਾਂ  
ਆਪਣੇ ਆਪ ਤੋਂ ਬੈਠ ਪਰ੍ਹਾਂ।

ਪਰੰਤੂ ਉਹਨੇ ਸਾਲਾਂ ਦੇ ਸੰਘਰਸ਼ ਵਿੱਚ ਬਹੁਤ ਕੁਝ ਸਿੱਖਿਆ ਹੈ। ਇਸ ਲਈ ਕਹਿੰਦਾ ਹੈ।

ਪਰ ਮੇਰਾ ਦਿਲ ਭਰਦਾ ਸ਼ਾਹਦੀ  
ਇਹ ਦਿਨ ਇੰਝ ਨਾ ਰਹਿਣੇ ਨੇ।  
ਸੱਚ ਦਾ ਸੂਰਜ ਬਾਹਰ ਨਿਕਲਿਆ  
ਸ਼ੱਕ ਦੇ ਪਰਦੇ ਲਹਿਣੇ ਨੇ।  
ਪਹਿਲੀ ਵਾਛੜ ਧੋਤੇ ਜਾਣੇ  
ਕੂੜੇ ਬੋਲ ਕੁਲਹਿਣੇ ਨੇ।

ਇੱਕ ਉੱਘੇ ਚਿੰਤਕ ਨੇ ਕਿਹਾ ਹੈ ਕਿ ਪਾਰਟੀ ਅੰਦਰਲਾ ਸੰਘਰਸ਼ ਬਾਹਰਲੇ ਜਮਾਤੀ ਸੰਘਰਸ਼ ਦਾ ਹੀ ਅਕਸ ਹੁੰਦਾ ਹੈ। ਇਸ ਲਈ ਹੁੰਦਲ ਦ੍ਰਿੜ ਹੋ ਕੇ ਮੈਦਾਨ ਵਿੱਚ ਨਿੱਤਰਦਾ ਹੈ ਅਤੇ ਵਿਰੋਧੀਆਂ ਦੇ ਟਿਕਾਣੇ 'ਤੇ ਕਾਵਿ-ਗੋਲੇ ਬਰਸਾਉਂਦਾ ਹੈ। ਸਭ ਤੋਂ ਪਹਿਲਾਂ ਗੋਲਾ ਉੱਚੇ ਭਵਨ 'ਤੇ ਸੁੱਟਦਾ ਹੈ। ਉਹ ਕਹਿੰਦਾ ਹੈ :

ਦਿਨੇ—ਦਿਹਾੜੀ  
ਹੁਣ ਇਥੇ ਪਛਾਵੇਂ ਘੁੰਮਣ  
ਜਾਂ ਲਟਕਣ ਜਾਲੇ, ਚਮਗਿੱਦੜ



ਭੂਤ-ਪ੍ਰੇਤ,  
ਵਚਿੱਤਰ ਸਾਏ  
ਸਹਿਮੇ ਰਹਿਣ ਸਦਾ ਹਮਸਾਏ।

ਇਸ ਪਿੱਛੋਂ ਜਿੰਨੀਆਂ ਵੀ ਕਵਿਤਾਵਾਂ ਉਹਨੇ ਲਿਖੀਆਂ ਹਨ ਉਹ ਇਸੇ ਬੇਕਿਰਕ ਸੰਘਰਸ਼ ਦੀਆਂ ਪ੍ਰਤੀਕ ਹਨ। ਕਵਿਤਾ 'ਮੇਰੇ ਰਹਿਬਰ', 'ਚਮਚਾ ਸਿੰਘ ਦਾ ਦੁਖਾਂਤ', 'ਮੁਖ਼ਬਰੀ ਕਰਦੇ ਦਿਨ', 'ਰੁੱਝੇ ਹੋਏ', 'ਪੇਸ਼ੀ', ਗੱਲ ਕੀ ਜਿੰਨੀਆਂ ਕਵਿਤਾਵਾਂ ਨੇ ਉਹ ਵਿਰੋਧੀਆਂ ਨੂੰ ਨੰਗਾ ਕਰਦੀਆਂ ਹਨ। ਇਹ ਕਵਿਤਾਵਾਂ ਗੰਭੀਰ ਮਸਲਿਆਂ ਨੂੰ ਪੇਸ਼ ਕਰਦੀਆਂ ਵੀ ਕਲਾ ਤੋਂ ਸੱਖਣੀਆਂ ਨਹੀਂ ਹਨ। ਹਕੀਕਤ ਵਿੱਚ ਇਹ ਲਹਿਰ ਦੇ ਨਾਇਕਾਂ ਤੇ ਖਲਨਾਇਕਾਂ ਨੂੰ ਪੇਸ਼ ਕਰਦੀਆਂ ਇੱਕ ਇਤਿਹਾਸ ਹਨ।

ਦੂਜੇ ਭਾਗ ਵਿੱਚ ਬਹੁਤੀਆਂ ਕਵਿਤਾਵਾਂ ਸਰੋਦੀ ਹਨ ਤੇ ਉਸਦੇ ਨਿੱਜੀ ਦੁੱਖਾਂ ਤਕਲੀਫ਼ਾਂ ਨੂੰ ਬਿਆਨ ਕਰਦੀਆਂ ਹਨ। ਕਦੇ ਭਰਾ ਦੇ ਵਿਛੋੜੇ ਦੀ ਯਾਦ ਆਉਂਦੀ ਹੈ, ਕਦੇ ਰੁੱਸ ਗਏ ਮਿੱਤਰਾਂ ਦਾ ਜ਼ਿਕਰ ਕਰਦਾ ਹੈ ਕੇ ਕਦੇ ਪ੍ਰਦੇਸ ਗਏ ਪੁੱਤਰ ਨੂੰ ਯਾਦ ਕਰਦਾ ਹੈ। ਹਕੀਕਤ ਵਿੱਚ ਵਿਅਕਤੀ ਕਿੰਨਾ ਵੀ ਤਕੜਾ, ਸੰਘਰਸ਼ਸ਼ੀਲ ਤੇ ਯੋਧਾ ਹੋਵੇ ਪਰ ਹੁੰਦਾ ਤਾਂ ਉਹ ਮਨੁੱਖ ਹੀ ਹੈ। ਇਸੇ ਤਰ੍ਹਾਂ ਹੁੰਦਲ ਇੱਕ ਸੰਘਰਸ਼ਸ਼ੀਲ ਮਨੁੱਖ ਹੈ, ਉਥੇ ਸੰਵੇਦਨਸ਼ੀਲ ਕਵੀ ਵੀ ਹੈ। ਉਹ ਜਿੱਥੇ ਇਕ ਪਾਸੇ ਕਲਮ ਲੈ ਕੇ ਰਣਤੱਤੇ ਵਿੱਚ ਡਟਿਆ ਹੈ ਤੇ ਵਿਰੋਧੀਆਂ ਦੇ ਵਾਰ ਰੋਕ ਕੇ ਉਲਟੇ ਵਾਰ ਕਰ ਰਿਹਾ ਹੈ, ਉੱਥੇ ਉਹ ਇੱਕ ਕਵੀ ਜੋ ਦੁੱਖ, ਪੀੜ, ਵਿਛੋੜੇ ਦਾ ਦਰਦ ਵੀ ਸੀਨੇ ਵਿੱਚ ਲਈ ਖੜਾ ਹੈ। ਹਥਲੇ ਸੰਗ੍ਰਹਿ ਵਿੱਚ ਹਰਭਜਨ ਸਿੰਘ ਹੁੰਦਲ ਸੋਚ ਪੱਖੋਂ ਸਪਸ਼ਟ ਦ੍ਰਿੜ, ਕਲਾ ਪੱਖੋਂ ਨਿਪੁੰਨ ਹੋ ਨਿਬੜਿਆ ਹੈ। ਸਾਨੂੰ ਮਾਣ ਹੈ ਕਿ ਉਹ ਸਾਡੀਆਂ ਸਫਾਂ ਵਿੱਚ ਆਪਣਾਂ ਢੁੱਕਵਾਂ ਸਥਾਨ ਮੱਲੀ ਬੈਠਾ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਲੜੇ ਜਾਣ ਵਾਲੇ ਵਿਚਾਰਧਾਰਕ ਸੰਘਰਸ਼ ਵਿੱਚ ਹੱਲਾਸ਼ੇਰੀ ਦਾ ਕੰਮ ਦੇਣਗੀਆਂ। ਲੋਕਾਂ ਲਈ ਲਿਖਣ ਵਾਲੇ ਕਲਾਕਾਰ ਦਾ ਇਹੋ ਉੱਤਮ ਗੁਣ ਹੁੰਦਾ ਹੈ। ਆਸ ਹੈ ਕਿ ਹੁੰਦਲ ਇਸ ਗੁਣ ਨੂੰ ਹੋਰ ਨਿਖਾਰ ਕੇ ਪੇਸ਼ ਕਰਦਾ ਰਹੇਗਾ। *—ਸੁਰਜੀਤ ਗਿੱਲ*

---

## ਗ਼ਜ਼ਲ / *ਸੁਰਜੀਤ*

ਰਾਤ ਭਰ ਹੀ ਪੰਛੀਆਂ ਦੇ ਆਲ੍ਹਣੇ ਸੜਦੇ ਰਹੇ।  
ਮਾਲੀ ਬੈਠੇ ਰੌਸ਼ਨੀ 'ਤੇ ਤਬਸਰਾ ਕਰਦੇ ਰਹੇ।

ਉਹ ਬਣਾ ਦਿੱਤੀ ਉਨ੍ਹਾਂ ਨੇ, ਮਗਰਮੱਛਾਂ ਦੀ ਪਨਾਹ,  
ਜਿਸ ਤਲਾਅ 'ਚੋਂ ਲੋਕ ਅਕਸਰ, ਮੱਛੀਆਂ ਫੜਦੇ ਰਹੇ।

ਫੁੱਲ, ਪੱਤੇ, ਟਾਹਣੀਆਂ, ਹਰ ਰੁੱਖ ਲਈ ਰੋਣਾ ਪਊ,  
ਜੋ ਹਿਫ਼ਾਜ਼ਤ ਤਿਤਲੀਆਂ ਦੀ ਕਰਨ ਤੋਂ ਡਰਦੇ ਰਹੇ।

ਉਹ ਮਸੀਹੇ ਬਣਨ ਦੀ ਭੁੱਖ ਵਾਸਤੇ, ਬੇ-ਵਕਤ ਹੀ,  
ਬਾਂਝ ਹੋਈਆਂ ਸੂਲੀਆਂ 'ਤੇ ਬੇ-ਵਜ੍ਹਾ ਚੜ੍ਹਦੇ ਰਹੇ।

ਪੰਡਿਆਂ ਦੇ ਨਾਲ ਨਿਭਣਾ ਸੀ, ਉਨ੍ਹਾਂ ਨੇ ਕਿਸ ਤਰ੍ਹਾਂ,  
ਜੋ ਹਮੇਸ਼ਾਂ ਚੰਦ ਠਾਹਰਾਂ, ਵਾਸਤੇ ਲੜਦੇ ਰਹੇ।

ਏਸ ਪਾਸੇ ਮੈਂ ਉਨ੍ਹਾਂ ਖ਼ਾਤਿਰ ਸਦਾ ਮਘਦਾ ਰਿਹਾ,  
ਓਸ ਪਾਸੇ ਸੇਕ ਹੀਣੇ, ਉਹ ਸਦਾ ਠਰਦੇ ਰਹੇ।

ਹੋਣਗੇ 'ਸੁਰਜੀਤ' ਕਿੱਦਾਂ, ਵੰਝਲੀ ਦੀ ਹੂਕ 'ਚੋਂ,  
ਜ਼ਿਹਨ ਅੰਦਰ ਜ਼ਹਿਰ ਲੈ ਕੇ, ਜੋ ਝਨਾਅ ਤਰਦੇ ਰਹੇ।

## ਮੇਰੀ ਮਾਰਫ਼ਤ (ਪ੍ਰਮਿੰਦਰਜੀਤ) / *ਹਰਵਿੰਦਰ ਭੰਡਾਲ*

ਸਧਾਰਨ ਭਾਸ਼ਾ ਨੂੰ ਨਵੀਂ ਕਵਿਤਾ ਦੀ ਭਾਸ਼ਾ ਵਿਚ ਰੁਪਾਂਤਰਤ ਕਰਨ ਦਾ ਕਰਮ ਹੀ ਇਕ ਸਧਾਰਨ ਮਨੁੱਖ ਨੂੰ ਸਿਰਜਣਾਤਮਕ ਕਵੀ ਬਣਾਉਂਦਾ ਹੈ। ਕਵਿਤਾ ਦੀ ਇਸ ਨਵੀਂ ਭਾਸ਼ਾ ਦੀ ਟੇਕ ਧੁਨੀ ਅਧਾਰਤ ਸੰਗੀਤ ਤੋਂ ਲੈ ਕੇ ਚਿਹਨੀਕਰਨ ਦੀ ਪ੍ਰਕਿਰਿਆ ਤਕ ਹੋ ਸਕਦੀ ਹੈ। ਕਾਵਿ-ਸਿਰਜਣਾ ਇਕ ਗੁੰਝਲਦਾਰ ਪ੍ਰਕਿਰਿਆ ਹੈ, ਜਿਸ ਦੌਰਾਨ ਕਵੀ ਦਾ ਸੁਚੇਤ, ਅਰਧ-ਚੇਤਨ, ਅਵਚੇਤਨ, ਪ੍ਰਸਥਿਤੀਆਂ, ਅਨੁਭਵ, ਵਿਵਹਾਰ, ਇਤਿਹਾਸ. ਮਿਥਿਹਾਸ, ਸੰਵੇਦਨਾ ਆਦਿ ਸਭ ਪਾਸਾਰ ਇਕ ਵਿਸ਼ੇਸ਼ ਵਿਧਾਨ ਵਿਚ ਬੱਝ ਜਾਂਦੇ ਹਨ। ਇਹ ਵਿਸ਼ੇਸ਼-ਵਿਧਾਨ ਹੀ ਕਿਸੇ ਵਿਸ਼ੇਸ਼ ਕਾਵਿ-ਪਾਠ ਨੂੰ ਜਨਮ ਦਿੰਦਾ ਹੈ। ਕਵੀ ਨਾਲ ਸਬੰਧਤ ਵੱਖ-ਵੱਖ ਪਾਸਾਰ ਅਤੇ ਸਰੋਕਾਰ ਜਿਥੇ ਸਿਰਜਣਾ ਨੂੰ ਇਕ ਵਿਸ਼ੇਸ਼ ਵਿਧਾਨ ਅਤੇ ਵਿਵੇਕ ਤਕ ਪਹੁੰਚਾਉਣ ਦਾ ਯਤਨ ਕਰਦੇ ਹਨ, ਉਥੇ ਨਾਲ ਹੀ ਸਿਰਜਣਾ ਦੇ ਮੁਕੰਮਲ ਹੋਣ ਉਪਰੰਤ ਕਾਵਿ-ਪਾਠ ਦੀ ਬਣਤਰ ਤੇ ਬੁਣਤਰ ਵਿਚ ਸਥਿਤ ਹੋ ਗਏ ਕਾਵਿਕ-ਤੱਤ, ਉਸਦੀ ਸਿਰਜਣਾ ਨੂੰ ਪਹੁੰਚ ਅਤੇ ਅਰਥਾਂ ਦੇ ਪੱਖ ਤੋਂ ਫਿਰ ਬਹੁਪਾਸਾਰੀ ਬਣਾ ਦਿੰਦੇ ਹਨ। ਇਸੇ ਕਾਰਨ ਕਿਸੇ ਇਕ ਹੀ ਕਾਵਿ-ਪਾਠ ਨੂੰ ਵੱਖ-ਵੱਖ ਵਿਅਕਤੀ, ਆਪਣੇ ਵੱਖ-ਵੱਖ ਅਨੁਭਵ ਅਤੇ ਸੰਵੇਦਨਾ ਕਾਰਨ, ਵੱਖਰਾ-ਵੱਖਰਾ ਸਮਝ, ਜਾਣ ਤੇ ਮਾਣ ਸਕਦੇ ਹਨ। ਅਰਥ-ਸਿਰਜਣਾ ਹਮੇਸ਼ਾ ਹੀ ਕਾਵਿ-ਸਿਰਜਣਾ ਦੀ ਪਹੁੰਚ-ਬਿੰਦੂ ਹੁੰਦੀ ਹੈ, ਇਸੇ ਲਈ ਕਾਵਿ-ਪਾਠ ਵਿਚੋਂ ਇਹਨਾਂ ਸਪਸ਼ਟ ਜਾਂ ਲੁਪਤ ਅਰਥਾਂ ਦੀ ਪੁਨਰ-ਪਛਾਣ ਕਰਨੀ ਹੀ ਸਭ ਤੋਂ ਮੁਢਾ ਸਮੀਖਿਆਈ ਕਰਮ ਬਣ ਜਾਂਦਾ ਹੈ। ਇਹ ਸਮੀਖਿਆਈ ਕਰਮ ਕਿਸੇ ਪਾਠ ਦੇ ਬਾਹਰੀ ਵਿਚਾਰਧਾਰਾਈ ਧਰਾਤਲ ਦੇ ਅਧਿਐਨ ਰਾਹੀਂ ਵੀ ਕੀਤਾ ਜਾ ਸਕਦਾ ਹੈ, ਪਰੰਤੂ ਵਸਤੂ ਅਤੇ ਰੂਪ ਦੇ ਦਵੰਦਾਤਮਕ ਸੰਬੰਧਾਂ ਕਾਰਨ, ਪਾਠ ਵਿਚਲੀਆਂ ਰੂਪਾਕਾਰਕ ਜੁਗਤਾਂ ਅਤੇ ਚਿਹਨਾਂ ਦੇ ਵਿਸ਼ਲੇਸ਼ਣ ਦੁਆਰਾ ਅਰਥਾਂ ਦੀ ਤਲਾਸ਼ ਵਧੇਰੇ ਪ੍ਰਮਾਣਕ ਬਣ ਜਾਂਦੀ ਹੈ।

ਪ੍ਰਮਿੰਦਰਜੀਤ ਪੰਜਾਬੀ ਦਾ ਉਹ ਕਵੀ ਹੈ, ਜਿਸਦੀ ਕਵਿਤਾ ਨੇ ਆਪਣੀ ਉਮਰ ਤੋਂ ਪਹਿਲਾਂ ਹੀ ਪੰਜਾਬੀ ਕਵਿਤਾ ਉਤੇ ਚੋਖਾ ਪ੍ਰਭਾਵ ਦਰਸਾ ਦਿੱਤਾ ਹੈ। **ਲਿਖਤੁਮ ਪ੍ਰਮਿੰਦਰਜੀਤ** ਦੇ ਪ੍ਰਕਾਸ਼ਨ ਪਿਛੋਂ ਨਵੀਂ ਪੰਜਾਬੀ ਕਵਿਤਾ ਬਿੰਬਾਂ-ਚਿਹਨਾਂ ਦੀ ਸੰਘਣੀ ਜੜ੍ਹਤ ਦਾ ਨਮੂਨਾ ਬਣ ਗਈ ਸੀ ਤੇ ਪੰਜਾਬ ਸੰਕਟ ਦੌਰਾਨ ਲਿਖੀ ਗਈ ਕਵਿਤਾ ਵੀ ਪ੍ਰਸਥਿਤੀਆਂ ਦੀ ਮਜਬੂਰੀ ਕਾਰਨ, ਇਸੇ ਰੂਪਾਕਾਰਕ ਜੁਗਤ ਤੇ ਵਿਸ਼ੇਸ਼ਤਾ ਨਾਲ ਹੀ ਜੁੜੀ ਰਹੀ। ਸਿਰਫ਼ ਪੰਜਾਬ ਸੰਕਟ ਤੋਂ ਬਾਅਦ ਪੰਜਾਬੀ ਕਵਿਤਾ ਹੀ ਆਪਣੀ ਅਭਿਵਿਅਕਤੀ ਦੇ ਨਵੇਂ ਰੂਪ ਖੋਜਣ ਵਿਚ ਸਫਲ ਹੋਈ ਹੈ। ਬਿੰਬਾਂ-ਚਿਹਨਾਂ ਦੀ ਸੰਘਣੀ ਜੜ੍ਹਤ ਬਾਰੇ ਇਕ ਵਿਸ਼ੇਸ਼ ਗੱਲ ਇਹ ਹੈ ਕਿ ਪ੍ਰਮਿੰਦਰਜੀਤ ਦੀ ਕਵਿਤਾ ਵਿਚ ਇਹ ਇਕ ਅਨੁਸ਼ਾਸਨ ਅਤੇ ਇਕਾਗਰਤਾ ਵਿਚ ਬੱਝੀ ਹੋਣ ਕਾਰਨ ਕਵਿਤਾ ਦੇ ਨਵੇਂ ਸੁਹਜਾਤਮਕ ਪ੍ਰਤੀਮਾਨ ਪੈਦਾ ਕਰ ਦਿੰਦੀ ਹੈ। ਪ੍ਰੰਤੂ ਪ੍ਰਮਿੰਦਰਜੀਤ ਤੋਂ ਬਾਅਦ ਦੇ ਬਹੁਤ ਸਾਰੇ ਨਵੇਂ ਕਵੀਆਂ ਨੇ, ਜੋ ਦਰਅਸਲ ਦੋਅਮ ਦਰਜੇ ਦੇ ਕਵੀ ਹੀ ਹਨ, ਇਸ ਅਨੁਸ਼ਾਸਤ ਅਤੇ ਇਕਾਗਰ ਜੜ੍ਹਤ ਨੂੰ ਮਹਿਜ਼ ਚਿਹਨਾਂ ਅਤੇ ਬਿੰਬਾਂ ਦੇ ਅਰਥਹੀਣ ਜਾਲ ਵਿਚ ਘਟਾ ਕੇ, ਕਵਿਤਾ ਰੂਪੀ ਅਜਿਹੇ ਭੰਬਲ ਭੂਸਿਆਂ ਨੂੰ ਜਨਮ ਦਿੱਤਾ ਹੈ ਕਿ ਕਵਿਤਾ ਨੂੰ ਆਪ ਵੀ ਇਹਨਾਂ ਤੋਂ ਮੁਕਤੀ ਦਾ ਰਾਹ ਤਲਾਸ਼ਣਾ ਪਿਆ ਹੈ।

ਪ੍ਰਮਿੰਦਰਜੀਤ ਦੀ ਕਵਿਤਾ ਦੀ ਰੂਪਾਕਾਰਕ ਵਿਸ਼ੇਸ਼ਤਾ ਕਾਰਨ ਹੀ ਉਸਦੇ ਚਿਹਨ-ਪ੍ਰਬੰਧ ਨੂੰ ਕੇਂਦਰ ਵਿਚ ਰੱਖ ਕੇ, ਉਸ ਦੇ ਅਰਥ ਸੰਸਾਰ ਤੱਕ ਪਹੁੰਚਣ ਦੀ ਕੋਸ਼ਿਸ਼ ਵਧੇਰੇ ਕਾਰਗਰ ਹੋਵੇਗੀ। **ਮੇਰੀ ਮਾਰਫਤ** ਦੀਆਂ ਸੰਘਣੀਆਂ ਕਵਿਤਾਵਾਂ ਵਿਚੋਂ ਮੈਂ ਵਿਸ਼ਲੇਸ਼ਣ ਲਈ ਤਿੰਨ ਚਿਹਨ 'ਖਿੜਕੀ', 'ਜ਼ਿੰਦਗੀ', ਅਤੇ 'ਨਜ਼ਮ' ਚੁਣੇ ਹਨ, ਜੋ ਮੈਨੂੰ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਦੇ ਕੇਂਦਰੀ ਚਿਹਨ ਜਾਪਦੇ ਹਨ। **ਮੇਰੀ



ਮਾਰਫ਼ਤ** ਦੇ ਸਮੁੱਚੇ ਅਰਥਾਂ ਦੀਆਂ ਤੰਦਾਂ ਚਿਹਨਾਂ ਨਾਲ ਹੀ ਜੁੜੀਆਂ ਹੋਈਆਂ ਹਨ। 'ਖਿੜਕੀ', 'ਜ਼ਿੰਦਗੀ' ਤੇ 'ਨਜ਼ਮ' ਤਿੰਨ ਵਿਭਿੰਨ ਚਿਹਨ ਹੁੰਦੇ ਹੋਇਆਂ ਵੀ ਬਹੁਤ ਥਾਵਾਂ ਉੱਤੇ ਰਲਗੱਡ ਹੁੰਦੇ (overlap) ਪ੍ਰਤੀਤ ਹੁੰਦੇ ਹਨ। ਇਹਨਾਂ ਚਿਹਨਾਂ ਦੀ ਰਲਗੱਡਤਾ, ਵਿਭਿੰਨਤਾ ਤੇ ਅੰਤਰ-ਸਬੰਧਤਾ ਹੀ **ਮੇਰੀ ਮਾਰਫਤ** ਦੇ ਅਰਥ ਸੰਸਾਰ ਦੀ ਕੁੰਜੀ ਹੈ।

'ਖਿੜਕੀ' **ਮੇਰੀ ਮਾਰਫ਼ਤ** ਦੇ ਅਰਥ-ਸੰਸਾਰ ਦਾ ਵਿਚਕਾਰਲਾ ਬਿੰਦੂ (ਕੇਂਦਰੀ ਨਹੀਂ) ਹੈ, ਜਿਸ ਉੱਤੇ ਸਥਿਤ ਹੋ ਕੇ ਕਵਿਤਾ ਪਿਛਾਂਹ ਅਤੇ ਅਗਾਂਹ ਵੱਲ ਫੈਲਦੀ ਹੈ। ਇਹ ਬਿੰਦੂ ਪੁਸਤਕ ਦੀਆਂ ਸ਼ੁਰੂ ਦੀਆਂ ਕਵਿਤਾਵਾਂ ਵਿਚੋਂ ਇਕ 'ਖਿੜਕੀ' ਵਿਚ ਹੀ ਸਥਾਪਤ ਹੋ ਜਾਂਦਾ ਹੈ। ਇਸ ਕਵਿਤਾ ਵਿਚ ਖਿੜਕੀ, ਘਰ ਅਤੇ ਸੜਕਾਂ ਦੇ ਵਿਚਕਾਰਲਾ ਬਿੰਦੂ ਹੈ। ਘਰ ਪ੍ਰਮਿੰਦਰਜੀਤ ਲਈ ਕੁਝ ਆਦਰਸ਼ ਕਦਰਾਂ-ਕੀਮਤਾਂ ਤੇ ਸੁਪਨਿਆਂ-ਕਾਮਨਾਵਾਂ ਦਾ ਚਿਹਨ ਹੈ, ਜਦ ਕਿ ਸੜਕਾਂ ਉਸ ਵਿਪਰੀਤ ਅਤੇ ਕਰੂਰ ਯਥਾਰਥ ਦਾ ਜੋ ਸਭਨਾਂ ਆਦਰਸ਼ਾਂ ਤੇ ਸੁਪਨਿਆਂ-ਕਾਮਨਾਵਾਂ ਨੂੰ ਜਾਂ ਤਾਂ ਕਤਲ ਕਰ ਰਿਹਾ ਹੈ ਤੇ ਜਾਂ ਅਜਿਹਾ ਰੂਪ ਦੇ ਰਿਹਾ ਹੈ, ਜੋ ਆਪਣੇ-ਆਪ ਵਿਚ ਹੀ ਉਲਟ-ਭਾਵੀ ਹੈ। ਇਸ ਤਰ੍ਹਾਂ ਇਸ ਵਿਚਕਾਰਲੇ ਬਿੰਦੂ ਦੇ ਰੂਪ ਵਿਚ ਖਿੜਕੀ ਉਸ ਦ੍ਰਿਸ਼ਟੀ ਦਾ ਚਿਹਨ ਵੀ ਬਣ ਜਾਂਦੀ ਹੈ, ਜੋ ਸਧਾਰਨ ਵਸਤਾਂ-ਵਰਤਾਰਿਆਂ ਨੂੰ ਕਾਵਿਕ ਰੂਪ ਬਖਸ਼ਦੀ ਹੈ। 'ਧੁੰਦ 'ਚ ਵੇਖਦੀ ਅੱਖ' ਕਵਿਤਾ ਵਿਚ 'ਨਜ਼ਰ' ਇਹੀ ਖਿੜਕੀ ਹੀ ਹੈ। 'ਬਹੁਤ ਕੁਝ ਹੁੰਦੇ ਹਾਂ ਅਸੀਂ' ਵਿਚ ਫਿਰ ਖਿੜਕੀ ਦਾ ਚਿਹਨ ਪ੍ਰਗਟ ਹੁੰਦਾ ਹੈ। ਇਸ ਕਵਿਤਾ ਵਿਚ ਖਿੜਕੀ ਨੈਤਿਕ ਸੰਕਲਪਾਂ ਨੂੰ ਪਰ੍ਹਾਂ ਕਰਕੇ ਮਸਨੂਈ ਜ਼ਿੰਦਗੀ ਨਾਲ ਸਬੰਧਤ ਹੋ ਜਾਂਦੀ ਹੈ, ਪਰੰਤੂ ਇਸ ਚਿਹਨ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਿਸੇ ਵੀ ਸਰੋਕਾਰ ਨੂੰ ਪੂਰਨ ਰੂਪ ਵਿਚ ਮੁਕਤ ਸਥਿਤੀ ਵਿਚ ਨਹੀਂ ਵਿਚਰਨ ਦਿੰਦੀ। ਸਥਿਤੀ ਦੀਆਂ ਦੋ ਜਾਂ ਬਹੁ-ਦਿਸ਼ਾਵਾਂ ਨੂੰ ਇਹ ਹਮੇਸ਼ਾ ਇਕ ਤਣਾਉ-ਮਈ ਸੰਬੰਧ ਵਿਚ ਬੰਨ੍ਹ ਕੇ ਰੱਖਦੀ ਹੈ।

*ਖਿੜਕੀ ਖੁੱਲ੍ਹਦਿਆਂ ਹੀ*
*ਜੀਣ ਦੇ ਅੰਦਾਜ਼ ਜਾਗ ਪੈਂਦੇ ਨੇ*
*ਖਿੜਕੀ ਖੁਲ੍ਹਦਿਆਂ ਹੀ ਅਸੀਮਤਾ ਸਾਕਾਰ ਹੁੰਦੀ ਏ*
*ਨਿੱਘੀਆਂ ਤੇ ਠਰੀਆਂ ਬੁੱਕਲਾਂ 'ਚੋਂ ਸਵੇਰਾ ਜਾਗਦਾ ਏ*

'ਖਿੜਕੀ' ਕਵਿਤਾ ਦੀਆਂ ਇਹਨਾਂ ਸਤਰਾਂ ਵਿਚ ਖਿੜਕੀ ਮੁਕਤ ਹੋਣ ਦਾ ਚਿਹਨ ਬਣਨ ਦਾ ਭਰਮ ਸਿਰਜਦੀ ਹੈ, ਪਰੰਤੂ ਕੁਝ ਸਤਰਾਂ ਬਾਅਦ ਹੀ ਸਥਿਤੀ ਸਪੱਸ਼ਟ ਹੋ ਜਾਂਦੀ ਹੈ।

*ਖਿੜਕੀ ਖੁਲ੍ਹਦਿਆਂ ਹੀ*
*ਬੜਾ ਕੁਝ ਬਦਲ ਜਾਂਦਾ ਏ-ਬੜਾ ਕੁਝ ਬੀਤ ਜਾਂਦਾ ਏ*
*ਘਰਾਂ ਦੀ ਸੁਗੰਧੀ ਬਣ ਜਾਂਦੀ ਏ-ਸੜਕਾਂ ਦੀ ਕਾਲਖ*

ਇਸ ਤਰ੍ਹਾਂ ਖਿੜਕੀ ਕਾਵਿ-ਦ੍ਰਿਸ਼ਟੀ ਹੋਣ ਦੇ ਨਾਲ-ਨਾਲ ਯਥਾਰਥ ਦੀਆਂ ਕੁਝ ਪਰਤਾਂ ਉੱਤੇ ਰੌਸ਼ਨੀ ਵੀ ਪਾ ਦਿੰਦੀ ਹੈ। ਯਥਾਰਥ ਦੀਆਂ ਇਹ ਪਰਤਾਂ ਹੀ **ਮੇਰੀ ਮਾਰਫਤ** ਦੇ ਮੁੱਖ ਕਾਵਿ-ਸਰੋਕਾਰ ਹਨ, ਜਿਵੇਂ ਅੱਗੇ ਚੱਲ ਕੇ ਸਪੱਸ਼ਟ ਹੁੰਦਾ ਹੈ। ਉਂਜ ਖਿੜਕੀ ਦਾ ਚਿਹਨ ਹੀ ਸਾਨੂੰ ਇਸ ਗੱਲ ਦਾ ਅਹਿਸਾਸ ਜ਼ਰੂਰ ਕਰਵਾ ਦਿੰਦਾ ਹੈ ਕਿ **ਮੇਰੀ ਮਾਰਫ਼ਤ** ਦਾ ਕਾਵਿ-ਸੰਸਾਰ ਕਿਸੇ ਸਰਲੀਕ੍ਰਿਤ ਜਾਂ ਸਧਾਰਨੀਕ੍ਰਿਤ ਦ੍ਰਿਸ਼ਟੀ ਦਾ ਸ਼ਿਕਾਰ ਹੋਣ ਦੀ ਥਾਂ, ਪ੍ਰਸਥਿਤੀਆਂ ਤੇ ਯਥਾਰਥ ਦੀਆਂ ਸਭਨਾਂ ਟੇਢਾਂ ਨੂੰ ਆਪਣੀ ਕਾਵਿ-ਸੰਵੇਦਨਾ ਦਾ ਅੰਗ ਬਣਾਉਣ ਵੱਲ ਰੁਚਿਤ ਹੈ। ਇਸੇ ਲਈ ਖਿੜਕੀ ਦਾ ਚਿਹਨ, ਇਕ ਹੋਰ ਅਰਥ ਵਿਚ, ਅਰਥਾਂ ਤੱਕ ਪਹੁੰਚਣ ਦਾ ਚਿਹਨ ਵੀ ਹੈ।

*ਖਿੜਕੀ ਖੁਲ੍ਹਦਿਆਂ ਹੀ*
*ਜੀਣ ਦਾ ਅਰਥ ਸਮਝ ਆਉਂਦਾ ਏ।*

ਖਿੜਕੀ ਅਰਥਾਂ ਨੂੰ ਜੀਣ ਨਾਲ ਜਾਂ ਜ਼ਿੰਦਗੀ ਨਾਲ ਸੰਬੰਧਤ ਕਰ ਦਿੰਦੀ ਹੈ ਅਤੇ ਏਥੋਂ ਹੀ 'ਜ਼ਿੰਦਗੀ' ਦੇ ਚਿਹਨ ਨਾਲ ਸੰਬੰਧਤ ਵਿਸਥਾਰ ਸ਼ੁਰੂ ਹੋ ਜਾਂਦਾ ਹੈ।

**ਮੇਰੀ ਮਾਰਫਤ** ਦੀ ਕਵਿਤਾ ਜ਼ਿੰਦਗੀ ਪ੍ਰਤੀ ਬਹੁਤ ਹੀ ਸੁਚੇਤ ਕਵਿਤਾ ਹੈ। ਇਸੇ ਲਈ ਜ਼ਿੰਦਗੀ ਦਾ ਚਿਹਨ ਸਭ ਕਵਿਤਾਵਾਂ ਵਿਚ ਵਾਰ-ਵਾਰ ਦੁਹਰਾਇਆ ਜਾਂਦਾ ਹੈ। 'ਉਹ ਜੋ' ਕਵਿਤਾ ਇਸ ਸਤਰ ਨਾਲ ਮੁਕੰਮਲ ਹੁੰਦੀ ਹੈ।

*ਜ਼ਿੰਦਗੀ ਨੂੰ ਰਹਿਣ ਦੇਈਏ ਜ਼ਿੰਦਗੀ ਵਰਗਾ*

ਇਸ 'ਜ਼ਿੰਦਗੀ ਵਰਗਾ' ਦੇ ਅਰਥ ਹੀ ਦਰਅਸਲ **ਮੇਰੀ ਮਾਰਫਤ** ਦੇ ਸਮੁੱਚੇ ਕਾਵਿ ਦੇ ਅਰਥ ਹਨ। ਇਸ ਕਵਿਤਾ ਦਾ ਅਸਲ ਮੰਤਵ ਹੀ ਜ਼ਿੰਦਗੀ ਨੂੰ ਪ੍ਰੀਭਾਸ਼ਤ ਕਰਨਾ ਹੈ।

**ਮੇਰੀ ਮਾਰਫਤ** ਦੇ ਪਾਠ ਵਿਚੋਂ ਜ਼ਿੰਦਗੀ ਦੀ ਉੱਭਰਦੀ ਪਰਿਭਾਸ਼ਾ ਵਿਚ ਸਭ ਤੋਂ ਮਹੱਤਵਪੂਰਨ ਤੱਤ ਪ੍ਰਕਿਰਤੀ ਹੈ। ਪ੍ਰਮਿੰਦਰਜੀਤ ਜ਼ਿੰਦਗੀ ਦਾ ਤਸੱਵੁਰ ਹਮੇਸ਼ਾ ਪ੍ਰਕਿਰਤਕ ਹਵਾਲਿਆਂ ਨਾਲ ਹੀ ਕਰਦਾ ਹੈ। ਉਸ ਲਈ ਮੀਂਹ ਵਿਚ ਭਿੱਜਣਾ ਅਤੇ "ਕੁਦਰਤ ਦੀ ਪਾਰਦਰਸ਼ੀ ਨੇੜਤਾ" ਹੀ ਜ਼ਿੰਦਗੀ ਪ੍ਰਤੀ ਹਾਂ ਮੁਖੀ ਹੁੰਗਾਰਾ ਅਤੇ ਜ਼ਿੰਦਗੀ ਦੀ ਭਰਪੂਰਤਾ ਦਾ ਨਾਂ ਹੈ। 'ਬਹੁਤ ਕੁਝ ਹੁੰਦੇ ਹਾਂ ਅਸੀਂ' ਕਵਿਤਾ ਵਿਚ ਜੰਗਲੀ ਫੁੱਲ, ਉੱਡਦੇ ਪੰਖੇਰੂ, ਨਿਰਛਲ ਮੁਹਾਂਦਰੇ, ਮਾਣ-ਮੱਤੀਆਂ ਗਲਵਕੜੀਆਂ, ਤੋਤਲੀਆਂ ਮਹਿਕਾਂ "ਕਾਇਨਾਤ ਦਾ ਦੂਸਰਾ ਕੋਈ ਉਪਨਾਮ" ਵੀ ਹਨ ਅਤੇ ਜ਼ਿੰਦਗੀ ਦੀ ਸਮੁੱਚਤਾ ਦਾ ਚਿਹਨ ਵੀ। 'ਅਸੀਂ' ਕਵਿਤਾ ਫਿਰ ਜ਼ਿੰਦਗੀ ਦੀ ਪਰਿਭਾਸ਼ਾ ਵਿਚ ਪ੍ਰਕਿਰਤੀ ਦੇ ਅੰਸ਼ਾਂ ਨੂੰ ਸ਼ਾਮਿਲ ਕਰਦੀ ਹੈ। 'ਇਕ ਟੋਟਾ ਧੁੱਪ ਦਾ', 'ਨਿੰਮ੍ਹੇ-ਨਿੰਮ੍ਹੇ ਚਾਨਣ', 'ਤ੍ਰੇਲ 'ਚ ਭਿੱਜੇ ਫੁੱਲ', 'ਬਗੀਚੀ 'ਚ ਫੁੱਲਾਂ ਦੀ ਕਤਾਰ', 'ਸੁਰਮਈ ਚਿੜੀ', 'ਨਿੱਘੇ ਚੇਤਿਆਂ 'ਚ ਲਿਪਟੀ ਸ਼ਾਮ' ਆਦਿ ਪ੍ਰਕਿਰਤਕ ਚਿਹਨ ਜ਼ਿੰਦਗੀ ਦੇ ਤੋਹਫ਼ਿਆਂ ਵਜੋਂ ਰੂਪਮਾਨ ਹਨ। ਇਹ ਸਭ ਹਵਾਲੇ **ਮੇਰੀ ਮਾਰਫ਼ਤ** ਵਿਚ ਸਾਹਮਣੇ ਆਉਂਦੀ ਇੱਛਤ ਜ਼ਿੰਦਗੀ ਜਾਂ ਸੁਪਨੇ ਨੂੰ ਦ੍ਰਿਸ਼ਟਮਾਨ ਕਰਦੇ ਹਨ ਅਤੇ ਇਸੇ ਕਾਰਨ ਇਹਨਾਂ ਕਵਿਤਾਵਾਂ ਨੂੰ ਰੁਮਾਂਸ ਦੀ ਚਾਸ਼ਨੀ ਵਿਚ ਭਿਉਂ ਦਿੰਦੇ ਹਨ। ਸ਼ਾਇਦ ਰੁਮਾਂਸ ਤੋਂ ਬਿਨਾਂ ਕੋਈ ਸੁਪਨਾ ਅਤੇ ਇੱਛਾ ਸੰਭਵ ਹੀ ਨਹੀਂ ਹੋ ਸਕਦੀ।

ਆਦਰਸ਼ ਮਾਨਵੀ ਰਿਸ਼ਤੇ 'ਜ਼ਿੰਦਗੀ' ਨਾਲ ਜੁੜਦਾ ਦੂਸਰਾ ਤੱਤ ਹੈ। ਉਂਝ ਮਾਨਵੀ ਰਿਸ਼ਤਿਆਂ ਦਾ ਜਿਸ ਤਰ੍ਹਾਂ ਦਾ ਤਸੱਵੁਰ ਇਹਨਾਂ ਕਵਿਤਾਵਾਂ ਵਿਚ ਹੈ, ਇਸ ਤੱਤ ਨੂੰ ਪਹਿਲੇ ਤੱਤ ਦਾ ਹੀ ਇਕ ਅੰਗ ਸਵੀਕਾਰ ਕੀਤਾ ਜਾ ਸਕਦਾ ਹੈ। 'ਮਾਸੂਮ ਚਿਹਰਿਆਂ ਦੀ ਮੁਸਕਣੀ', 'ਅਸੀਸ ਬਣ ਲਰਜ਼ਦਾ ਬਿਰਧ ਮਾਂ ਦਾ ਹੱਥ', 'ਪਿਤਾ ਦੀ ਧੁੰਦਲੀ ਨਜ਼ਰ ਦਾ ਖਾਬ-ਚਿਹਰਾ', 'ਪਤਨੀ ਦੀ ਰਮਜ਼ ਭਰੀ ਮੁਸਕਣੀ', 'ਮਿੱਤਰ ਪਿਆਰੇ ਦੀ ਗਲਵਕੜੀ', 'ਹਮਸਾਏ ਰੰਗਾਂ 'ਚ ਢਲੀ ਹੋਈ ਮੋਹ-ਮੂਰਤ' ਆਦਿ ਰਿਸ਼ਤਿਆਂ ਦਾ ਉਹ ਸੰਸਾਰ ਹੈ, ਜਿਸ ਵਿਚ ਪ੍ਰਕਿਰਤਕ ਖਿੱਚਾਂ ਅਤੇ ਭਾਵਨਾਵਾਂ ਹੀ ਮਨੁੱਖਾਂ ਨੂੰ ਮੋਹ-ਪਿਆਰ ਦੇ ਨਾਤਿਆਂ ਵਿਚ ਬੰਨ੍ਹ ਰਹੀਆਂ ਹਨ। ਪ੍ਰਮਿੰਦਰਜੀਤ ਜਦੋਂ ਕਵਿਤਾਵਾਂ ਰਾਹੀਂ ਰਿਸ਼ਤਿਆਂ ਦੇ ਆਪਣੇ ਅਵਚੇਤਨੀ ਸੰਕਲਪਾਂ ਨੂੰ ਕੁਰੇਦਦਾ ਹੈ ਤਾਂ ਪ੍ਰਕਿਰਤੀ ਨਾਲੋਂ ਟੁੱਟ ਕੇ ਹੋਏ ਸਮਾਜਿਕ-ਆਰਥਿਕ ਵਿਕਾਸ ਦੇ ਰਿਸ਼ਤਿਆਂ ਉੱਪਰ ਨਜ਼ਰ ਆਉਂਦੇ ਪ੍ਰਭਾਵਾਂ ਨੂੰ ਉਹ ਨਜ਼ਰ-ਅੰਦਾਜ਼ ਕਰ ਦਿੰਦਾ ਹੈ। ਇਕ ਵਿਅਕਤੀ ਵਜੋਂ ਪ੍ਰਮਿੰਦਰਜੀਤ ਦੀ ਬਿਰਤੀ ਇਹਨਾਂ ਤਬਦੀਲੀਆਂ ਨੂੰ ਸਵੀਕਾਰ ਕਰਨ ਦੀ ਰੌਂਅ ਵਿਚ ਨਹੀਂ ਹੈ। ਇਸ ਰੁਝਾਨ ਦਾ ਸਿਖਰ-ਬਿੰਦੂ ਕਵਿਤਾ 'ਭੀੜ 'ਚ ਰਲੇ ਰਿਸ਼ਤੇ' ਹੈ ਜਿਸ ਵਿਚ ਉਹ ਅਜਨਬੀ-ਅਣਜਾਣ ਭੀੜ ਵਿਚ ਤੁਰੇ ਜਾਂਦੇ ਹਰੇਕ ਚਿਹਰੇ ਵਿਚੋਂ "ਧੀ-ਭੈਣ, ਪੁੱਤ-ਭਰਾ ਤੇ ਯਾਰ ਬੇਲੀ" ਜਿਹੇ ਪਰੰਪਰਕ-ਪਰਿਵਾਨਤ ਰਿਸ਼ਤੇ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਤਰ੍ਹਾਂ ਉਸ ਦਾ ਇਹ ਵਿਸ਼ਵਾਸ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਪ੍ਰਕਿਰਤਕ ਸੰਸਾਰ ਵਿਚ ਹਰ ਮਨੁੱਖ, ਦੂਸਰੇ ਮਨੁੱਖ ਨਾਲ ਇਕ ਰਿਸ਼ਤੇ ਵਿਚ ਬੱਝਿਆ ਹੋਇਆ ਹੈ। ਇਹ ਇਕ ਤਰ੍ਹਾਂ ਨਾਲ ਮਾਨਵੀ ਰਿਸ਼ਤਿਆਂ ਦੀ ਅਨਿਵਾਰਤਾ (invetability) ਨੂੰ ਪੇਸ਼ ਕਰਨ ਵਾਲੀ ਗੱਲ



ਵੀ ਹੈ। ਪਰੰਤੂ ਆਪਣੇ ਅਵਚੇਤਨੀ ਸੰਸਾਰ ਦੇ ਸੰਕਲਪਾਂ ਤੋਂ ਅਗਾਂਹ ਜਾ ਕੇ ਜਦੋਂ ਪ੍ਰਮਿੰਦਰਜੀਤ ਦੀ ਕਵਿਤਾ ਉਹਨਾਂ ਪ੍ਰਸਥਿਤੀਆਂ ਨਾਲ ਉਲਝਦੀ ਹੈ, ਜੋ ਪ੍ਰਕਿਰਤਕ ਸਰੋਕਾਰਾਂ ਨੂੰ ਇਕ ਵਿਸ਼ੇਸ਼ ਗੈਰ-ਪ੍ਰਕਿਰਤਕ ਦਿਸ਼ਾ ਵੱਲ ਢਾਲ ਰਹੀਆਂ ਹਨ ਤਾਂ ਕਵਿਤਾ ਵਿਚ ਮਾਨਵੀ ਰਿਸ਼ਤਿਆਂ ਨਾਲ ਸਬੰਧਤ ਇਹ ਪਾਸਾਰ ਵੀ ਖੁੱਲ੍ਹ ਜਾਂਦਾ ਹੈ—

*ਇਹ ਰਿਸ਼ਤੇ ਉਹ ਸਲੀਬਾਂ ਨੇ*
*ਜਿਹਨਾਂ ਨੂੰ ਖ਼ੁਦ ਘੜਦਾ ਏ ਬੰਦਾ*
*ਤੇ ਫਿਰ ਖ਼ੁਦ ਹੀ ਝੂਲ ਜਾਂਦਾ ਏ ਇਹਨਾਂ 'ਤੇ*
*ਰਿਸ਼ਤਿਆਂ ਦੀ ਮਿੱਟੀ 'ਚੋਂ ਉੱਗਦਾ*
*ਇਸੇ ਮਿੱਟੀ 'ਚ ਦਫ਼ਨ ਹੋ ਜਾਂਦਾ ਏ ਆਦਮੀ*

ਇਸ ਤਰ੍ਹਾਂ ਦੀ ਸੰਵੇਦਨਾ ਵਾਲੀਆਂ ਕਵਿਤਾਵਾਂ ਵਿਚ ਪ੍ਰਮਿੰਦਰਜੀਤ ਇਕ ਕਾਵਿ-ਵਿਅਕਤੀ ਦੀ ਪ੍ਰਵਚਨਕਾਰੀ ਨੂੰ ਅਭਿਵਿਅਕਤ ਕਰਨਾ ਸ਼ੁਰੂ ਕਰ ਦਿੰਦਾ ਹੈ। ਇਸ ਕਾਵਿ-ਵਿਅਕਤੀ ਦੀ ਛਟਪਟਾਹਟ ਹੀ ਇਸ ਦੀ ਪ੍ਰਮਾਣਕਤਾ ਦਾ ਪ੍ਰਮਾਣ ਹੈ। ਇਹ ਵਿਅਕਤੀ "ਵਾਵਰੋਲਾ" ਹੈ, ਪਰੰਤੂ ਵਾਵਰੋਲਾ ਹੋਣ ਕਾਰਨ ਇਸ ਅੰਦਰ ਮੌਜੂਦ ਸੰਭਾਵਨਾਵਾਂ "ਮਾਸ ਦੀਆਂ ਕੰਧਾਂ" 'ਚ ਘਿਰੀਆਂ ਹੋਈਆਂ ਹਨ। ਆਪਣੇ ਖੰਡਿਤ ਆਪੇ ਨੂੰ ਮੁੜ ਇਕਸੁਰ ਅਤੇ ਇਕਸਾਰ ਕਰਨ ਲਈ ਉਹ ਵੱਖ-ਵੱਖ ਧਰਾਤਲਾਂ ਦੀ ਤਲਾਸ਼ ਕਰਦਾ ਹੈ। ਇਹ ਤਲਾਸ਼ ਖ਼ਪਤ-ਸਭਿਆਚਾਰ ਦੇ ਪ੍ਰਭਾਵ ਹੇਠ ਉਤਪੰਨ ਹੁੰਦੀ ਮਸਨੂਈ ਪਹਿਚਾਣ ਦੇ ਅਹਿਸਾਸ ਨਾਲ ਵੀ ਜੁੜਦੀ ਹੈ ਅਤੇ ਰੁਟੀਨ ਅਧਾਰਤ ਬੋਝਲਤਾ ਦੇ ਕ੍ਰਮ ਨੂੰ ਤੋੜਨ ਦੀ ਇੱਛਾ ਨਾਲ ਵੀ। ਆਪਣੇ ਅਸਲ ਮੰਤਵ ਵਿਚ ਇਹ ਇੱਛਾ ਦਰਅਸਲ ਜ਼ਿੰਦਗੀ ਦੀ ਇੱਛਾ ਹੀ ਹੈ, ਜਿਸ ਲਈ ਅਖੀਰ ਵਿਚ ਇਹ ਕਾਵਿ-ਵਿਅਕਤੀ 'ਚੁੱਪ ਦਾ ਗੀਤ' ਕਵਿਤਾ ਵਿਚ ਵਿਦਰੋਹੀ ਤੇਵਰ ਵੀ ਧਾਰਨ ਕਰ ਲੈਂਦਾ ਹੈ। ਇਹਨਾਂ ਵਿਦਰੋਹੀ ਬੋਲਾਂ ਵਿਚ ਜੀਣ ਦੀ ਇੱਛਾ ਚੁੱਪ ਦੇ ਗੀਤ ਦੇ ਰੂਪ ਵਿਚ ਸ਼ੁਭ ਇਛਾ ਨਾਲ ਲਬਰੇਜ਼ ਪ੍ਰਕਿਰਤੀ ਵੱਲ ਨੂੰ ਹੀ ਮੁੜ ਜਾਂਦੀ ਹੈ।

*ਮੈਂ ਤਾਂ ਜੀਣ ਦੀ ਇੱਛਾ ਦਾ ਪਹਿਲਾਂ ਹੀ ਦੋਸ਼ੀ ਹਾਂ*

.............

*ਇਸ ਪਲ ਸ਼ਬਦਾਂ, ਅਰਥਾਂ ਤੇ ਬੋਲਾਂ ਦੇ ਸ਼ੋਰ ਤੋਂ ਮੈਨੂੰ ਮੁਕਤ ਕਰੋ*
*ਚੁੱਪ ਦੇ ਗੀਤ ਨੂੰ ਸਿਰਜਣ ਵਿਚ ਮੈਂ ਬੜਾ ਮਸਰੂਫ ਹਾਂ*
*ਤੁਹਾਡੇ ਵਾਸਤੇ ਕਿਸੇ ਅਸੀਸ ਦਾ ਚਿਹਰਾ ਚਿਤਵ ਰਿਹਾ ਹਾਂ*
*ਤੁਹਾਡੇ ਅੰਬਰ ਲਈ ਮੈਂ ਤਾਰੇ ਸਿਰਜ ਰਿਹਾ ਹਾਂ।*

ਮੇਰੀ ਮਾਰਫਤ ਵਿਚ ਪੰਜਾਬ ਸੰਕਟ ਇਕ ਉਹ ਵਿਸ਼ੇਸ਼ ਰਾਜਨੀਤਕ ਪ੍ਰਸੰਗ ਤੇ ਪ੍ਰਸਥਿਤੀ ਹੈ, ਜੋ ਮਾਨਵੀ ਰਿਸ਼ਤਿਆਂ, ਨਾਤਿਆਂ ਅਤੇ ਸੰਬੰਧਾਂ ਨੂੰ ਸੰਕਟ ਵਿਚ ਪਾ ਦਿੰਦੀ ਹੈ ਅਤੇ ਫਲਸਰੂਪ ਇੱਕ ਸਭਿਆਚਾਰਕ ਸੰਕਟ ਸਮੇਂ ਰਿਸ਼ਤੇ ਅਪ੍ਰਸੰਗਕ ਹੋ ਕੇ ਆਪਣੀ ਪ੍ਰਭਾਵਕਤਾ ਗੰਵਾ ਬੈਠਦੇ ਹਨ। ਇਸ ਸਮੇਂ ਇਕ ਸਮਾਜਿਕ-ਸਭਿਆਚਾਰਕ ਵਿਅਕਤੀ ਇਕ ਅਜਿਹੇ ਵਿਅਕਤੀ ਵਿਚ ਘੱਟ ਕੇ ਰਹਿ ਜਾਂਦਾ ਹੈ, ਜੋ ਸਿਰਫ ਤੇ ਸਿਰਫ ਆਪਣੀ ਖੁਦ ਦੀ ਹੋਂਦ ਦੀ ਸਲਾਮਤੀ ਪ੍ਰਤੀ ਹੀ ਫਿਕਰਮੰਦ ਹੈ। ਅਜਿਹੇ ਸਮੇਂ ਕਿਸੇ ਵਿਸ਼ੇਸ਼ ਸੱਭਿਆਚਾਰ ਨਾਲ ਜੁੜੀਆਂ ਅਣਖ, ਵੀਰਤਾ, ਪਰਉਪਕਾਰ ਜਿਹੀਆਂ ਮਿੱਥਾਂ ਦਾ ਵਿਸਫੋਟ ਹੋ ਜਾਂਦਾ ਹੈ। 'ਨਾਵਾਂ ਦਾ ਧਰਮ' ਸਭ ਤੋਂ ਜ਼ੋਰਦਾਰ ਢੰਗ ਨਾਲ ਇਸ ਸਭਿਆਚਾਰਕ ਸੰਕਟ ਨੂੰ ਉਭਾਰਨ ਵਾਲੀ ਕਵਿਤਾ ਹੈ, ਜਦੋਂ "ਦਸਤਕ ਗਲਵਕੜੀ ਨਹੀਂ" ਰਹਿੰਦੀ ਅਤੇ "ਘਰੋਂ ਤੁਰਿਆਂ ਮਾਂ ਦੀ ਅਸੀਸ ਤੇ ਪਤਨੀ ਦੀ ਮੁਸਕਣੀ ਅਧੂਰੀ ਜਾਪਦੀ" ਹੈ। ਏਥੋਂ ਤੱਕ ਕਿ "ਮਾਸੂਮ ਬੱਚੇ ਦੇ ਤੋਤਲੇ ਚਿਹਰੇ 'ਤੇ ਚੁੰਮਣ ਦੇਣ ਦਾ ਚੇਤਾ

ਹੀ ਨਹੀਂ ਰਹਿੰਦਾ।" ਇਹ ਸਭ ਕੁਝ ਦਰਅਸਲ ਮਾਨਵ ਹੋਣ ਦੇ ਗੌਰਵ ਅਤੇ ਜ਼ਿੰਦਗੀ ਦੇ ਮਹਾਤਮ ਦਾ ਖ਼ਾਤਮਾ ਹੈ। ਪ੍ਰੰਤੂ ਸੰਕਟ ਗ੍ਰਸਤ ਪ੍ਰਸਥਿਤੀਆਂ ਦੀ ਵਿਕਰਾਲਤਾ ਦੇ ਬਾਵਜੂਦ ਪ੍ਰਮਿੰਦਰਜੀਤ ਦੀਆਂ ਪੰਜਾਬ ਸੰਕਟ ਨਾਲ ਸਬੰਧਤ ਕਵਿਤਾਵਾਂ ਵਿਚ ਵੀ ਜ਼ਿੰਦਗੀ ਦਾ ਮਹਾਤਮ ਦ੍ਰਿਸ਼ਟੀਗੋਚਰ ਹੋ ਹੀ ਜਾਂਦਾ ਹੈ। ਸਥਿਤੀਆਂ ਦੀ ਵਿਕਰਾਲਤਾ, ਅਛੋਪਲੇ ਹੀ ਕਵਿਤਾਵਾਂ ਵਿਚੋਂ "ਜ਼ਿੰਦਗੀ ਦੀ ਗੀਤ" ਵਰਗਾ ਵੀ ਕੁਝ ਉਭਾਰ ਦਿੰਦੀ ਹੈ, ਜੋ ਗਵਾਚ ਚੁੱਕਾ ਹੈ। ਜ਼ਿੰਦਗੀ ਦਾ ਮਹਾਤਮ ਇਹਨਾਂ ਸਤਰਾਂ ਵਿਚ ਛੁਪੇ ਰੋਸ ਵਿਚੋਂ ਵੀ ਉਜਾਗਰ ਹੁੰਦਾ ਹੈ—

*ਅਸਾਡੇ ਜਿਸਮ ਨਹੀਂ ਸੜਕਾਂ 'ਤੇ*
*ਗਾਰੇ ਵਾਂਗ ਵਿਛ ਜਾਣ ਲਈ*
*ਅਸੀਂ ਨਹੀਂ ਹਾਂ ਐਵੇਂ ਮਿੱਟੀ 'ਚ ਰੁਲਣ ਜਾਵਣ ਲਈ*

ਪ੍ਰਮਿੰਦਰਜੀਤ ਦੀਆਂ ਪੰਜਾਬ ਸੰਕਟ ਨਾਲ ਸਬੰਧਤ ਕਵਿਤਾਵਾਂ ਵਿਚ 'ਨਜ਼ਮ' ਇਕ ਵਿਆਪਕ ਚਿਹਨ ਹੈ। ਇਕ ਸੰਕਟ ਵਿਚੋਂ ਗੁਜ਼ਰਦਾ ਹੋਇਆ ਕਵੀ ਅਚੇਤ ਹੀ ਨਜ਼ਮ ਅਤੇ ਨਜ਼ਮ ਦੇ ਕਰਮ ਬਾਰੇ ਵਧੇਰੇ ਸੁਚੇਤ ਹੋ ਜਾਂਦਾ ਹੈ। ਇਸੇ ਲਈ **ਮੇਰੀ ਮਾਰਫਤ** ਵਿਚ ਨਜ਼ਮ ਮਹਿਜ਼ ਇਕ ਕਾਵਿ-ਰੂਪਾਕਾਰ ਦਾ ਨਾਂ ਹੀ ਨਹੀਂ ਰਹਿੰਦਾ, ਸਗੋਂ ਇਹ ਚਿਹਨਕੀ ਅਤੇ ਚਿਹਨਤੀ ਮਹੱਤਵ ਗ੍ਰਹਿਣ ਕਰ ਲੈਂਦੀ ਹੈ।

"ਨਜ਼ਮ ਤਾਂ ਕਹਿੰਦੀ ਹੈ" ਵਿਚ ਨਜ਼ਮ ਖੁਦ ਆਪਣਾ ਐਲਾਨਨਾਮਾ ਲੈ ਕੇ ਹਾਜ਼ਰ ਹੁੰਦੀ ਹੈ। ਇਸ ਕਵਿਤਾ ਵਿਚ ਨਜ਼ਮ ਦਾ ਸਿਰਜਣ-ਕਰਮ ਮਾਨਵ ਦੇ ਪ੍ਰਮਾਣਕ ਆਪੇ ਨੂੰ ਮੁੜ ਤੋਂ ਇਕਸੁਰ ਤੇ ਇਕਸਾਰ ਕਰਨ ਦੇ ਯਤਨ ਵਜੋਂ ਸਾਹਮਣੇ ਆਉਂਦਾ ਹੈ। ਨਜ਼ਮ ਨੂੰ "ਆਪਣੇ ਨਾਲ ਨਾਲ ਤੁਰਦੀਆਂ ਕਤਲਗਾਹਾਂ ਤੋਂ ਨਜ਼ਰਾਂ ਚੁਰਾ ਕੇ" ਆਉਣਾ ਪੈਂਦਾ ਹੈ ਅਤੇ ਅਜਿਹਾ ਕਰਦਿਆਂ ਨਜ਼ਮ ਮਾਨਵ-ਘਾਤੀ ਸੱਤਾ ਨਾਲ ਆਪਣਾ ਅੰਤਰ-ਨਿਹਿਤ ਵਿਰੋਧ ਵੀ ਦਰਸਾ ਦਿੰਦੀ ਹੈ। ਇਸ ਤਰ੍ਹਾਂ 'ਨਜ਼ਮ' ਜ਼ਿੰਦਗੀ ਦੀ ਹੀ ਸਮਅਰਥੀ ਬਣਦਿਆਂ ਇਕ ਪੱਧਰ ਉੱਤੇ ਜ਼ਿੰਦਗੀ ਨਾਲ ਚਿਹਨਤੀ ਸਮਾਨਤਾ ਦਰਸਾਉਂਦੀ ਹੈ। ਜ਼ਿੰਦਗੀ ਨਾਲ ਨਜ਼ਮ ਦਾ ਨੇੜਲਾ ਸੰਬੰਧ 'ਜਦ ਵੀ ਚਾਹਾਂਗੇ' ਵਿਚ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ।

*ਜੀਣ ਦਾ ਕੀ ਏ*
*ਲਿਖ ਲਈਏ ਜਦ ਕੋਈ ਨਵੀਂ ਨਜ਼ਮ*
*ਤਾਂ ਹੋ ਜਾਈਦਾ ਏ ਜੀਣ ਜੋਗੇ*

ਨਜ਼ਮ, ਸੰਗੀਤ, ਪ੍ਰਕਿਰਤੀ ਅਤੇ ਮਾਨਵੀ ਰਿਸ਼ਤਿਆਂ ਵਾਂਗ ਹੀ ਉਲਟ ਪ੍ਰਸਥਿਤੀਆਂ ਵਿਚ ਵੀ ਜਿਊਣ ਦਾ ਇਕ ਬਹਾਨਾ ਹੈ। 'ਵਿਸਰ ਜਾਂਦੀਆਂ ਨੇ ਨਜ਼ਮਾਂ' ਫਿਰ ਜ਼ਿੰਦਗੀ ਤੇ ਨਜ਼ਮ ਨੂੰ ਸਮ-ਵਿੱਥ ਰੱਖ ਕੇ ਵੇਖਦੀ ਹੈ।

*ਜਦੋਂ ਹੋਰ ਬੜਾ ਕੁਝ ਵਿਸਰ ਜਾਂਦਾ ਏ*
*ਤਾਂ ਵਿਸਰ ਜਾਂਦੀਆਂ ਨੇ ਨਜ਼ਮਾਂ*

'ਏਥੇ ਹੋਰ ਬੜਾ ਕੁਝ' ਜ਼ਿੰਦਗੀ ਨਾਲ ਸੰਬੰਧਤ ਉਹੀ ਸਰੋਕਾਰ ਹਨ, ਜੋ ਜ਼ਿੰਦਗੀ ਨੂੰ "ਜਿਊਣ ਜੋਗਾ" ਜਾਂ "ਜ਼ਿੰਦਗੀ ਵਰਗਾ" ਬਣਾਉਂਦੇ ਹਨ, ਜੋ ਮਨੁੱਖ ਦਾ ਪ੍ਰਮਾਣਕ ਆਪਾ ਹੈ, ਜਿਸ ਵਿਚ ਅਸਲੀਅਤ ਅਤੇ ਦ੍ਰਿਸ਼ਟਮਾਨ ਵਿਚ ਨਾ ਤਾਂ 'ਮੈਂ ਤੇ ਉਹ' ਕਵਿਤਾ ਜਿਹੀ ਦੁਖਾਂਤਕ ਅਤੇ ਨਾ ਹੀ 'ਬਹੁਤ ਕੁਝ ਹੁੰਦੇ ਹਾਂ ਅਸੀਂ' ਜਿਹੀ ਢੋਂਗੀ ਤੇ ਜਾਅਲੀ ਵਿੱਥ ਹੈ। ਇਸੇ ਲਈ ਜਦੋਂ ਜ਼ਿੰਦਗੀ ਸੰਕਟ ਗ੍ਰਸਤ ਹੁੰਦੀ ਹੈ ਤਾਂ ਨਜ਼ਮ ਵੀ ਸੰਕਟ ਗ੍ਰਸਤ ਹੋ ਜਾਂਦੀ ਹੈ। ਜਦੋਂ ਵਿਅਕਤੀ ਖੰਡਿਤ ਅਵਸਥਾ ਵਿਚ ਹੁੰਦਾ ਹੈ ਤਾਂ ਨਜ਼ਮ ਵੀ ਅਜਨਬੀ ਹੋ ਜਾਂਦੀ ਹੈ।

*ਮੈਂ ਨਹੀਂ ਹੁਣ ਨਜ਼ਮਾਂ ਲਿਖਦਾ, ਨਜ਼ਮਾਂ ਦਾ ਵਿਰਲਾਪ ਲਿਖਾਂ*



*ਜੋ ਸਮਿਆਂ ਸਾਡੇ ਸਿਰ ਮੜ੍ਹਿਆ, ਉਹੋ ਸੁਰਖ ਸਰਾਪ ਲਿਖਾਂ*

**ਮੇਰੀ ਮਾਰਫਤ** ਵਿਚ 'ਨਜ਼ਮ' ਦਾ ਚਿਹਨ ਬਹੁਤ ਥਾਵਾਂ ਉੱਤੇ 'ਜ਼ਿੰਦਗੀ' ਨਾਲੋਂ ਚਿਹਨਤੀ ਫਾਸਲੇ ਉੱਤੇ ਵੀ ਵਿਚਰਦਾ ਹੈ। ਬੇਸ਼ੱਕ ਉਹ ਇਹਨਾਂ ਥਾਵਾਂ ਉੱਤੇ ਵੀ 'ਜ਼ਿੰਦਗੀ' ਨਾਲ ਨਿਸ਼ਚਿਤ ਸੰਬੰਧਾਂ ਦਾ ਹੀ ਵਾਹਕ ਹੁੰਦੀ ਹੈ। ਸਭ ਤੋਂ ਪਹਿਲਾਂ 'ਅਣਲਿਖੀ ਨਜ਼ਮ' ਅਤੇ 'ਲਿਖਣੀ ਹੈ ਇਕ ਨਜ਼ਮ' ਵਿਚ ਨਜ਼ਮ ਇਕ ਸੁਪਨੇ ਦਾ ਆਕਾਰ ਲੈਂਦੀ ਹੈ। ਇਹ ਸੁਪਨਾ ਵੀ ਪ੍ਰਕਿਰਤਕ ਹੀ ਹੈ, ਪਰੰਤੂ ਏਥੇ ਪ੍ਰਕਿਰਤੀ ਇਤਿਹਾਸ ਅਤੇ ਵਿਸ਼ਵਾਸ ਨਾਲ ਜੁੜ ਕੇ ਆਉਂਦੀ ਹੈ।

ਇਕ ਹੋਰ ਵੱਖਰੇ ਅਰਥ ਵਿਚ ਵਿਸ਼ੇਸ਼ਕਰ ਪੰਜਾਬ ਸੰਕਟ ਨਾਲ ਸੰਬੰਧਤ ਕਵਿਤਾਵਾਂ ਵਿਚ ਨਜ਼ਮ, ਵਿਕਰਾਲ ਰਾਜਨੀਤਕ ਅਤੇ ਸਭਿਆਚਰਕ ਪ੍ਰਸਥਿਤੀਆਂ ਵਿਚ ਫਸੇ ਵਿਅਕਤੀ ਲਈ ਇਕ ਪਨਾਹਗਾਹ ਜਾਂ ਸ਼ਰਣਗਾਹ ਵੀ ਬਣ ਜਾਂਦੀ ਹੈ। ਇਹ ਸਥਿਤੀ ਤੋਂ ਭਾਂਜ ਨਹੀਂ ਹੈ, ਏਨੀ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ। ਅਜਿਹੇ ਸਮੇਂ 'ਚ ਜਦੋਂ ਪ੍ਰਕਿਰਤੀ ਨਾਲ ਸੰਬੰਧਤ ਵੇਰਵੇ ਵੀ ਹਿੰਸਕ ਹੋ ਜਾਣ, ਮਾਨਵੀ ਰਿਸ਼ਤੇ ਵਿਅਕਤੀਗਤ ਹੋਂਦ ਦੀ ਸਲਾਮਤੀ ਦੇ ਮੰਤਵ ਸਾਹਵੇਂ ਅਰਥਹੀਣ ਹੋ ਜਾਣ ਤਾਂ ਨਜ਼ਮਾਂ ਵੀ "ਆਪਣੀ ਫਿਤਰਤ ਬਦਲ" ਲੈਂਦੀਆਂ ਹਨ। ਜਦੋਂ ਮਾਨਵ ਹੋਣ ਦੇ ਗੌਰਵ ਸਾਹਮਣੇ ਹੀ ਪ੍ਰਸ਼ਨ-ਚਿੰਨ੍ਹ ਲੱਗਾ ਦਿਸਦਾ ਹੈ ਤਾਂ ਨਜ਼ਮ ਮਾਨਵਤਾ ਦੇ ਚਿਹਨ ਵਜੋਂ ਨਾ ਸਿਰਫ ਖੁਦ ਸਾਬਤ-ਸਬੂਤੀ ਨਜ਼ਰ ਆਉਂਦੀ ਹੈ, ਸਗੋਂ ਮਾਨਵ ਨੂੰ ਸਾਂਭਣ ਦਾ ਉਪਰਾਲਾ ਵੀ ਕਰਦੀ ਹੈ। ਇਸ ਤਰ੍ਹਾਂ 'ਨਜ਼ਮ' ਦਾ ਚਿਹਨ **ਮੇਰੀ ਮਾਰਫਤ** ਵਿਚ ਪਰਿਭਾਸ਼ਤ ਹੋ ਰਹੀ ਜ਼ਿੰਦਗੀ ਦੇ ਮਹਾਤਮ ਵਿਚ ਇਕ ਨਵਾਂ ਪੰਨਾ ਜੋੜ ਦਿੰਦਾ ਹੈ। ਨਜ਼ਮ ਹਰ ਤਰ੍ਹਾਂ ਦੀਆਂ ਵਿਪਰੀਤ ਪ੍ਰਸਥਿਤੀਆਂ ਵਿਚ ਮਾਨਵ ਅਤੇ ਮਾਨਵੀ ਸੁਪਨੇ ਦੇ ਜਿਊਂਦੇ ਰਹਿਣ ਦਾ ਚਿਹਨ ਬਣ ਜਾਂਦੀ ਹੈ।

*ਮੈਂ ਉਸ ਪਲ ਨਜ਼ਮ ਦੇ ਕੋਲ ਕੋਲ ਸਾਂ*
*ਜਦੋਂ ਸਾਰੇ ਟਾਪੂਆਂ 'ਤੇ ਅੱਗ ਵਰਸ ਰਹੀ ਸੀ*
*ਚਾਰੇ ਪਾਸੇ ਵਿਰਲਾਪ ਦਾ ਹਨੇਰਾ ਫੈਲ ਰਿਹਾ ਸੀ*

ਸੋ **ਮੇਰੀ ਮਾਰਫਤ** ਦੀ ਕਵਿਤਾ, ਅਚੇਤ ਹੀ ਮਾਨਵ ਤੇ ਸੁਪਨੇ ਦੀ ਮੌਤ ਜਿਹੇ ਸੰਕਲਪਾਂ/ਧਾਰਨਾਵਾਂ ਦਾ ਨਿਸ਼ੇਧ ਕਰਕੇ, ਪੰਜਾਬੀ ਦੀ ਨਵੀਂ ਤਰ੍ਹਾਂ ਦੀ ਪ੍ਰਗਤੀਸ਼ੀਲ ਕਵਿਤਾ ਵਜੋਂ ਸਾਹਮਣੇ ਆਉਂਦੀ ਹੈ, ਜੋ ਪ੍ਰੰਪਰਕ ਪ੍ਰਗਤੀਵਾਦੀ ਕਵਿਤਾ ਨਹੀਂ ਹੈਂ, ਪ੍ਰੰਤੂ ਜੋ ਅਜੇ ਵੀ ਆਦਰਸ਼ਾਂ, ਸੁਪਨਿਆਂ ਅਤੇ ਸ਼ੁਭ-ਇਛਾਵਾਂ ਨੂੰ ਜ਼ਿੰਦਗੀ ਦੀ ਇਕ ਲਾਜ਼ਮੀ ਸ਼ਰਤ ਵਜੋਂ ਸਵੀਕਾਰ ਕਰਦੀ ਹੈ।


## ਫਾਰਮ ਨੰ. 4 ਰੂਲ ਨੰ. 8

### ਤਿਮਾਹੀ ਚਿਰਾਗ਼ ਬਾਰੇ ਜਾਣਕਾਰੀ

1. ਪ੍ਰਕਾਸ਼ਨ ਸਥਾਨ—ਜਲੰਧਰ
2. ਪ੍ਰਕਾਸ਼ਨ ਕਾਲ—ਤਿਮਾਹੀ
3. ਪ੍ਰਕਾਸ਼ਕ ਤੇ ਮਾਲਕ—ਡਾ. ਅਨੂਪ ਸਿੰਘ ਭਾਈ ਰਤਨ ਸਿੰਘ ਯਾਦਗਾਰ ਟਰੱਸਟ ਜਲੰਧਰ
4. ਸੰਪਾਦਕ—ਹਰਭਜਨ ਸਿੰਘ ਹੁੰਦਲ, ਪਿੰਡ ਫੱਤੂ ਚੱਕ ਡਾਕ. ਫਿਲਵਾਂ ਜ਼ਿਲ੍ਹਾ ਕਪੂਰਥਲਾ (144804)
5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹਨ। (ਡਾ. ਅਨੂਪ ਸਿੰਘ, ਪ੍ਰਕਾਸ਼ਕ ਤੇ ਦਸਤਖਤ)

## ਪ੍ਰਗਤੀਵਾਦੀ ਕਵਿਤਾ ਤੇ 'ਤੂੰ ਕੀ ਜਾਣੇ' (ਗੁਰਨਾਮ ਢਿਲੋਂ)

ਵਰਤਮਾਨ ਦਾ ਸਮਾਂ ਸੰਵੇਦਨਸ਼ੀਲ ਮਨੁੱਖਾਂ ਲਈ ਡੂੰਘੇ ਸੰਕਟ ਦਾ ਸਮਾਂ ਹੈ। ਵਰਤਮਾਨ ਦਾ ਮਨੁੱਖ ਮੰਡੀ ਦੀ ਵਸਤੂ ਦਾ ਰੂਪ ਧਾਰਨ ਕਰ ਗਿਆ ਹੈ। ਆਰਥਿਕ ਪਛੜੇਵਾਂ ਇਸ ਮਨੁੱਖ ਨੂੰ ਦੋ ਤਰ੍ਹਾਂ ਦੇ ਧਰਾਤਲਾਂ 'ਤੇ ਘਸੀਟ ਰਿਹਾ ਹੈ। ਇੱਕ ਪਾਸੇ ਤਾਂ ਉਹ ਪੂੰਜੀ ਲਈ ਵਿਕ ਰਿਹਾ ਹੈ, ਉਸਦੀ ਆਤਮਾ, ਸੰਵੇਦਨਾ ਸਭ ਕੁਝ ਬਜ਼ਾਰ ਦੀ ਵਸਤੂ ਬਣ ਗਈਆਂ ਹਨ। ਜਜ਼ਬਾਤ ਨੂੰ ਸੁਪਨਈ ਸੰਸਾਰ ਦੀ ਗੱਲ ਸਮਝਿਆ ਜਾ ਰਿਹਾ ਹੈ। ਦੂਸਰੇ ਪਾਸੇ ਇਸ ਮੰਡੀ ਦਾ ਮਨੁੱਖ ਇਨਸਾਨ ਤੋਂ ਵੱਧ ਵਸਤੂਆਂ ਦਾ ਮਹੱਤਵ ਸਮਝਣ ਲੱਗ ਪਿਆ ਹੈ। ਇਸ ਉਪਭੋਗਤਾਵਾਦੀ ਸੰਸਾਰ ਨੇ ਜਜ਼ਬਾਤ, ਆਤਮਾ, ਸੰਵੇਦਨਾ ਨੂੰ ਵੀ ਉਪਭੋਗ ਦੀ ਪੱਧਰ 'ਤੇ ਲੈ ਆਂਦਾ ਹੈ। ਇਸ ਘੋਰ ਸੰਕਟ ਦੇ ਸਮੇਂ ਵਿੱਚ ਜੇ ਕੋਈ ਸੰਵੇਦਨਸ਼ੀਲ ਮਨੁੱਖ ਬਚਿਆ ਹੈ ਤਾਂ ਸੱਚ ਮੁੱਚ ਹੀ ਮਾਨਵਵਾਦ ਦੇ ਸੁਨਿਹਰੇ ਭਵਿੱਖ ਦੀ ਕੋਈ ਰਿਸ਼ਮ ਸਮਝੀ ਜਾ ਸਕਦੀ ਹੈ। ਇਹ ਸੰਵੇਦਨਸ਼ੀਲ ਮਨੁੱਖ ਦਾ ਆਸ਼ਾਵਾਦੀ ਨਜ਼ਰੀਆ ਹੀ ਹੈ ਕਿ ਰਾਤ ਜਿੰਨੀ ਹੀ ਕਾਲੀ ਹੋਵੇਗੀ, ਸੂਰਜ ਉਨ੍ਹਾਂ ਹੀ ਚਮਕੀਲਾ ਹੋਵੇਗਾ। ਇਹ ਸੰਵੇਦਨਾ ਅਤੇ ਆਸ਼ਾ ਹਰ ਸਮੇਂ ਅਤੇ ਹਰ ਯੁਗ ਦੀ ਪ੍ਰਗਤੀ ਅਤੇ ਕ੍ਰਾਂਤੀ ਦੀ ਜ਼ਰੂਰਤ ਹੁੰਦੀ ਹੈ, ਸੁਪਨਾ ਹੀ ਯੁਗ ਪਲਟੀ ਦਾ ਇੱਕੋ-ਇੱਕ ਸਰੋਤ ਹੁੰਦਾ ਹੈ।

ਵਰਤਮਾਨ ਭੂ-ਮੰਡਲੀ ਧਾਰਾ ਦੀ ਗ੍ਰਿਫਤ ਵਿੱਚ ਹੈ। ਸਮੁੱਚਾ ਸੰਸਾਰ ਜਿੱਥੇ ਪਿੰਡ ਬਣਿਆ ਹੋਇਆ ਹੈ ਅਤੇ ਫ਼ੀਦਲ ਕਾਸਤਰੋ ਦੇ ਸ਼ਬਦਾਂ ਵਿੱਚ ਤਾਂ ਸੰਸਾਰ ਸਮੁੰਦਰ 'ਚ ਤਰਦਾ ਇੱਕ ਜਹਾਜ਼ ਹੀ ਹੈ ਪ੍ਰੰਤੂ ਇਸ ਜਹਾਜ਼ ਵਿੱਚ ਵੀ ਵਰਗ ਉਸੇ ਤਰ੍ਹਾਂ ਬਰਕਰਾਰ ਹੈ। ਜਹਾਜ਼ ਵਿੱਚ ਇੱਕ ਪਾਸੇ ਭੁੱਖ, ਬਿਮਾਰੀ, ਦਰਿਦਰਤਾ ਹੈ ਅਤੇ ਦੂਸਰੇ ਪਾਸੇ ਸੁਖ-ਸੁਵਿਧਾਵਾਂ ਦੇ ਰਾਕਟ 'ਤੇ ਸਵਾਰ ਪੂੰਜੀ ਦੇ ਹੰਕਾਰੇ ਲੋਕ। ਗੁਰਨਾਮ ਢਿਲੋਂ ਦੀ 'ਤੂੰ ਕੀ ਜਾਣੇ' ਇਸ ਅੱਤ ਦੀ ਨਾਬਰਾਬਰੀ ਦੇ ਵਿਦਰੋਹ ਚੋਂ ਉਪਜੀ ਪੁਸਤਕ ਹੈ। ਇਸ ਪੁਸਤਕ ਵਿਚਲੀ ਪਰਵਾਸ ਦੀ ਪੀੜਾ ਦਾ ਅਸਲ ਕਾਰਨ ਆਰਥਿਕ ਨਾ ਬਰਾਬਰੀ ਹੈ। ਮਨੁੱਖ ਦੀ ਸੁਖ ਸੁਵਿਧਾਵਾਂ ਅਤੇ ਵਸਤੂ-ਮੋਹ ਨੇ ਵੀ ਮਨੁੱਖ ਨੂੰ ਮਸ਼ੀਨ ਬਣਾ ਦਿੱਤਾ ਹੈ। ਮੌਜੂਦਾ ਸਮੇਂ ਵਿਚ ਹਰ ਮਨੁੱਖ ਪਰਵਾਸ ਭੋਗ ਰਿਹਾ ਹੈ। ਬਿਹਾਰ ਚੋਂ ਆਏ ਪੂਰਬੀਏ (ਭਈਏ) ਅਤੇ ਅਰਬ 'ਚ ਗਏ ਪੰਜਾਬੀਆਂ ਦਾ ਪਰਵਾਸ ਭੋਗਣਾ ਕਾਫੀ ਜਾਇਜ਼ ਨਜ਼ਰ ਆਉਂਦਾ ਹੈ, ਪ੍ਰੰਤੂ ਯੂਰਪ, ਅਮਰੀਕਾ, ਕੈਨੇਡਾ ਆਦਿ ਪ੍ਰਵਾਸੀਆਂ ਦਾ ਨੋਸਟੈਲਜੀਆ ਅਤੇ ਦੇਸ ਮੋਹ ਕਾਫੀ ਵੱਡਾ ਸੁਆਂਗ ਦਿਖਾਈ ਦਿੰਦਾ ਹੈ। ਯੂਰਪ, ਅਮਰੀਕਾ, ਕੈਨੇਡਾ ਆਦਿ ਦੇਸਾਂ 'ਚ ਜਾਣ ਵਲੋਂ ਕਿਸੇ ਆਰਥਿਕ ਪਛੜੇਵੇਂ 'ਚੋਂ ਪਰਵਾਸ ਨਹੀਂ ਭੋਗਦੇ ਸਗੋਂ ਇਸ ਵਸਤੂਆਂ ਦੇ ਬਜ਼ਾਰ ਵਿਚ ਵਸਤੂ ਬਣ ਜਾਣ ਲਈ ਹੀ ਪਰਵਾਸ ਭੋਗਦੇ ਹਨ। ਗੁਰਨਾਮ ਢਿਲੋਂ ਦੀ ਇਸ ਪੁਸਤਕ ਵਿਚ ਸੂਚਨਾ ਕ੍ਰਾਂਤੀ, ਉਦਰੇਵਾਂ, ਆਰਥਿਕ ਪਛੜੇਵਾਂ ਅਤੇ ਪਰਵਾਸ ਸਭ ਕੁਝ ਸ਼ਾਮਲ ਹੈ। ਇਸ ਤੋਂ ਪਹਿਲਾਂ ਉਸ ਦੇ ਤਿੰਨ ਕਾਵਿ ਸੰਗ੍ਰਹਿ 'ਤੇਰੇ ਨਾਂ ਦਾ ਮੌਸਮ', 'ਹੱਥ ਤੇ ਹਥਿਆਰ' ਅਤੇ 'ਅੱਗ ਦੇ ਬੀਜ' ਛਪ ਚੁੱਕੇ ਹਨ। 'ਤੂੰ ਕੀ ਜਾਣੇ' ਕਾਵਿ ਸੰਗ੍ਰਹਿ ਵਿਚ ਹੀ ਨਹੀਂ ਸਗੋਂ ਸਮੁੱਚੇ ਪ੍ਰਵਾਸੀਆਂ ਦੀਆਂ ਲਿਖਤਾਂ ਵਿਚੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਹ ਕਈ ਦਹਾਕੇ ਉਸ ਦੇਸ਼ ਵਿਚ ਰਹਿਣ ਦੇ ਬਾਵਜੂਦ ਉਸਨੂੰ ਆਪਣੇ ਦੇਸ਼, ਸੱਭਿਆਚਾਰ ਜਾਂ ਭਾਸ਼ਾ ਨਹੀਂ ਕਬੂਲਦੇ। ਉਥੋਂ ਦੇ ਸਥਾਨਕ ਲੋਕਾਂ ਨਾਲ ਵੀ ਸਾਂਝ ਨਹੀਂ ਪਾਲਦੇ ਸਗੋਂ ਉਹਨਾਂ ਦੇ ਸੱਭਿਆਚਾਰ ਅਤੇ ਪਹਿਰਾਵੇ ਨੂੰ ਵੀ ਅਸ਼ਲੀਲਤਾ ਵਜੋਂ ਪੇਸ਼ ਕਰਦੇ ਹਨ। ਜਿਸ ਦੇਸ਼ ਵਿਚ ਸਾਰੀ ਉਮਰ ਅਤੇ ਸਾਰੇ ਮੋਹੀ ਰਿਸ਼ਤੇ ਹਨ, ਉਸਨੂੰ ਆਪਣਾ ਦੇਸ਼ ਨਾ ਸਮਝਣਾ ਵੀ ਡੂੰਘੇ ਸੰਕਟ ਨੂੰ ਜਨਮ ਦਿੰਦਾ ਹੈ।

'ਤੂੰ ਕੀ ਜਾਣੇ' ਸੰਗ੍ਰਹਿ ਵਿਚ ਗੁਰਨਾਮ ਢਿਲੋਂ ਦੀਆਂ ਪਿਛਲੇ ਤਿੰਨ ਸਾਲਾਂ ਵਿਚ ਲਿਖੀਆਂ ਰਚਨਾਵਾਂ ਸ਼ਾਮਲ ਹਨ। ਇਸ ਸਮੇਂ ਭਾਰਤ ਵਿਚ ਉਭਰੀ ਮੂਲਵਾਦ ਦੀ ਸੰਪ੍ਰਦਾਇਕਤਾ ਨੇ ਉਸਦੇ ਭੂ-ਹੇਰਵੇ ਨੂੰ ਤਿੱਖਿਆਂ ਕੀਤਾ ਹੈ। ਉਸਦੇ 'ਅਸਲੀ ਘਰ' ਭਾਵ ਦੇਸ਼ ਵਿਚ ਜਦੋਂ ਫਾਸ਼ੀਵਾਦੀ ਹਨੇਰੀ ਝੁਲ ਰਹੀ ਹੋਵੇ



ਤਦ ਉਸਦਾ ਇਸ ਪ੍ਰਤੀ ਭਾਵੁਕ ਹੋਣਾ ਸੁਭਾਵਕ ਹੈ। ਇਸ ਕਾਵਿ ਸੰਗ੍ਰਹਿ ਵਿਚ ਜਦੋਂ, ਜੋ ਹੈ ਅਤੇ ਕਾਲੀਏ ਜਿਹੀਆਂ ਰਚਨਾਵਾਂ ਇਸ ਫਾਸ਼ੀਵਾਦ ਦੇ ਵਿਰੋਧ ਵਜੋਂ ਉਭਰਕੇ ਸਾਹਮਣੇ ਆਉਂਦੀਆਂ ਹਨ। 'ਜੋ ਹੈ' ਕਵਿਤਾ ਪਾਦਰੀ ਸਟੇਨਜ਼ ਅਤੇ ਉਸਦੇ ਦੋ ਪੁੱਤਰਾਂ ਦੀ ਭਿਆਨਕ ਮੌਤ ਨੂੰ ਸਮਰਪਤ ਹੈ। ਉਸਦੀ ਮਾਨਵੀ ਹੂਕ ਸਮੁੰਦਰ ਪਾਰ ਬੈਠਿਆਂ ਹੀ ਇਸ ਅਮਾਨਵੀ ਕਾਰੇ 'ਤੇ ਕੂਕ ਰਹੀ ਹੈ। ਇਸ ਇਕ ਦਿਲ ਚੀਰਵੀਂ ਘਟਨਾ ਨੇ ਉਸ ਕੋਲੋਂ ਕਵਿਤਾ ਦੀ ਸਿਰਜਣਾ ਕਰਵਾਈ। ਪ੍ਰੰਤੂ ਪੰਜਾਬ ਵਿਚ ਬੈਠੇ ਬਹੁਤੇ ਕਵੀ ਗੁਜਰਾਤ ਵਿਚ ਹੋਏ ਭਿਆਨਕ ਕਤਲੇਆਮ 'ਤੇ ਬਹੁਤ ਘੱਟ ਲਿਖ ਰਹੇ ਹਨ। ਕੀ ਬਾਰਸ਼ ਵਾਂਗ ਹੋ ਰਿਹਾ ਜ਼ੁਲਮ ਵੀ 'ਅਦ੍ਰਿਸ਼ਟ' ਹੋ ਜਾਂਦਾ ਹੈ। ਇਹ ਕਿਹੋ ਜਿਹੀ ਕਲਾਤਮਿਕਤਾ ਜਾਂ ਕਲਾ ਹੈ ਜੋ ਪੰਜਾਬ ਵਿਚ ਝੁਲ ਰਹੀ ਹਨੇਰੀ ਤਾਂ ਬਹੁਤ ਰਚਨਾਵਾਂ ਦੀ ਸਿਰਜਣਾ ਕਰਵਾਉਂਦੀ ਹੈ ਪ੍ਰੰਤੂ ਸਾਡੇ ਦੇਸ਼ ਵਿਚ ਇਸ ਸਰਕਾਰੀ ਦਹਿਸ਼ਤਗਰਦੀ ਨੂੰ ਅੱਖੋਂ ਉਹਲੇ ਕਰ ਦਿੰਦੀ ਹੈ। ਇਹ ਸਾਡੇ ਸਮੇਂ ਦੇ ਸੰਕਟ ਨੂੰ ਸਮਝਣ ਵਾਲਾ ਇਕ ਡੂੰਘਾ ਸਵਾਲ ਹੈ ? ਮਾਨਵ ਦੀ ਰਾਖੀ ਲਈ ਲੜਨਾ ਕਲਾਕਾਰ ਦਾ ਸਭ ਤੋਂ ਵੱਡਾ ਫਰਜ਼ ਹੁੰਦਾ ਹੈ ਅਤੇ ਇਹ ਫਰਜ਼ ਵਿਦੇਸ਼ 'ਚ ਰਹਿੰਦਿਆਂ ਵੀ ਗੁਰਨਾਮ ਢਿਲੋਂ ਨਿਭਾਅ ਰਿਹਾ ਹੈ।

ਉਹ ਲੰਬੇ ਸਮੇਂ ਤੋਂ ਭਾਵੇਂ ਵਿਦੇਸ਼ ਵਿਚ ਰਹਿ ਰਿਹਾ ਹੈ ਪ੍ਰੰਤੂ ਉਸ ਸੱਭਿਆਚਾਰ ਨੂੰ ਅਜੇ ਤੱਕ ਕਬੂਲਣ ਦੀ ਸਥਿਤੀ ਵਿਚ ਨਹੀਂ ਪਹੁੰਚਦਾ। ਜੇ ਭਾਰਤ ਵਿਚ ਫਾਸ਼ੀਵਾਦ ਦਾਖਲ ਹੋ ਗਿਆ ਹੈ, ਤਦ ਉਸਦੇ ਆਪਣੇ 'ਦੇਸ਼' ਬਰਤਾਨੀਆ ਵਿਚ ਹੀ ਨਹੀਂ ਸਗੋਂ ਸਮੁੱਚੀ ਦੁਨੀਆ ਵਿਚ ਅਮਾਨਵੀ ਕਾਰੇ ਵਾਪਰ ਰਹੇ ਹਨ। ਦੁਨੀਆ ਦੇ ਸਭ ਤੋਂ ਵੱਡੇ 'ਮਾਨਵਵਾਦੀ' ਦੇਸ਼ ਅਮਰੀਕਾ ਵਿਚ ਰੇਸਿਜ਼ਮ, ਭੁੱਖ, ਗਰੀਬੀ ਜਿਹੇ ਮਸਲੇ ਮਨੁੱਖ ਨੂੰ ਮਨੁੱਖ ਹੱਥੋਂ ਕਤਲ ਕਰਵਾ ਰਹੇ ਹਨ। ਹੋਰਨਾਂ ਦੇਸ਼ਾਂ 'ਤੇ ਹਮਲੇ ਕਰਕੇ ਉਥੋਂ ਦੀ ਆਮ ਜਨਤਾ ਨੂੰ ਮਾਰਨਾ ਉਸਦਾ ਸਭ ਤੋਂ ਵੱਡਾ ਮਾਨਵਵਾਦ ਹੈ। ਇਹ ਉਹੋ ਜਿਹਾ ਹੀ ਮਨੁੱਖ ਮਾਰੂ ਤਮਾਸ਼ਾ ਹੈ, ਜਿਵੇਂ ਗੁਲਾਮ ਯੁੱਗ ਵਿਚ ਮਾਲਕ ਗਲੈਡੀਏਟਰਾਂ ਦਾ ਦੇਖਿਆ ਕਰਦੇ ਸਨ। ਮਜ਼ਦੂਰ ਦਾ ਕੋਈ ਦੇਸ਼ ਨਹੀਂ ਹੁੰਦਾ। ਮੇਰੇ ਖਿਆਲ ਮੁਤਾਬਕ ਕਵੀ ਦਾ ਵੀ ਕੋਈ ਦੇਸ਼ ਨਹੀਂ ਹੁੰਦਾ। ਸੰਵੇਦਨਾ ਹੀ ਉਸ ਦਾ ਸਭ ਤੋਂ ਗੂੜ੍ਹੀ ਦੋਸਤ ਹੁੰਦੀ ਹੈ। ਇਸ ਲਈ ਜਿਸ ਵੀ ਦੇਸ਼ ਵਿਚ ਅਮਾਨਵੀ ਕਾਰਜ ਵਾਪਰ ਰਿਹਾ ਹੋਵੇ, ਉਸ ਲਈ ਲੜਨਾ ਅਤੇ ਰਚਨਾ ਕਰਨਾ ਕਲਾਕਾਰ ਦਾ ਸਭ ਤੋਂ ਮੁੱਢਲਾ ਕਾਰਜ ਹੁੰਦਾ ਹੈ। ਕਲਾਕਾਰ ਅਤੇ ਬੁਧੀਜੀਵੀ ਹੀ ਸੱਚਮੁੱਚ ਦੇ ਮਾਨਵੀ ਸੁਰ ਹੁੰਦੇ ਹਨ। ਅੱਜ ਦੇ ਯੁੱਗ ਨੇ ਇਹ ਫੈਸਲੇ ਦੀ ਘੜੀ ਵਿਚ ਮਨੁੱਖ ਨੂੰ ਕਿਨ੍ਹਾਂ ਦਿਸਹੱਦਿਆਂ ਵੱਲ ਲੈ ਜਾਣਾ ਹੈ, ਇਹ ਸੱਚੀ ਕਲਾ ਹੀ ਦੱਸ ਸਕੇਗੀ।

'ਲਾਟੂ' ਰਾਹੀਂ ਉਹ ਪੰਜਾਬ ਦੀ ਕਿਸਾਨੀ ਅਤੇ ਰਾਜਨੀਤਕ ਮੰਜ਼ਰ ਨੂੰ ਪੇਸ਼ ਕਰਦਾ ਹੈ। ਇਸ ਕਵਿਤਾ ਵਿਚ ਕਿਸਾਨ ਦੇ ਕਰਜ਼ਿਆਂ ਅਤੇ ਖੁਦਕੁਸ਼ੀਆਂ ਬਾਰੇ ਟਿੱਪਣੀ ਉਸ ਯਥਾਰਥ ਨੂੰ ਪੇਸ਼ ਕਰਨ 'ਚ ਅਸਮਰੱਥ ਰਹਿੰਦੀ ਹੈ। ਇਹਨਾਂ ਮੁਸ਼ਕਲਾਂ ਦਾ ਅਸਲੀ ਹੱਲ ਹੁਣ ਕਿਸਾਨ ਕੋਲ ਵੀ ਨਹੀਂ ਹੈ। ਪੰਜਾਬ ਹੀ ਨਹੀਂ ਸਗੋਂ ਸਾਰੇ ਭਾਰਤ ਵਿਚ ਕਿਸਾਨ ਦੀ ਘਟ ਰਹੀ ਜ਼ਮੀਨ ਅਤੇ ਉਪਭੋਗੀ ਸੰਸਾਰ ਦੇ ਪ੍ਰਚਾਰ ਮੀਡੀਏ ਨੇ ਜੋ ਸ਼ੌਕ ਕਿਸਾਨੀ ਵਿਚ ਪੈਦਾ ਕਰ ਦਿੱਤੇ ਹਨ, ਉਸ ਦੀ ਲੋੜ ਬਹੁਤਾ ਪੈਸਾ ਹੈ ਅਤੇ ਸੀਮਤ ਸਾਧਨਾਂ ਕਾਰਨ ਇਸ ਪੈਸੇ ਦੀ ਅਣਹੋਂਦ ਕਰਜ਼ੇ ਨੂੰ ਜਨਮ ਦਿੰਦੀ ਹੈ। ਇਸ ਕਰਜ਼ੇ ਦਾ ਨਾ ਮੋੜਿਆ ਜਾਣਾ ਖੁਦਕਸ਼ੀਆਂ ਨੂੰ ਜਨਮ ਦਿੰਦਾ ਹੈ। ਗੁਰਨਾਮ ਢਿਲੋਂ ਭਾਰਤ/ਪੰਜਾਬ ਬਾਰੇ ਕਵਿਤਾਵਾਂ ਰਚਦਾ ਹੈ ਜਦੋਂ ਕਿ ਰਹਿੰਦਾ U.K. ਵਿਚ ਹੈ। ਜਦੋਂ ਉਹ ਕਿਊਬਾ ਜਾ ਕੇ ਉਥੋਂ ਦੀ ਵਿਵਸਥਾ ਕਿਸਾਨੀ, ਮਜ਼ਦੂਰ, ਸਰਕਾਰ ਬਾਰੇ ਥੋੜ੍ਹੇ ਦਿਨਾਂ ਵਿਚ ਹੀ ਨਿਰਣਾ ਕਰਦਾ ਅਤੇ ਰਚਨਾਵਾਂ ਲਿਖਦਾ ਹੈ ਤਦ ਉਹ ਬਰਤਾਨੀਆ ਵਿਚ ਰਹਿੰਦੇ ਹੋਏ ਉਥੋਂ ਦੇ ਲੋਕਾਂ ਦੀਆਂ ਮੁਸ਼ਕਲਾਂ ਬਾਰੇ ਰਚਨਾਵਾਂ ਸ਼ਿੱਦਤ ਨਾਲ ਨਹੀਂ ਕਰਦਾ। ਇਸੇ ਕਾਰਨ ਉਸਦੀ ਕਵਿਤਾ ਦੀ ਤਰਲਤਾ ਨਵੇਂ ਯੁੱਗ ਦੇ ਬਰਾਬਰ ਨਹੀਂ ਚੱਲਣ ਦਿੰਦੀ। ਪ੍ਰਗਤੀਵਾਦੀ ਧਾਰਾ ਦੇ ਕਵੀ ਗੁਰਨਾਮ ਢਿਲੋਂ ਦੀ 'ਤੂੰ ਕੀ ਜਾਣੇ' ਹਰ ਸਥਿਤੀ ਬਾਰੇ ਦੂਰੋਂ ਕੀਤਾ ਗਿਆ ਵਿਸ਼ਲੇਸ਼ਣ ਹੈ, ਜੋ 'ਨਵੀਂ ਸੱਭਿਅਤਾ' ਕ੍ਰਾਂਤੀ ਯੁੱਗ ਬਾਰੇ

ਅਧੂਰੇਪਨ ਦੀ ਖਰਵੀ ਸੁਰ ਉਭਾਰਦਾ ਹੈ। ਪ੍ਰਗਤੀਵਾਦੀ ਕਵੀ ਨੂੰ ਪ੍ਰਗਤੀਸ਼ੀਲਤਾ ਬਾਰੇ ਚੇਤੰਨ ਹੋਣਾ ਚਾਹੀਦਾ ਹੈ।

'ਮੁਕਤੀ' ਇਸ ਕਾਵਿ ਸੰਗ੍ਰਹਿ ਦੀ ਸਭ ਤੋਂ ਸਸ਼ਕਤ ਕਵਿਤਾ ਹੈ। ਇਸ ਕਵਿਤਾ ਵਿਚ ਲੇਟ ਕੈਪਟਲਿਜ਼ਮ ਦੇ ਸੱਭਿਆਚਾਰਕ ਹਥਿਆਰ ਨੇ ਸਭ ਕੁਝ ਨੂੰ ਜਸ਼ਨ ਵਿਚ ਤਬਦੀਲ ਕਰ ਦਿੱਤਾ ਹੈ। ਸਾਰੇ ਦੁੱਖਾਂ ਨੂੰ ਭੁੱਲ ਕੇ ਹਰ ਚੀਜ਼ ਦਾ ਜਸ਼ਨ ਮਨਾਉ। ਜਦੋਂ ਇਤਿਹਾਸ, ਵਿਚਾਰਧਾਰਾ, ਬਿਰਤਾਂਤ, ਮਹਾਂ ਬਿਰਤਾਂਤ ਗੱਲ ਕੀ ਹਰ ਇਕ ਚੀਜ਼ ਦਾ ਅੰਤ ਹੈ, ਤਦ ਜਸ਼ਨ ਪੈਦਾ ਹੁੰਦਾ ਹੈ ਅਤੇ ਇਹ ਜਸ਼ਨ ਮਨੁੱਖ ਨੂੰ ਮਨੁੱਖੀ ਜਨਮ ਦੇ ਅੰਤ ਵੱਲ ਲੈ ਜਾਂਦਾ ਹੈ। 'ਮੁਕਤੀ' ਇਸ ਜਸ਼ਨ 'ਤੇ ਡੂੰਘਾ ਕਟਾਖਸ਼ ਹੈ।

ਤ੍ਰਿਸ਼ਨਾ ਬੇਕਾਬੂ ਹੋ-ਹੋ ਮਚਲੀ ਹੈ
ਹੋਸ਼ ਆਹਿਸਤਾ-ਆਹਿਸਤਾ ਸੌਂ ਚੱਲੀ ਹੈ
ਅੱਖੀਆਂ ਸਾਹਵੇਂ ਸੈਂਕੜੇ ਅਨਾਰ ਖਿੜ ਰਹੇ ਨੇ
ਪੱਤੇ ਪੱਤੀਆਂ ਦੇ ਭਿੱਤ
ਸਪਾਟ ਖੁੱਲ੍ਹ ਰਹੇ, ਖਹਿ ਰਹੇ ਨੇ, ਭਿੜ ਰਹੇ ਨੇ। *—ਤਸਕੀਨ*

## 'ਸਮਕਾਲੀ ਮਾਰਕਸੀ ਚਿੰਤਨ' (ਭੀਮ ਇੰਦਰ ਸਿੰਘ)

ਨੌਜਵਾਨ ਭੀਮਇੰਦਰ ਸਿੰਘ ਮਾਰਕਸੀ ਚਿੰਤਕ ਹੈ। ਉਸਦੀ ਪਲੇਠੀ ਪੁਸਤਕ 'ਸਮਾਜ, ਸਿਆਸਤ ਤੇ ਸਾਹਿਤ' ਮਾਰਕਸਵਾਦ ਦੇ ਨਵੇਂ ਸਿਰਿਓਂ ਇਕ ਭਰਪੂਰ ਵਿਚਾਰਧਾਰਕ ਚਰਚਾ ਦਾ ਆਗਾਜ਼ ਕਰਨ 'ਚ ਸਫਲ ਰਹੀ। 'ਸਮਕਾਲੀ ਮਾਰਕਸੀ ਚਿੰਤਨ', ਉਸਦੀ ਇਸ ਦਿਸ਼ਾ ਵੱਲ ਦੂਸਰੀ ਪੁਸਤਕ ਹੈ। ਇਸ ਪੁਸਤਕ ਵਿਚ ਉਸਨੇ ਵਿਸ਼ਵ ਪ੍ਰਸਿੱਧ ਮਾਰਕਸੀ ਚਿੰਤਕਾਂ ਪ੍ਰੋ: ਰਣਧੀਰ ਸਿੰਘ, ਪ੍ਰਭਾਤ ਪਟਨਾਇਕ, ਇਰਫਾਨ ਹਬੀਬ, ਐਜਾਜ਼ ਅਹਿਮਦ, ਡਾ. ਕੇਸਰ ਸਿੰਘ 'ਕੇਸਰ', ਗ੍ਰਾਮਸ਼ੀ, ਵਾਲਟਰ ਬੈਂਜਾਮਿਨ, ਰਾਲਫ ਮਿਲੀਬੈਂਡ, ਜਾਨ ਬਲੇਮੀ ਫ਼ਾਸਟਰ ਅਤੇ ਜੇਮਸ ਪੈਟਰਾਸ ਦੇ ਵੱਖ ਵੱਖ ਵਿਸ਼ਿਆਂ 'ਤੇ ਲਿਖੇ ਲੇਖਾਂ ਨੂੰ ਸੰਪਾਦਤ ਕੀਤਾ ਹੈ ਅਤੇ ਇਨ੍ਹਾਂ ਚੋਂ ਕਈ ਲੇਖ ਹੋਰ ਭਾਸ਼ਾਵਾਂ ਤੋਂ ਪੰਜਾਬੀ ਵਿਚ ਅਨੁਵਾਦ ਕੀਤੇ ਹਨ। ਅੱਜ ਜਦੋਂ ਮਾਰਕਸਵਾਦ ਦੇ ਖਤਮ ਹੋਣ ਦੀਆਂ ਗੱਲਾਂ ਹੋ ਰਹੀਆਂ ਹਨ, ਇਹ ਪੁਸਤਕ ਇਸ ਗੱਲ ਨੂੰ ਉਭਾਰ ਕੇ ਸਾਹਮਣੇ ਲਿਆਉਂਦੀ ਹੈ ਕਿ ਅੱਜ ਸਾਡੇ ਸ਼੍ਰੇਣੀ ਸਮਾਜ ਨੂੰ ਸਮਝਣ ਤੇ ਇਸਨੂੰ ਬਦਲਣ ਲਈ ਮਾਰਕਸਵਾਦ ਇਕੋ ਇੱਕ ਕਾਰਗਰ ਸਿਧਾਂਤ ਹੈ ਅਤੇ ਇਸ ਦੀ ਪ੍ਰਸੰਗਿਕਤਾ ਉਸ ਸਮੇਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਾਮਰਾਜਵਾਦ/ਪੂੰਜੀਵਾਦ ਖਤਮ ਨਹੀਂ ਹੁੰਦਾ।

ਪ੍ਰੋ: ਰਣਧੀਰ ਸਿੰਘ ਦੇ ਲੇਖ 'ਕਾਰਲ ਮਾਰਕਸ ਦੀ ਵਾਪਸੀ' ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪੂੰਜੀਵਾਦ ਦੀ ਰਾਜਨੀਤੀ ਮਨੁੱਖਤਾ ਲਈ ਘਾਤਕ ਹੈ। ਸੋਵੀਅਤ ਯੂਨੀਅਨ ਵਿਚ ਮਾਰਕਸਵਾਦ ਨੂੰ ਇਕ ਰਾਜਸੀ ਧਰਮ ਬਣਾ ਕੇ ਰੱਖ ਦੇਣ ਦੀ ਪ੍ਰੀਕ੍ਰਿਆ ਨੇ ਇਸ ਦੇ ਵਿਕਾਸ ਵਿਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਹਨ। ਪੂੰਜੀ ਦਾ ਪਸਾਰ ਸਿਰਜਣਾਤਮਕ ਮਨੁੱਖੀ ਸ਼ਕਤੀਆਂ ਨੂੰ ਖਤਮ ਕਰਦਾ ਹੈ। ਜਿੰਨਾ ਚਿਰ ਕੰਮ ਦੀ ਪ੍ਰੇਰਨਾ ਪਦਾਰਥਕ ਹੈ, ਉਨਾ ਚਿਰ ਕੰਮ ਦੇ ਦਾਇਰੇ ਵਿਚ ਵਰਕਰ ਜਮਾਤ ਬੁਰਜੂਆ ਪੈਂਤੜੇ 'ਤੇ ਹੈ। ਪੂੰਜੀਵਾਦ ਵਲੋਂ ਮਨੁੱਖੀ ਜ਼ਿਹਨ ਵਿਚ ਭਾਰੂ 'ਪੂੰਜੀ ਇਕੱਠੀ ਕਰਨ ਦੀ ਲਲਕ' ਮਨੁੱਖੀ ਸਿਰਜਣਾਤਮਕ ਸ਼ਕਤੀ ਨੂੰ ਖਤਮ ਕਰਨ ਲਈ ਰਚੀ ਇਕ ਵਿਨਾਸ਼ਕਾਰੀ ਸਾਜ਼ਿਸ਼ ਹੈ।

ਪ੍ਰਭਾਤ ਪਟਨਾਇਕ ਦੇ ਲੇਖ 'ਅਜੋਕੇ ਸਮੇਂ ਵਿਚ ਕਮਿਊਨਿਸਟ ਮੈਨੀਫੈਸਟੋ ਦੀ ਪ੍ਰਸੰਗਿਕਤਾ' ਵਿਚ ਇਸ ਇਤਿਹਾਸਕ ਘੋਸ਼ਣਾ ਪੱਤਰ ਤੇ ਉਪਨਿਵੇਸ਼ਵਾਦ. ਮਾਰਕਸਵਾਦ ਵਿਸ਼ਵ ਦ੍ਰਿਸ਼ਟੀਕੋਣ ਦਾ ਵਿਸਤਾਰ ਅਤੇ ਪੂਰਬ ਦਾ ਸਵਾਲ, ਮਾਰਕਸਵਾਦੀ ਸਿਧਾਂਤ ਦਾ ਪੁਨਰਗਠਨ, ਵਿਸ਼ਵ ਪੂੰਜੀਵਾਦ ਦਾ ਸੰਕਟ, ਵਿੱਤੀ ਪੂੰਜੀ ਦਾ ਨਵਾਂ ਸਰੂਪ ਅਤੇ ਤੀਸਰੀ ਦੁਨੀਆ ਦਾ ਸੰਕਟ ਆਦਿ ਤੱਥਾਂ ਨੂੰ ਆਧਾਰਭੂਤ ਤੱਥ ਮੰਨ ਕੇ ਚਰਚਾ



ਕੀਤੀ ਗਈ ਹੈ। ਸਹੀ ਸੰਕਲਪ ਅਮਲ ਨੂੰ ਸਹੀ ਰਸਤਾ ਵਿਖਾਉਂਦੇ ਹਨ। ਗਲਤ ਵਿਚਾਰਧਾਰਾ ਲੋੜੀਂਦੇ ਤੇ ਲਾਗੂ ਤੱਥਾਂ ਨੂੰ ਅੱਖਾਂ ਦੇ ਸਾਹਮਣੇ ਹੀ ਨਹੀਂ ਆਉਣ ਦਿੰਦੀ। ਇਸੇ ਕਰਕੇ ਹੀ ਲੈਨਿਨ ਨੇ ਕਿਹਾ ਸੀ ਕਿ ਮਾਰਕਸਵਾਦ ਸਿਧਾਂਤ ਤੇ ਅਮਲ ਦੀ ਏਕਤਾ ਨੂੰ ਬੁਨਿਆਦੀ ਕਰਾਰ ਦਿੰਦਾ ਹੈ। ਜਾਰਜ ਲੂਕਾਚ ਨੇ ਵੀ ਕਿਹਾ ਕਿ ਸਿਧਾਂਤ ਵਿਹਾਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਇਰਫਾਨ ਹਬੀਬ ਆਪਣੇ ਲੇਖ 'ਭਾਰਤ ਅੰਦਰ ਕੌਮੀਅਤ ਦਾ ਸਵਾਲ' ਰਾਹੀਂ ਇਹ ਗੱਲ ਉਭਾਰਦਾ ਹੈ ਕਿ ਇਹ ਇਕ ਮਹੱਤਵਪੂਰਣ ਜਨਵਾਦੀ ਕਾਰਜ ਹੈ ਕਿ ਵਿਭਿੰਨ ਕੌਮੀਅਤਾਂ ਦੀ ਅਗਵਾਈ ਕਰਨ ਵਾਲੇ ਰਾਜਾਂ ਵਿਚ ਜ਼ਿਆਦਾਤਰ ਸੰਭਵ ਅਧਿਕਾਰਾਂ ਲਈ ਸੰਘਰਸ਼ ਕੀਤਾ ਜਾਵੇ। ਇਹ ਇਨ੍ਹਾਂ ਰਾਜਾਂ ਦੀ ਏਕਤਾ ਲਈ ਅਤਿ ਜ਼ਰੂਰੀ ਹੈ। ਇਸ ਤੱਥ ਨੂੰ ਉਸਨੇ ਭਾਰਤ ਦੇ ਸੰਦਰਭ ਵਿਚ ਵਾਚ ਕੇ ਹਿੰਦੂ ਫਾਸ਼ੀਵਾਦ ਦਾ ਵਿਰੋਧ ਕਰਦੇ ਹੋਏ ਖੱਬੇ ਪੱਖੀ ਅੰਦੋਲਨਾਂ ਸਿਰ ਇਹ ਜ਼ਿੰਮੇਵਾਰੀ ਲਾਈ ਹੈ ਕਿ ਉਹ ਇਸ ਸਮੇਂ ਆਪਣੀ ਇਤਿਹਾਸਕ ਭੂਮਿਕਾ ਨੂੰ ਪਹਿਚਾਣ ਕੇ ਕੌਮੀਅਤਾ ਦੇ ਪ੍ਰਤਿਕਿਰਿਆਵਾਦੀ ਅਤੇ ਧਾਰਮਕ ਕੱਟੜਤਾ 'ਤੇ ਆਧਾਰਿਤ ਅੰਦੋਲਨ ਦਾ ਪੂਰੀ ਤਾਕਤ ਨਾਲ ਵਿਰੋਧ ਕਰਨ।

ਸਾਹਿਤ ਦਾ ਵਿਚਾਰਧਾਰਕ ਰੋਲ ਬਹੁਤ ਅਹਿਮ ਹੈ। ਸਾਹਿਤ ਦੀ ਰਚਨਾ ਵਾਸਤੇ ਸਮਾਜ ਵਿਚ ਲੋਕਾਂ ਦੀ ਜ਼ਿੰਦਗੀ ਅਮੁੱਕ ਖਜ਼ਾਨਾ ਹੈ। ਸਵਾਲ ਹੈ, ਉਸਨੂੰ ਸਮਝਣ ਦਾ, ਤੇ ਮਨੁੱਖ ਦੀ ਬੋਲੀ ਵਿਚ ਪੇਸ਼ ਕਰਨ ਦਾ ਅਤੇ ਇਸ ਪੇਸ਼ਕਾਰੀ ਰਾਹੀਂ ਸਮਾਜ ਦੀ ਤੁਰਦੀ ਤੋਰ ਨੂੰ ਕਲਚਰਲ ਅਗਵਾਈ ਦੇਣ ਦਾ। ਸਾਹਿਤਕਾਰ ਦਾ ਲੋਕਾਂ ਨਾਲ ਰਿਸ਼ਤਾ 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ' ਵਾਲਾ ਹੋਣਾ ਚਾਹੀਦਾ ਹੈ। ਚੀ ਗਵੇਰਾ ਨੇ ਕਿਹਾ ਸੀ ਕਿ ਚੁਪੇੜ ਕਿਸੇ ਦੇ ਮੂੰਹ 'ਤੇ ਵੱਜੇ, ਪੀੜ ਸਾਡੀ ਗੱਲ੍ਹ 'ਤੇ ਹੋਣੀ ਚਾਹੀਦੀ ਹੈ। ਆਧੁਨਿਕ ਪੰਜਾਬੀ ਸਾਹਿਤ ਬਾਰੇ ਵਿਚਾਰ ਚਰਚਾ ਕਰਦੇ ਹੋਏ ਡਾ. ਕੇਸਰ ਸਿੰਘ 'ਕੇਸਰ' ਆਪਣੇ ਲੇਖ 'ਸਮਕਾਲੀ ਸਥਿਤੀਆਂ ਤੇ ਪੰਜਾਬੀ ਸਾਹਿਤ' ਵਿਚ ਚਿੰਤਾ ਜ਼ਾਹਿਰ ਕਰਦੇ ਹਨ ਕਿ ਅੱਜ ਦਾ ਸਾਹਿਤਕਾਰ ਇਕ ਪ੍ਰਕਾਰ ਦੇ ਖਲਾਅ ਵਿਚ ਭਟਕ ਰਿਹਾ ਹੈ। ਨਾ ਕਿਸੇ ਸਮਾਜਕ ਇਨਕਲਾਬ ਦੀ ਉਭਰਵੀਂ ਸਥਿਤੀ ਹੈ ਤੇ ਨਾ ਹੀ ਕਿਸੇ ਸ਼ਕਤੀਸ਼ਾਲੀ ਸਿਆਸੀ ਵਿਚਾਰਧਾਰਾ ਦਾ ਬੋਲਬਾਲਾ ਹੈ। ਹਰ ਪ੍ਰਕਾਰ ਦੇ ਨੈਤਿਕ ਮੁੱਲ ਬੇਅਰਥ ਅਤੇ ਅਪ੍ਰਸੰਗਕ ਹੁੰਦੇ ਜਾ ਰਹੇ ਹਨ, ਹਿੰਸਾ ਜਾਇਜ਼ ਹੋ ਗਈ ਹੈ, ਮਾਨਵੀ ਦੁੱਖ ਦਰਦ ਪ੍ਰਤੀ ਉਦਾਸੀਨਤਾ ਤੇ ਲਾਪਰਵਾਹੀ ਵਧ ਰਹੀ ਹੈ। ਕਈ ਵਾਰ ਮਨ ਵਿਚ ਅਜਿਹੇ ਪ੍ਰਸ਼ਨ ਆਉਂਦੇ ਹਨ ਕਿ ਜੇ ਭਵਿੱਖ ਦੀ ਸੰਭਾਵਨਾ ਹੀ ਨਹੀਂ, ਤੇ ਜੇ ਵਿਚਾਰਧਾਰਾਵਾਂ ਉੱਡ-ਪੁੱਡ ਗਈਆਂ ਹਨ ਤਾਂ ਕੀ ਮਨੁੱਖ ਜਿਉਂਦਾ ਹੈ ? ਕੀ ਜੋ ਸ਼ਬਦ ਘਾੜਤ ਹੋ ਰਹੀ ਹੈ, ਉਸਨੂੰ ਸਾਹਿਤ ਕਿਹਾ ਜਾ ਸਕਦਾ ਹੈ ?

ਸਾਹਿਤ ਦਾ ਉਦੇਸ਼ ਹੁੰਦਾ ਹੈ ਆਪਣੇ ਪਾਠਕ ਦੇ ਦਿਲ ਦਿਮਾਗ ਦੀ, ਮਨ ਦੇ ਵੇਗ ਦੀ ਕਾਇਆ ਪਲਟੀ ਕਰਨਾ। ਉਸਦੇ ਮਨ ਨੂੰ ਤਿਆਰ ਕਰ ਲੈਣਾ ਕਿ ਪੇਸ਼ ਕੀਤਾ ਜਾ ਰਿਹਾ ਨਜ਼ਰੀਆ ਸਹੀ ਹੈ। ਸਾਹਿਤਕ ਰਚਨਾ ਮੋਟੇ ਤੌਰ 'ਤੇ ਪਾਠਕ ਨੂੰ ਆਪਣੇ ਨਾਇਕ ਦਾ ਹਾਮੀ ਬਣਾਉਂਦੀ ਹੈ। ਇਸੇ ਪ੍ਰਸੰਗ ਵਿਚ ਵਿਸ਼ਵ ਸਾਹਿਤ ਪ੍ਰਤੀ ਚਰਚਾ ਕਰਦਾ ਹੋਇਆ ਐਜਾਜ਼ ਅਹਿਮਦ ਜਿੱਥੇ ਬਹੁਤ ਪੱਖਾਂ ਤੇ ਮਾਰਕਸ ਦੀ ਵਿਚਾਰਧਾਰਾ ਨੂੰ ਜਾਇਜ਼ ਮੰਨਦਾ ਹੈ, ਉਥੇ ਉਸ ਦੀ ਵਿਚਾਰਧਾਰਾ ਦੇ ਕੁੱਝ ਪੱਖਾਂ ਨੂੰ ਨਕਾਰਦਾ ਵੀ ਹੈ। ਅੰਤ ਵਿਚ ਉਹ ਇਸ ਸਿੱਟੇ 'ਤੇ ਪੁੱਜਦਾ ਹੈ ਕਿ ਸਾਹਿਤ ਆਪਣੀਆਂ ਭਾਸ਼ਾਵਾਂ ਵਿਚ ਏਨੀ ਗਹਿਰਾਈ ਨਾਲ ਲਿਖਿਆ ਜਾਂਦਾ ਕਿ 'ਸਥਾਨਕ ਤੇ ਰਾਸ਼ਟਰੀ ਸਾਹਿਤ' ਦੇ ਵਿਰੁੱਧ 'ਵਿਸ਼ਵ ਸਾਹਿਤ' ਦੀ ਕਲਪਨਾ ਕਰਨ ਦੀ ਲੋੜ ਨਹੀਂ ਹੈ। ਕਿਸੇ 'ਵਿਸ਼ਵ ਸਾਹਿਤ' ਦਾ ਉਦੈ ਤਾਂ ਹੀ ਹੋ ਸਕਦਾ ਹੈ ਜਦੋਂ ਕਿ ਭਿੰਨ ਭਾਸ਼ਾਵਾਂ, ਸਾਹਿਤਾਂ ਦੇ ਵਸਤੂਗਤ ਸੰਬੰਧਾਂ ਨੂੰ ਪੂਰੀ ਤਰ੍ਹਾਂ ਆਪਸੀ ਅਦਾਨ ਪ੍ਰਦਾਨ ਦੇ ਅਜਿਹੇ ਸਾਂਚੇ ਵਿਚ ਢਾਲਿਆ ਜਾ ਸਕੇ ਜਿਸ ਵਿਚ ਸ਼ੋਸ਼ਣ, ਪ੍ਰਭਾਵ ਅਤੇ ਸ਼੍ਰੇਣੀ ਵੰਡ ਨਾ ਹੋਵੇ। ਖੁਦ ਸਮਾਜਵਾਦ ਦੀ ਤਰ੍ਹਾਂ 'ਵਿਸ਼ਵ ਸਾਹਿਤ' ਵੀ ਇਕ ਦੂਮੇਲ ਹੈ: ਉਸ ਸਮੇਂ ਦਾ ਪੈਮਾਨਾ, ਜਿਸ ਦਾ ਆਉਣਾ ਅਜੇ ਬਾਕੀ ਹੈ ਜਾਂ ਦੂਸਰੇ ਸ਼ਬਦਾਂ ਵਿਚ 'ਵਿਸ਼ਵ ਸਾਹਿਤ' ਮਜ਼ਦੂਰ ਵਰਗ ਦੀ ਤਰ੍ਹਾਂ ਹੀ ਪੂੰਜੀਵਾਦੀ ਬਾਜ਼ਾਰ ਦਾ ਉਤਪਾਦ ਹੈ, ਪਰ ਇਸ ਤੋਂ

ਵੱਖਰਾ ਇਕ ਵਿਰੋਧਾਤਮਕ ਸੰਬੰਧ ਵਿਚ ਵੀ ਖੜ੍ਹਾ ਹੈ।

ਜਾਨ ਬਲੇਮੀ ਫ਼ਾਸਟਰ ਆਪਣੇ ਲੇਖ 'ਮਾਰਕਸ ਅਤੇ ਭੂਮੰਡਲੀਕਰਣ' ਵਿਚ ਮਾਰਕਸ ਦੇ ਵਿਰੋਧ ਦੇ ਇਸ ਕਥਨ ਦੀ ਵਿਵੇਚਨਾ ਕਰਦਾ ਹੈ ਕਿ ਮਿਹਨਤਕਸ਼ ਵਰਗ ਦੇ ਸੰਘਰਸ਼ ਨੂੰ ਸਹੀ ਤਰੀਕੇ ਨਾਲ ਅੱਗੇ ਨਹੀਂ ਵਧਾਇਆ ਜਾ ਸਕਦਾ ਜੇਕਰ ਉਸਨੂੰ ਰਾਸ਼ਟਰੀ ਸੀਮਾਵਾਂ ਵਿਚ ਬੰਨ੍ਹ ਕੇ ਰੱਖਿਆ ਜਾਵੇ, ਕਿਉਂਕਿ ਉਹ ਇਕ ਅਜਿਹੀ ਪੂੰਜੀਵਾਦੀ ਵਿਵਸਥਾ ਦਾ ਸਾਹਮਣਾ ਕਰ ਰਿਹਾ ਹੈ ਜੋ ਭੂਮੰਡਲੀ ਪੈਮਾਨੇ 'ਤੇ ਫੈਲ ਰਹੀ ਹੈ। ਇਸ ਤਰ੍ਹਾਂ ਪੂੰਜੀਵਾਦੀ ਭੂਮੰਡਲੀਕਰਨ ਵਿਕਾਸ ਦੀ ਇਕ ਨਿਰੰਤਰ ਪ੍ਰੀਕ੍ਰਿਆ ਹੈ, ਨਾ ਕਿ ਇਤਿਹਾਸ ਦਾ ਅੰਤ ਬਿੰਦੂ ਹੈ। ਇਸ ਪ੍ਰੀਕ੍ਰਿਆ ਦਾ ਖ਼ੁਦ ਆਪਣੇ ਹੀ ਸਰਵਨਾਸ਼ ਤੱਕ ਪਹੁੰਚਣਾ ਸੁਨਿਸ਼ਚਿਤ ਹੈ। ਪੈਦਾਵਾਰ ਦਾ ਰੂਪ, ਪੈਦਾਵਾਰ ਦੇ ਰਿਸ਼ਤੇ ਓਨਾ ਚਿਰ ਸਮਾਜਵਾਦੀ ਨਹੀਂ ਬਣ ਸਕਦੇ ਜਿੰਨਾ ਚਿਰ ਜਮਾਤੀ ਜੱਦੋਜਹਿਦ ਰਾਹੀਂ ਮਨੁੱਖ ਦੀ ਬਣਤਰ ਸਮਾਜਵਾਦੀ ਨਹੀਂ ਬਣਦੀ। ਏਥੇ ਉਸਾਰ ਦਾ, ਚੇਤਨਤਾ ਦਾ ਰੋਲ ਅਹਿਮ ਹੈ।

ਜੇਮਸ ਪੈਟਰਾਸ ਆਪਣੇ ਲੇਖ 'ਮਾਰਕਸਵਾਦ ਤੋਂ ਬੁੱਧੀਜੀਵੀਆਂ ਦੇ ਭਗੌੜੇ ਹੋਣ ਦੇ ਕਾਰਣ' ਵਿਚ ਇਸ ਗੱਲ 'ਤੇ ਚਿੰਤਤ ਹੈ ਕਿ 'ਵਿਚਾਰਧਾਰਾ ਦੇ ਅੰਤ' ਦਾ ਵਿਗਿਆਨਕ ਮਖੌਟਾ ਅਤੇ ਵਿਸ਼ੇਸ਼ ਕਰਕੇ ਬੁੱਧੀਜੀਵੀਆਂ ਦਾ ਮਾਰਕਸਵਾਦ ਤੋਂ ਭਗੌੜਾਪਣ ਅਜਿਹੇ ਸਮੇਂ ਉਭਰ ਰਿਹਾ ਹੈ, ਜਦੋਂ ਉਨ੍ਹਾਂ ਦੇ ਸ਼ਾਸ਼ਕ ਖੁੱਲ੍ਹੇ-ਆਮ ਵਿਚਾਰਧਾਰਾ, ਪੂੰਜੀਵਾਦ ਅਤੇ ਉਪਰਲੇ ਤਬਕਿਆਂ ਵਿਚ ਦੁਬਾਰਾ ਪੂੰਜੀ ਦੇ ਕੇਂਦਰੀਕਰਣ ਦੀਆਂ ਗੱਲਾਂ ਕਰ ਰਹੇ ਹਨ। ਇਹ ਵਿਸ਼ਵ ਦਾ ਇਤਿਹਾਸਕ ਵਿਗਾੜ ਹੈ। ਇਕੋ ਇਕ ਮਨੁੱਖ ਹਿਤੈਸ਼ੀ ਵਿਚਾਰਧਾਰਾ ਮਾਰਕਸਵਾਦ ਹੈ। ਅੱਜ ਮਾਰਕਸਵਾਦ ਦੇ ਤਿਆਗ ਦਾ ਮਤਲਬ ਜਾਂ ਤਾਂ ਮਨੁੱਖ ਜਾਤੀ, ਉਸਦੀ ਤਕਦੀਰ, ਉਸਦੇ ਭਵਿੱਖ ਵੱਲੋਂ ਸਨਕੀ ਹੋਣਾ ਹੈ ਤੇ ਜਾਂ ਖੁੱਲ੍ਹੇ ਆਮ ਬੁਰਜੂਆ ਪੈਂਤੜੇ ਦੇ ਪੇਟੇ ਪੈ ਜਾਣਾ ਹੈ। ਅਤੇ ਜਾਂ ਆਪਣੇ ਦਿਨ ਪੂਰੇ ਕਰੀ ਜਾਣਾ ਹੈ। ਜੇ ਹਾਲਾਤ ਬੰਦੇ ਨੂੰ ਸਿਰਜਦੇ ਹਨ ਤਾਂ ਮੁੜਦੇ ਪੈਰੀਂ ਉਹ ਵੀ ਹਾਲਾਤ ਨੂੰ ਬਦਲਦਾ ਹੈ। ਬੁੱਧੀਜੀਵੀ ਦਾ ਫਰਜ਼ ਹੀ ਸਮਾਜਕ ਮਨੁੱਖੀ ਅਮਲ ਨੂੰ ਜਨਰਲਾਈਜ਼ ਕਰਨਾ, ਉਸਦੀ ਅਗਵਾਈ ਵਾਸਤੇ ਸਿਧਾਂਤ ਪੇਸ਼ ਕਰਨਾ ਹੈ। ਜੇ ਉਹ ਇਸ ਤੋਂ ਭੱਜ ਰਿਹਾ ਹੈ ਤਾਂ ਉਹ ਆਪਣੀ ਹਸਤੀ, ਹੋਂਦ ਨੂੰ ਸੀਮਤ ਕਰ ਰਿਹਾ ਹੈ।

ਐਨਤੋਨੀਓ ਗ੍ਰਾਮਸ਼ੀ ਦੇ ਲੇਖ 'ਮਾਰਕਸਵਾਦ ਤੇ ਆਧੁਨਿਕ ਸੰਸਕ੍ਰਿਤੀ' ਵਿਚ ਚਰਿੱਤਰ ਦੇ ਦਰਸ਼ਨ (ਮਾਰਕਸਵਾਦ) ਅਤੇ ਚਰਿੱਤਰ ਦੀ ਵਿਚਾਰਧਾਰਾ ਬਾਰੇ ਆਲੋਚਨਾਤਮਕ ਚਰਚਾ ਕਰਦੇ ਹੋਏ ਨਵੇਂ ਰਾਜ ਦੇ ਨਿਰਮਾਣ ਤੋਂ ਪਹਿਲੇ ਅਪਣਾਉਣ ਯੋਗ ਦ੍ਰਿਸ਼ਟੀਕੋਣ ਬਾਰੇ ਵਿਚਾਰ ਸੂਤਰਬੱਧ ਹਨ। ਲੇਖ 'ਨਕਲੀ ਆਲੋਚਨਾ' ਵਿਚ ਵਾਲਟਰ ਬੈਂਜਾਮਿਨ, ਅਨੁਮਾਨਕ ਅਤੇ ਤਰਕਪੂਰਨ ਸੁਹਜ-ਸ਼ਾਸਤਰ ਵਿਕਸਤ ਕਰਨ 'ਤੇ ਜ਼ੋਰ ਦਿੰਦਾ ਹੈ ਜੋ ਕਿ ਮਾਰਕਸਵਾਦ ਦੇ ਵਿਕਾਸ ਲਈ ਅਤਿ ਜ਼ਰੂਰੀ ਹੈ।

'ਪੂੰਜੀਵਾਦੀ ਸਮਾਜ ਵਿਚ ਰਾਜਸੱਤਾ ਦਾ ਸਵਾਲ', ਰਾਲਫ ਮਿਲੀਬੈਂਡ ਦੀ ਇਕ ਭਿੰਨ-ਭਿੰਨ ਪੂੰਜੀਵਾਦੀ ਦੇਸ਼ਾਂ ਦੀਆਂ ਅਰਥ ਵਿਵਸਥਾਵਾਂ ਬਾਰੇ ਖੋਜਪੂਰਨ ਰਚਨਾ ਹੈ। ਇਸ ਵਿਚ ਰਾਜ ਸੱਤਾ ਦੇ ਸਵਾਲ ਤੇ ਮਾਰਕਸਵਾਦੀ ਪਹੁੰਚ ਅਤੇ ਪੱਛਮੀ ਪ੍ਰਵਿਰਤੀਆਂ ਦਾ ਤੁਲਨਾਤਮਕ ਅੰਤਰ ਵੀ ਮਿਲਦਾ ਹੈ।

ਭੀਮਇੰਦਰ ਸਿੰਘ ਦਾ ਇਹ ਯਤਨ ਮਾਰਕਸਵਾਦ ਬਾਰੇ ਬੁੱਧੀਜੀਵੀਆਂ ਦੇ ਦਿਮਾਗਾਂ ਵਿਚ ਪੈਦਾ ਹੋਏ ਕਈ ਸ਼ੰਕਿਆਂ ਨੂੰ ਦੂਰ ਕਰਦਾ ਹੋਇਆ, ਇਕ ਨਵੀਂ ਕਿਸਮ ਦੀ ਚਰਚਾ ਦਾ ਆਗਾਜ਼ ਕਰਦਾ ਹੈ। ਇਹ ਮਾਰਕਸਵਾਦ-ਵਿਰੋਧੀ ਸੰਕੀਰਨ ਦ੍ਰਿਸ਼ਟੀਕੋਣ ਨੂੰ ਨਕਾਰਦਾ ਹੈ। ਇਹ ਮਾਰਕਸਵਾਦ ਦੀ ਅਪ੍ਰਸੰਗਿਕਤਾ ਬਾਰੇ ਕੀਤੇ ਜਾ ਰਹੇ ਪ੍ਰਚਾਰ ਨੂੰ ਵੀ ਕੱਟਦਾ ਹੈ। ਮਾਰਕਸਵਾਦ ਲੋਕ ਮੁਕਤੀ ਦਾ ਰਾਹ ਹੈ। ਜਨਤਾ ਨੂੰ ਇਸ ਬਾਰੇ ਜਾਗਰਿਤ ਕਰਨ ਦੀ ਅਹਿਮ ਲੋੜ ਹੈ। ਭੀਮਇੰਦਰ ਵੱਲੋਂ ਡੈਨੀਅਲ ਸਿੰਗਰ ਦਾ ਦਿੱਤਾ ਗਿਆ ਇਹ ਕਥਨ ਵੀ ਇਸੇ ਵੱਲ ਇਸ਼ਾਰਾ ਕਰਦਾ ਹੈ 'ਅਸੰਤੁਸ਼ਟ ਲੋਕਾਂ ਲਈ ਕੁੱਝ ਕਰਨ ਅਤੇ ਉਹਨਾਂ ਨੂੰ ਇਕ ਮੌਲਿਕ ਬਦਲ ਦੇਣ ਲਈ ਇਹ ਉਪਯੁਕਤ ਸਮਾਂ ਹੈ। ਜੇ ਅਸੀਂ (ਮਾਰਕਸਵਾਦੀ) ਨਹੀਂ ਦਿੰਦੇ ਤਾਂ ਲੋਕ ਆਪੇ ਹੀ ਕੋਈ ਬਦਲ ਲੱਭ ਲੈਣਗੇ, ਜੋ ਪਿਛਾਂਹਖਿੱਚੂ ਹੀ ਨਹੀਂ ਤਰਕਹੀਣ ਵੀ ਹੋਵੇਗਾ। ਸਾਡੇ ਕੋਲ ਤਾਂ ਮਾਰਕਸਵਾਦ ਦਾ ਇਕ ਬੇਸ਼-ਕੀਮਤੀ ਹਥਿਆਰ (ਸਿਧਾਂਤ) ਹੈ। —**ਬਲਬੀਰ ਚੰਦ ਲੌਂਗੋਵਾਲ**



## ਆਪਣਾ ਪਿੰਡ ਪ੍ਰਦੇਸ (ਹਰਜੀਤ ਦੌਧਰੀਆ)

ਹਰ ਜਾਗ੍ਰਿਤ ਮਨ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨਾਲ, ਤਬਦੀਲੀਆਂ ਨਾਲ ਆਪਣੇ ਮਨ ਦੇ ਖਜ਼ਾਨੇ ਨੂੰ ਅਚੇਤ ਜਾਂ ਸੁਚੇਤ ਰੂਪ 'ਚ ਅਮਰੋਦਾ ਰਹਿੰਦਾ ਹੈ। ਫਿਰ ਉਹ ਪਲ ਆਉਂਦੇ ਹਨ ਜਦ ਕੋਈ ਸਿਰਜਕ, ਲੇਖਕ ਜਾਂ ਕਲਾਕਾਰ ਇਸ ਪੂੰਜੀ ਵਿਚੋਂ ਆਪਣੀ ਲੋੜ ਅਤੇ ਵਿੱਤ ਮੁਤਾਬਿਕ ਅਰਥ ਲੈ ਕੇ ਆਪਣੀ ਕਿਰਤ ਨੂੰ ਸਾਕਾਰ ਕਰਦਾ ਹੈ।

ਸਿਰਜਣ ਪ੍ਰਕਿਰਿਆ ਦੇ ਅਨੇਕ ਰੂਪ ਹਨ, ਜਿਨ੍ਹਾਂ ਵਿਚੋਂ ਹਰਜੀਤ ਨੇ ਖੁਲ੍ਹੀ ਕਵਿਤਾ ਨੂੰ ਚੁਣਿਆ ਹੈ। ਹੁਣ ਤੱਕ ਇਨ੍ਹਾਂ ਦੀਆਂ ਦੋ ਕਵਿਤਾਵਾਂ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ। ਪਹਿਲੀ ਸੰਨ 1977 ਵਿਚ 'ਸੱਚੇ ਮਾਰਗ ਚੱਲਦਿਆਂ' ਅਤੇ ਦੂਜੀ 'ਹੈ ਭੀ ਸੱਚ-ਹੋਸੀ ਭੀ ਸੱਚ' ਸੰਨ 1984 ਵਿਚ ਛਪੀ ਸੀ। ਇਸ ਕਿਤਾਬ ਦੇ ਅਖੀਰ 'ਚ 'ਦੀਵਾ ਕਿਸ ਵਿਧ ਧਰੀਏ' ਨਾਂ ਹੇਠ ਸੰਨ 1984 ਤੋਂ ਬਾਅਦ ਦੀ ਲਿਖੀ ਹੋਈ ਕਵਿਤਾ ਹੈ। ਇਸ ਤਰ੍ਹਾਂ ਅਸੀਂ 'ਆਪਣਾ ਪਿੰਡ ਪ੍ਰਦੇਸ' ਨੂੰ ਹਰਜੀਤ ਦੀ ਕਵਿਤਾ ਦਾ ਸਮੁੱਚਾ ਕਾਵਿ ਵੀ ਕਹਿ ਸਕਦੇ ਹਾਂ।

ਉਹ ਪੰਜਾਬ 'ਚ ਮਾਲਵਾ ਖੇਤਰ ਦੇ ਜੰਮਪਲ ਹਨ। ਪੰਜਾਬ ਵਿਚ ਕੁਝ ਸਾਲ ਅਧਿਆਪਕ ਰਹੇ। ਫਿਰ ਢਾਈ ਕੁ ਦਹਾਕੇ ਇੰਗਲੈਂਡ ਰਹੇ ਅਤੇ ਅੱਜ-ਕਲ੍ਹ ਕੈਨੇਡਾ 'ਚ ਰਹਿ ਰਹੇ ਹਨ। ਕੋਈ ਗਿਆਰਾਂ ਕੁ ਸਾਲਾਂ ਤੋਂ। ਲਹਿਰ ਦੀ ਝਲਕ ਇਨ੍ਹਾਂ ਦੀ ਕਵਿਤਾ ਤੋਂ ਮਿਲਦੀ ਹੈ। ਇਹ ਉਸ ਲਹਿਰ ਦੇ ਉਨ੍ਹਾਂ ਕਵੀਆਂ 'ਚੋਂ ਹਨ, ਜਿਨ੍ਹਾਂ ਕਲਮ ਨੂੰ ਹਥਿਆਰ ਬਣਾ ਕੇ ਵਰਤਿਆ ਹੈ।

ਨੀਵਿਆਂ ਨੂੰ ਥੱਲੇ ਨੱਪੀ ਰੱਖਣ ਦੇ<br>
ਉੱਚਿਆਂ ਦੇ ਜੱਫੇ ਵਿਚੋਂ ਨਿਕਲਣ ਦੇ<br>
ਘੋਲਾਂ ਦੇ ਯਤਨਾਂ ਨੂੰ<br>
ਸਿਆਸਤ ਕਹਿੰਦੇ ਨੇ।<br>
ਯਤਨ ਭਾਵੇਂ ਜੀਭਾਂ ਦੇ ਭੇੜ ਹੋਣ<br>
ਜਾਂ ਕਾਗਜ਼ਾਂ ਦੀਆਂ ਦੌੜਾਂ<br>
ਜਾਂ ਹਥਿਆਰਾਂ ਦੇ ਮੁਕਾਬਲੇ<br>
ਅਸੀਂ ਹੇਠਾਂ ਹਾਂ<br>
ਜਾਂ ਉੱਤੇ ਹਾਂ<br>
ਜਾਗਦੇ ਜਾਂ ਸੁੱਤੇ ਹਾਂ। (ਸਭੇ ਥਾਈਂ ਸਿਆਸਤ ਹੈ, ਵਿਚੋਂ)

ਜਾਂ ਫਿਰ ਪਹਿਚਾਣ ਨਾਂ ਦੀ ਕਵਿਤਾ 'ਚ ਹਰਜੀਤ ਕਹਿੰਦਾ ਹੈ।

ਬਾਦਾਮ ਭੰਨੋਂ<br>
ਗਿਰੀ ਕੱਢਕੇ ਚੱਖੋ<br>
ਗੀਤਾਂ ਨੂੰ ਹਲੂਣੋਂ<br>
ਜਿਹੜੇ ਅਜੇ ਜਾਗੇ ਨਹੀਂ<br>
ਜਿਨ੍ਹਾਂ ਨੂੰ ਅਜੇ ਜੀਭਾਂ ਨਹੀਂ ਲੱਗੀਆਂ<br>
ਉਨ੍ਹਾਂ ਦੀਆਂ ਸੈਨਤਾਂ ਨੂੰ ਪਹਿਚਾਣੋਂ<br>
ਮੁੱਕਿਆਂ ਨੂੰ ਜਾਣੋ।<br>
ਵੈਰ ਦੇ ਹਨ ਜਾਂ ਮਿੱਤਰਤਾ ਦੇ।

ਹਰਜੀਤ ਦੀ ਕਵਿਤਾ ਯਥਾਰਥਵਾਦੀ ਹੈ ਨਾ ਕਿ ਖਾਮ-ਖਿਆਲੀ। ਉਸ ਨੇ ਸਮਾਜ ਵਿਚ ਜੋ

ਜੀਵਿਆ, ਦੇਖਿਆ ਅਤੇ ਆਪਣੇ ਸਿਆਸੀ ਸਿਧਾਂਤ ਰਾਹੀਂ ਜੋ ਸਮਝਿਆ ਉਸ ਦਾ ਪ੍ਰਤਾਅ ਹੈ ਇਹ ਕਵਿਤਾ।

ਜਿਸ ਕਵੀ ਦੇ ਮਨ ਅੰਦਰ ਲੋਕਾਈ ਲਈ ਦਰਦ ਨਹੀਂ, ਉਨ੍ਹਾਂ ਦੇ ਦੁਖਾਂ-ਸੁਖਾਂ ਨੂੰ ਸਮਝਣ ਲਈ ਅਹਿਸਾਸ ਦੀ ਤੀਖਣਤਾ ਨਹੀਂ, ਸੰਵੇਦਨਸ਼ੀਲਤਾ ਨਹੀਂ ਅਤੇ ਲੁੱਬੜ-ਹਾਕਮਾਂ ਦੀਆਂ ਗਤੀ ਵਿਧੀਆਂ ਨੂੰ ਸਮਝਣ ਲਈ ਕੋਈ ਵਿਸ਼ੇਸ਼ ਵਿਚਾਰਧਾਰਾ ਨਹੀਂ, ਸਿਧਾਂਤ ਨਹੀਂ, ਉਸ ਕਵੀ ਦੀ ਕਵਿਤਾ ਵਰਤਮਾਨ 'ਚ ਤਾਂ ਸ਼ਾਇਦ ਰਾਜਨੀਤਕ ਜਾਂ ਅਫ਼ਸਰਸ਼ਾਹੀ ਰਸੂਖ ਕਾਰਨ ਜਾਂ ਵਿਰੋਧੀ ਲਿੰਗਤਾ ਦੇ ਪ੍ਰਭਾਵ ਕਾਰਨ ਵਡਿਆਈ ਦਾ ਕਾਰਨ ਬਣੇ, ਚਮਕੇ ਅਤੇ ਮਾਨ-ਸਨਮਾਨਾਂ ਨਾਲ (ਲੱਦੀ) ਵੀ ਜਾਵੇ। ਪਰ ਭਵਿੱਖ ਉਸ ਨੂੰ ਅਣਗੌਲਿਆਂ ਕਰ ਦੇਵੇਗਾ ਅਤੇ ਜਿਗਰ ਦੇ ਲਹੂ ਨਾਲ ਸਿੰਜੀ ਕਵਿਤਾ ਨੂੰ ਹੀ ਯਾਦ ਰੱਖੇਗਾ।

ਜਦ ਵੀ ਜੁਝਾਰ ਕਵਿਤਾ ਦੀ ਗੱਲ ਹੋਵੇਗੀ ਜਾਂ ਉਸ ਲਹਿਰ ਤੋਂ ਪ੍ਰਭਾਵਤ ਕਵੀਆਂ ਦੀ ਗੱਲ ਹੋਵੇਗੀ ਉਸ ਸਮੇਂ ਹਰਜੀਤ ਦੀ ਕਵਿਤਾ ਦੀ ਵੀ ਗੱਲ ਹੋਵੇਗੀ ਅਤੇ ਉਸ ਦੀਆਂ ਸਮਾਜਿਕ ਗਤੀ ਵਿਧੀਆਂ ਦੀ ਵੀ ਗੱਲ ਹੋਵੇਗੀ। ਕਿਸੇ ਵੀ ਰਾਜਨੀਤਕ ਲਹਿਰ ਦੇ ਸਾਰੇ ਕਵੀ, ਲੇਖਕ ਜਾਂ ਹਮਦਰਦ ਜੇਲ੍ਹਾਂ ਵਿਚ ਨਹੀਂ ਜਾਂਦੇ, ਸਰੀਰਕ ਤਸ਼ੱਦਦ ਨਹੀਂ ਸਹਿੰਦੇ ਪਰ ਉਹ ਆਪਣੇ ਸੰਗੀ-ਸਾਥੀਆਂ ਉੱਪਰ ਵਾਪਰਿਆ ਹੋਇਆ ਕਹਿਰ ਆਪਣੇ ਉੱਪਰ ਹੀ ਮਹਿਸੂਸਦੇ ਹਨ। ਇਹ ਹਰਜੀਤ ਨੇ ਵੀ ਜਰਿਆ ਹੈ। ਵੱਖ-ਵੱਖਰੀਆਂ ਕਵਿਤਾਵਾਂ ਵਿਚੋਂ ਇਸ ਦੀ ਝਲਕ ਤੁਹਾਨੂੰ ਮਿਲ ਜਾਵੇਗੀ।

ਜਦ ਹਰਜੀਤ ਦੀ ਕਵਿਤਾ ਪੜ੍ਹਦੇ ਹਾਂ, ਤਦ ਇੰਝ ਜਾਪਦਾ ਹੈ ਕਿ ਉਸਨੇ ਕਵਿਤਾ ਲਿਖੀ ਨਹੀਂ ਸਿਰਜੀ ਹੈ। ਲਿਖਣਾ ਕਿੱਤਾ ਹੋ ਸਕਦਾ ਸਿਰਜਣਾ ਨਹੀਂ। ਸਿਰਜਣ ਪ੍ਰਕਿਰਿਆ ਸਮੇਂ ਹੀ ਅਲੰਕਾਰਾਂ ਦੀ ਛਹਿਬਰ ਹੁੰਦੀ ਹੈ।

ਦੌਧਰੀਆ ਦੀ ਕਵਿਤਾ ਨੂੰ ਪੜ੍ਹਦਿਆਂ ਸ਼ਾਇਦ ਕੁਝ ਕੋਮਲਭਾਵੀ, ਸੋਹਜਮਈ ਅਤੇ ਸਦਾਚਾਰ ਦੀ ਦੁਹਾਈ ਪਾਉਣ ਵਾਲੇ ਪਾਠਕਾਂ/ਆਲੋਚਕਾਂ ਨੂੰ ਉਸ ਦੇ ਕੁਝ ਸ਼ਬਦ, ਫਿਕਰੇ ਵੀ ਤੰਗ ਕਰਦੇ ਰਹਿੰਦੇ ਹਨ। ਉਹ ਸ਼ਬਦ ਨਾ ਵਰਤਣੇ ਹਰਜੀਤ ਦੇ ਵੱਸ ਦਾ ਰੋਗ ਨਹੀਂ ਹੈ। ਉਹ ਲਫ਼ਜ਼ ਬਹੁਤ ਸਹਿਜ ਭਾਅ ਨਾਲ ਉਸ ਦੀਆਂ ਕਵਿਤਾਵਾਂ ਦੀਆਂ ਸਤਰਾਂ 'ਚ ਸਮੋ ਗਏ ਹਨ। ਉਹ ਲਫਜ਼ ਹਨ ਜਿਵੇਂ ਕਿ ਪਾਲਤੂ ਕਤੂਰੇ, ਵੱਢ-ਖਾਣੇ ਭੌਂਕੇ, ਫੰਡਰ ਜ਼ਮੀਰਾਂ, ਕੰਜਰਪੁਣੇ ਦੇ ਦਲਾਲ, ਰਿਸਦੇ ਫੋੜੇ ਅਤੇ ਖੁਸਰਾ ਤੋਰ ਆਦਿ। ਅਵਾਮ ਨੂੰ ਇਹ ਸ਼ਬਦ ਹਜ਼ਮ ਕਰਨ ਵਿਚ ਕੋਈ ਦਿੱਕਤ ਨਹੀਂ ਆਉਂਦੀ ਬਲਕਿ ਇੰਝ ਲਿਖਦਾ ਹੋਇਆ ਹਰਜੀਤ ਪੰਜਾਬੀ ਭਾਸ਼ਾ ਦੇ ਠੇਠ ਟਿੱਚਰ ਨਫਰਤੀ ਮੁਹਾਵਰੇ ਨੂੰ ਆਪਣੀ ਕਵਿਤਾ ਦੇ ਅਜਾਇਬ ਘਰ ਵਿਚ ਸਾਂਭਦਾ ਹੈ। ਇਸ ਤਰ੍ਹਾਂ ਦੀ ਕਵਿਤਾ ਲਿਖ ਸਕਣੀ ਹਰ ਇਕ ਦੇ ਹਿੱਸੇ ਨਹੀਂ ਆਉਂਦੀ।

ਇਸ ਕਿਤਾਬ ਦੀਆਂ ਕਵਿਤਾਵਾਂ ਦੇ ਵਿਸ਼ਾ-ਵਸਤੂ ਵਿਚ ਦੁਹਰਾ ਨਹੀਂ ਹੈ। ਹਰ ਨਜ਼ਮ ਆਪਣੇ ਅੰਦਰ ਇਕ ਨਵਾਂ ਵਿਚਾਰ ਨਵੀਂ ਸਮੱਸਿਆ ਸਮੋਈ ਬੈਠੀ ਹੈ।

ਇਸ ਕਿਤਾਬ ਦਾ ਨਾਂ ਪ੍ਰਦੇਸ ਜਾ ਵੱਸਣ ਵਾਲਿਆਂ ਲਈ ਅਤੇ ਦੇਸ਼ ਅੰਦਰ ਹੀ ਘੱਟ ਗਿਣਤੀ ਦੇਸ਼ ਵਾਸੀਆਂ ਲਈ ਵਿਸ਼ੇਸ਼ ਮਹੱਤਵ ਪੂਰਨ ਹੋ ਗਿਆ ਹੈ।

ਅੱਜ-ਕਲ੍ਹ ਤਕਰੀਬਨ ਹਰ ਵਿਕਸਤ ਅਤੇ ਅਣਵਿਕਸਤ ਦੇਸ਼ ਅੰਦਰ ਘੱਟ ਗਿਣਤੀ ਨਿਵਾਸੀਆਂ ਨੂੰ ਬਿਗਾਨਗੀ ਦਾ ਅਹਿਸਾਸ ਕਰਾਇਆ ਜਾ ਰਿਹਾ ਹੈ। ਜਿਥੇ ਉਨ੍ਹਾਂ ਨੂੰ ਕੂਕ-ਕੂਕ ਕੇ ਕਹਿਣਾ ਪੈਂਦਾ ਹੈ—ਇਹ ਦੇਸ਼ ਸਾਡਾ ਵੀ ਹੈ। ਅਸੀਂ ਵੀ ਇਸ ਦੇ ਨਾਗਰਿਕ ਹਾਂ। ਇਹ ਪਿੰਡ ਸਾਡਾ ਵੀ ਹੈ।

ਪਰ ਉਨ੍ਹਾਂ ਦੀ ਅਵਾਜ਼ ਕੌਣ ਸੁਣਦਾ ਹੈ ?

ਇਸ ਕਿਤਾਬ ਦੀ ਜਿਥੇ ਦਿੱਖ ਸੋਹਣੀ ਹੈ। ਪਰ ਉੱਥੇ ਲਿਖਣ/ਤਕਨੀਕ ਪੱਖੋਂ 'ਸਭ ਅੱਛਾ' ਨਹੀਂ ਹੈ। ਕੁਝ ਖਾਮੀਆਂ/ਤਰੁੱਟੀਆਂ ਵੀ ਹਨ। ਫਿਲਹਾਲ ਉਨ੍ਹਾਂ ਦੀ ਗੱਲ ਕਰਨੀ ਨਹੀਂ ਬਣਦੀ, ਕਿਉਂਕਿ ਮੈਂ ਇਸ ਦਾ ਆਲੋਚਨਾਤਮਕ ਅਧਿਐਨ ਨਹੀਂ ਕਰ ਰਿਹਾ। ***—ਅਮਰਜੀਤ ਚਾਹਲ***



## ਉੱਡਦੇ ਪੰਛੀ ਦੀ ਤਸਵੀਰ : ਹੁਣ ਮੈਂ ਕਵੀਆਂ ਵਾਂਗ (ਸੁਰਿੰਦਰ ਸੀਹਰਾ)

'ਹੁਣ ਮੈਂ ਕਵੀਆਂ ਵਾਂਗ' ਚਰਚਿਤ ਗ਼ਜ਼ਲ ਸੰਗ੍ਰਹਿ ਪਰਦੇਸੀ ਸ਼ਾਇਰ ਸੁਰਿੰਦਰ ਸੀਹਰਾ ਦਾ ਪਹਿਲਾ ਪਰ ਦਿਲਕਸ਼ ਸੰਗ੍ਰਹਿ ਹੈ। 78 ਸਫਿਆਂ ਵਿਚ 68 ਗ਼ਜ਼ਲਾਂ ਲਈ ਬੈਠੀ ਇਹ ਪੁਸਤਕ ਕੁਕਨੁਸ ਪ੍ਰਕਾਸ਼ਨ ਜਲੰਧਰ ਵਲੋਂ ਛਾਪੀ ਗਈ ਹੈ। ਜਿਸਦੀ ਸਜਿਲਦ ਕੀਮਤ 75 ਰੁ. ਪਰ ਪੇਪਰ ਬੈਕ ਦੀ 40 ਰੁਪਏ ਮਾਤਰ ਹੈ। ਇਸ ਪੁਸਤਕ ਦੇ ਮੁੱਢ ਵਿਚ ਸ਼ਾਇਰ ਨੇ 'ਕੁਝ ਗੱਲਾਂ' ਕੀਤੀਆਂ ਹਨ ਅਤੇ ਬਾਕਾਇਦਾ ਭੂਮਿਕਾ ਸੁਪ੍ਰਸਿੱਧ ਗ਼ਜ਼ਲਕਾਰ ਸੁਰਜੀਤ ਪਾਤਰ ਨੇ ਲਿਖੀ ਹੈ। ਨਿਰਸੰਦੇਹ ਬਕੌਲ ਪਾਤਰ "ਸੀਹਰਾ ਇਸ ਗ਼ਜ਼ਲ ਸੰਗ੍ਰਹਿ ਵਿਚ ਵਿਲੱਖਣ ਭਾਵਨਾਵਾਂ ਦਾ ਇਜ਼ਹਾਰ ਕਰਦਾ ਹੈ...।" ਸੀਹਰਾ ਵਿਚ ਮੌਲਿਕਤਾ, ਬਾਰੀਕਬੀਨੀ ਤੇ ਸਰੋਦੀ ਰਵਾਨਗੀ ਦਾ ਗੁਣ ਹੈ। ਸੀਹਰਾ ਸੰਭਾਵਨਾਵਾਂ ਭਰਪੂਰ ਸ਼ਾਇਰ ਹੋਣ ਕਰਕੇ ਨਵੀਂ ਪੀੜ੍ਹੀ ਦੇ ਸੰਭਾਵੀ ਗ਼ਜ਼ਲਕਾਰਾਂ ਵਿਚ ਸ਼ੁਮਾਰ ਕੀਤਾ ਜਾ ਸਕਦਾ ਹੈ। ਇਹ ਮੇਰੀ ਆਸਥਾ ਹੈ।

ਸੁਰਿੰਦਰ ਪ੍ਰਤਿਭਾਵਾਨ ਤੇ ਬਹੁ ਪਾਸਾਰੀ ਸ਼ਾਇਰ ਹੈ। ਬੇਸ਼ਕ ਉਹ ਖੁਦ ਕਹਿੰਦਾ ਹੈ ਕਿ 'ਇਹ ਸ਼ਾਇਰੀ ਪ੍ਰੇਮ ਦੀ ਸ਼ਾਇਰੀ ਹੈ' ਘਰ ਪ੍ਰੇਮ ਵੀ ਕੋਈ ਜੱਗ ਆਚਾਰ ਤੋਂ ਵੱਖਰੀ ਸ਼ੈ ਨਹੀਂ ਹੈ। ਸੀਹਰਾ ਨੇ ਮੁੱਖ ਤੌਰ 'ਤੇ ਪ੍ਰੇਮ ਦੀ ਬਾਤ ਕੀਤੀ ਹੈ ਪਰ ਬਹੁਤ ਸਾਰੇ ਹੋਰ ਵਿਸ਼ੇ ਵੀ ਖੂਬੀ ਨਾਲ ਨਿਭਾਏ ਹਨ ਜਿਵੇਂ—ਅਖਾਉਤੀ ਰਹਿਬਰ, ਹਨੇਰੇ ਤੇ ਚਾਨਣ ਦੀ ਲੜਾਈ, ਪਾਗਲ ਹਵਾ ਤੇ ਰੁਲਦੀ ਬਹਾਰ, ਦਰਿਆ ਦਾ ਸਫਰ, ਇਕ ਸੀ ਰਾਜਾ ਇਕ ਸੀ ਰਾਣੀ, ਸ਼ਹਿਦ 'ਚ ਡੁੱਬੀਆਂ ਮੱਖੀਆਂ, ਜ਼ਿੰਦਗੀ ਦੇ ਵਲ-ਛਲ, ਘਰਾਂ ਦੀ ਉੱਗਦੀ ਬੇਗਾਨਗੀ, ਮਹਿਲ ਅਤੇ ਘੋੜੇ, ਲੋਕਾਂ ਦੇ ਤੁਰਨ ਦੀ ਗੱਲ, ਵੰਡਿਆ ਪੰਜਾਬ, ਪਾਪ ਪੁੰਨ ਦੀ ਪਰਿਭਾਸ਼ਾ, ਦੇਸ਼ ਅਤੇ ਵਿਦੇਸ਼ ਦਾ ਤਜ਼ਾਦ, ਬਨਾਉਟੀ ਭੇਸ, ਅੰਦਰੋਂ ਖੁਰਦੇ ਬੰਦੇ ਦੀ ਦਾਸਤਾਨ, ਅਮਨ ਦੀਆਂ ਫੋਕੀਆਂ ਬਹਿਸਾਂ, ਬਾਰੂਦ ਉੱਤੇ ਖਲੋਤੀ ਜ਼ਿੰਦਗੀ...ਆਦਿ। ਸੀਹਰਾ ਇਹ ਗ਼ਲਤ ਦਰਜ ਕਰਦਾ ਹੈ ਕਿ ਉਸ ਨੇ ਕੇਵਲ ਪ੍ਰੇਮ ਲਿਖਿਆ ਹੈ। ਹਾਂ ਪ੍ਰੇਮ ਦੇ ਰਾਹ 'ਚ ਆਉਂਦੇ ਜੀਣ-ਥੀਣ, ਰਹਿਣ-ਸਹਿਣ, ਵਰਤ-ਵਰਤਾਰੇ, ਦੁਨੀਆ ਦੇ ਰੰਗ ਤੇ ਦੇਸ਼ ਦੀ ਹੁੱਬ ਵੀ ਜੇਕਰ ਪ੍ਰੇਮ ਦੇ ਦਾਇਰੇ 'ਚ ਆਉਂਦੀ ਹੈ ਤਾਂ ਇਹ ਹੋਰ ਗੱਲ ਹੈ। ਸੁਰਿੰਦਰ ਜਦੋਂ ਅਖਾਉਤੀ ਪ੍ਰੇਮ ਤੋਂ ਬਾਹਰਲੇ ਸੰਵਾਦ ਰਚਾਉਂਦਾ ਹੈ ਤਾਂ ਹੀ 'ਸੁਹਣਾ' ਲੱਗਦਾ ਹੈ ਤੇ ਸਿਆਣਾ ਵੀ।

ਸੀਹਰਾ ਬਾਬਹਿਰ ਸ਼ਾਇਰ ਹੈ। ਉਸਨੂੰ ਗ਼ਜ਼ਲ ਦੀ ਰੂਹ ਅਤੇ ਉਸਦੀ ਸ਼ਾਨਦਾਰ ਸਰੋਦੀ ਪ੍ਰੰਪਰਾ ਦਾ ਗਿਆਨ ਹੈ। ਉਸ ਦੇ ਸ਼ਿਅਰਾਂ ਵਿਚ ਗ਼ਜ਼ਲਿਆਤੀ ਉਸਾਰ ਅਤੇ ਨਜ਼ਮੀਅਤ ਦੀ ਸੰਯੁਕਤੀ ਹੈ। ਉਸ ਦੇ ਸ਼ਿਅਰ ਨਵੀਨ, ਮੌਲਿਕ ਅਤੇ ਬਹੁਅਰਥੀ ਹਨ। ਪਤਾ ਨਹੀਂ ਸੀਹਰਾ ਗ਼ਜ਼ਲ ਦੇ ਰੂਪ ਅਕਾਰ ਤੋਂ ਤ੍ਰਹਿੰਦਾ ਕਿਉਂ ਹੈ ? ਗ਼ਜ਼ਲ ਲਿਖਣੀ ਤੇ ਗ਼ਜ਼ਲ ਦੀ ਅੰਤ੍ਰੀਵਤਾ ਤੋਂ ਮੁਨਕਰ ਹੋਣਾ 'ਪਾਤਰਵਾਦ' ਹੈ। ਐਲਾਨ ਤਾਂ ਕਰਨਾ ਕਿ ਅਸੀਂ ਬਹਿਰ ਨੂੰ ਨਹੀਂ ਮੰਨਦੇ, ਪਰ ਰਹਿਣਾ ਵੀ ਬਹਿਰ ਵਿਚ। ਇਹ ਸ਼ਾਇਦ ਉਸ ਗ਼ਜ਼ਲ ਵਿਧਾਨ ਵਿਰੋਧੀ ਲਾਬੀ ਨੂੰ 'ਚਾਂਦੀ ਦੀ ਕੁੰਜੀ' ਦੇ ਕੇ ਪ੍ਰਵੇਸ਼ ਕਰਨ ਦੀ ਨਿਖੇਧ ਵਿਧੀ ਹੈ। ਸੀਹਰਾ ਨੂੰ ਜਾਨਣਾ ਚਾਹੀਦਾ ਹੈ ਕਿ ਵੱਟਿਆਂ ਨੂੰ ਵੱਟਿਆਂ ਨਾਲ ਹੀ ਤੋਲਿਆ ਜਾਂਦਾ ਹੈ। ਢੀਮਾਂ ਗੀਟਿਆਂ ਨਾਲ ਨਹੀਂ ਤੇ ਖੂਹ ਕਦੇ ਸੁੱਕਦੇ ਨਹੀਂ। ਖੂਹਾਂ ਦਾ ਰੂਪ ਤਬਦੀਲ ਹੁੰਦਾ ਹੈ। ਪਾਣੀ ਤਾਂ ਕਿਸੇ ਨਿਯਮ ਤਹਿਤ ਹੀ ਨਿਕਲਦਾ ਹੈ ? ਉਵੇਂ ਸੀਹਰਾ ਬਹਿਰ ਰੱਦਤਾ ਦੀ ਚੀਕ ਬੁਲਬੁਲੀ ਵੀ ਮਾਰਦਾ ਹੈ ਤੇ ਅਨੇਕਾਂ ਸ਼ਿਅਰਾਂ ਵਿਚ ਕਿੱਲ੍ਹ ਕਿੱਲ੍ਹ ਕੇ ਗਲਤ

ਸ਼ਬਦ-ਜੜ੍ਹਤ ਕਰਕੇ ਬਹਿਰ ਦੀ ਪੂਰਤੀ ਵੀ ਕਰਦਾ ਹੈ। ਇਹ ਦੋਹਰੇ ਮਿਆਰ ਕਿਉਂ?

ਸੁਰਿੰਦਰ ਨੇ ਪੰਜਾਬੀ ਸ਼ਾਇਰੀ ਵਿਚ ਪ੍ਰਚਲਤ ਅਰੂਜ਼ੀ ਬਹਿਰ ਹੀ ਨਿਭਾਏ ਹਨ। ਜਿਨ੍ਹਾਂ ਦੀ ਤਫਸੀਲ ਇਉਂ ਹੈ ਕਿ ਰਮਲ ਬਹਿਰ ਵਿਚ ਸੱਤ ਗ਼ਜ਼ਲਾਂ, ਬਹਿਰ ਮੁਜਾਰਿਆਂ ਵਿਚ ਪੰਦਰਾਂ, ਬਹਿਰ ਹਜ਼ਿਜ਼ ਵਿਚ 10 ਗ਼ਜ਼ਲਾਂ, ਬਹਿਰ ਮੁਜਾਰਿਆਂ (ਕਾਂਟ ਛਾਂਟ ਨਾਲ) ਪੰਜ ਗ਼ਜ਼ਲਾਂ, ਬਹਿਰ ਮੁਤਕਾਰਦ ਵਿਚ ਤਿੰਨ, ਪੰਜ ਫੇਲੁਨ, ਫੇ ਵਿਚ ਨੌਂ, ਸੱਤ ਫੇਲਨ ਫੇ ਵਿਚ ਤਿੰਨ, ਛੇ ਫੇਲਨ ਫੇ ਵਿਚ 9 ਗ਼ਜ਼ਲਾਂ, ਬਹਿਰ ਮੁਤਕਾਰਦ ਅੱਠ ਰੁਕਨੀ ਵਿਚ ਇਕ ਗ਼ਜ਼ਲ। ਦੋ ਗ਼ਜ਼ਲਾਂ ਚਾਰ ਚਾਰ ਸ਼ਿਅਰਾਂ ਦੀਆਂ ਹਨ ਜੋ ਰੱਦ ਹਨ।

ਸੀਹਰਾ ਅਜੇ ਉਮਰ ਦੀ ਉਸ ਚੜ੍ਹਾਈ ਵਾਲੇ ਪਹਾੜੀ ਰਾਹ 'ਤੇ ਗਾਮਜ਼ਨ ਹੈ ਜਿਥੇ ਧੀਰਜ ਤੇ ਸਹਿਜ ਦੀ ਕਮੀ ਹੁੰਦੀ ਹੈ। ਅਜੇ ਉਸ ਨੇ ਮੈਦਾਨੀ ਨਦੀ ਵਾਂਗ ਕਲ੍ਹ ਕਲ੍ਹ ਦਾ ਸਹਿਜ ਤੇ ਸੁਹਜ-ਸਰੋਦ ਉਪਜਾਉਣਾ ਹੈ। ਤਲੱਫਜ਼ ਸਬੰਧੀ ਸੀਹਰਾ ਵੀ ਵਿਆਪਕ ਅਨਿਯਮਤ ਵਿਡੰਬਨਾ ਦਾ ਸ਼ਿਕਾਰ ਹੈ। ਉਹ ਪੁਰਾਣੇ ਬਿੰਬ ਪ੍ਰਤੀਕ ਜਿਵੇਂ ਖੂਹ, ਮੋਣ, ਜੋਗੀ, ਰਮਤੇ, ਢਾਣੀ, ਸਿਵੇ, ਪਿੱਪਲ, ਘੜਾ ਆਦਿ ਵੀ ਵਰਤਦਾ ਤੇ ਅਤਿ ਨਵੇਂ ਬਿੰਬ ਵੀ ਵਰਤਦਾ ਹੈ। ਪਰ ਬਹੁਤਾ ਕਰਕੇ ਉਹ ਨਦੀ, ਪਰਬਤ, ਰਾਹ, ਲੋਅ, ਦਰਦ, ਤਸਵੀਰ, ਪਲਕਾਂ, ਬਲਦੀ ਅੱਗ ਜਿਹੇ ਪ੍ਰਤੀਕਾਂ ਨੂੰ ਬਾਰ-ਬਾਰ ਵਰਤ ਕੇ ਉਕਾਈ ਕਰਦਾ ਹੈ। ਗ਼ਜ਼ਲ ਪਿਆਰੇ ਇਹ ਕਿਤਾਬ ਜ਼ਰੂਰ ਖਰੀਦ ਕੇ ਪੜ੍ਹਨ! *—ਸੁਲੱਖਣ ਸਰਹੱਦੀ*

---

## ਵਾਘਿਉਂ ਪਾਰ

### ਭਾਬੀਆਂ ਰਾਂਝੇ ਨੂੰ / *ਦਾਮਨ ਦੀ ਹੀਰ*

ਰਲ ਕੇ ਭਾਬੀਆਂ ਆਖਿਆ ਰਾਂਝਣੇ ਨੂੰ,
ਸਾਨੂੰ ਚਾਹ ਨੇ ਤੇਰੀਆਂ ਲਾਵਾਂ ਦੇ।
ਕਦੋਂ ਛੈਲ-ਛਬੀਲੜਾ ਘਰੀਂ ਆਉਂਦਾ,
ਰਸਤੇ ਬਣੇ ਨੇ ਸ਼ੋਖ ਨਿਗਾਹਾਂ ਦੇ।
ਉਹਨਾਂ ਨਾਲ ਨੂੰ ਰਿਕਤਾਂ ਛੇੜੀਆਂ ਨੇ,
ਜਿਹੜੇ ਚੌਧਰੀ ਹੈਨ ਗਰਾਵਾਂ ਦੇ।
ਕਿੱਲੇ ਮੂੰਹੀਂ ਜ਼ਮੀਨ ਤੇ ਆਪਣੀ ਏ,
ਤੇਰੇ ਵੱਗ ਨੇ ਮੱਝੀਆਂ ਗਾਵਾਂ ਦੇ।
ਘਰੀਂ ਵੱਸਦਿਆਂ ਦੇ ਲੱਖਾਂ ਭਰਮ ਹੁੰਦੇ,
ਬੜੇ ਦਬਦਬੇ ਚੱਲਦੀਆਂ ਰਾਹਾਂ ਦੇ।
ਉਥੇ ਬਣਨ ਤਕੀਏ ਉੱਜੜ-ਜਾਣਿਆਂ ਦੇ,
ਵਾਹਰੂ ਹੈਨ ਨਾ ਜਿਹੜੀਆਂ ਥਾਵਾਂ ਦੇ।
ਹੱਥ ਸਿਰਾਂ ਤੇ ਹੈਨ ਵਡੇਰਿਆਂ ਦੇ,
ਬੂਟੇ ਘਣੇ ਨੇ ਠੰਢੀਆਂ ਛਾਵਾਂ ਦੇ।
ਹਰ ਕੋਈ 'ਕੱਲੇ ਦੁਕੱਲੇ' ਨੂੰ ਮਾਰ ਲੈਂਦਾ,
ਹੁੰਦੇ ਬੜੇ ਨੇ ਮਾਣ ਭਰਾਵਾਂ ਦੇ।
ਲੋਕੀਂ ਕਰਨ ਝੇੜਾਂ ਲੱਗਣ ਦਿਲਾਂ ਉੱਤੇ,
ਕੰਢੀਂ ਛੱਲ ਜਿਓਂ ਪੈਣ ਦਰਿਆਵਾਂ ਦੇ।
ਹੱਡ ਭੰਨ ਕੇ ਕਦੋਂ ਕਮਾਉਂਦੇ ਨੇ,
ਪੁੱਤਰ ਲਾਡਲੇ ਬੁੱਢੀਆਂ ਮਾਵਾਂ ਦੇ।
ਗੈਰ ਕੀ, ਨਾ ਆਪਣੇ ਮੂੰਹ ਲਾਉਂਦੇ,
ਰੁਖ਼ ਬਦਲਦੇ ਜਦੋਂ ਹਵਾਵਾਂ ਦੇ।
ਸੁਰਮੇ ਬਣ ਗਏ ਸਾਡੀਆਂ ਅੱਖੀਆਂ ਦੇ,
ਘੱਟੇ ਉੱਡ ਕੇ ਤੇਰੀਆਂ ਰਾਹਵਾਂ ਦੇ।
ਹੱਡ ਭੰਨ ਕਮਾ, ਤੇ ਖਾਹ ਬਹਿ ਕੇ,
ਭਾਈ ਬਣ ਕੇ ਵਿਚ ਭਰਾਵਾਂ ਦੇ।
ਤੀਲ੍ਹੇ ਹੋਏ, ਜਹਾਨ ਤੇ ਨਹੀਂ ਬਣਦੇ,
ਰੁੱਖੀਂ ਆਹਲਣੇ ਕਾਲਿਆਂ ਕਾਵਾਂ ਦੇ।
'ਦਾਮਨ' ਰੱਬ ਬਖਸ਼ੇ ਨਾਲ ਰਹਿਮਤਾਂ ਦੇ,
ਬੰਦੇ ਪੁਤਲੇ ਹੈਨ ਗੁਨਾਹਾਂ ਦੇ।



# ਪੁਸਤਕ ਪ੍ਰਾਪਤੀ

1. ਹੁਣ ਮੈਂ ਕਵੀਆਂ ਵਾਂਗ (ਗ਼ਜ਼ਲਾਂ) ਸੁਰਿੰਦਰ ਸੀਹਰਾ ਮੁੱਲ 40/- ਪੰਨੇ 78 ਕੁਕਨੁਸ ਪ੍ਰਕਾਸ਼ਨ ਜਲੰਧਰ।
2. ਅੰਤਿਮ ਲੜਾਈ (ਕਵਿਤਾਵਾਂ) ਸ਼ਿਵਨਾਥ, ਪੰਨੇ 96, ਮੁੱਲ 50/- ਕੁਕਨੁਸ ਪ੍ਰਕਾਸ਼ਨ ਜਲੰਧਰ।
3. ਮਿੱਟੀ ਦੀ ਡਲੀ (ਗ਼ਜ਼ਲਾਂ) ਹਰਭਜਨ ਸਿੰਘ ਬੈਂਸ, ਪੰਨੇ 104, ਮੁੱਲ 125/- ਕੁਕਨੁਸ ਪ੍ਰਕਾਸ਼ਨ ਜਲੰਧਰ।
4. ਦਸਤਕ ਦੀ ਉਡੀਕ (ਕਹਾਣੀਆਂ) ਸੁਰਿੰਦਰ ਨੀਰ ਪੰਨੇ 164 ਮੁੱਲ 200/- ਆਬਰੂ ਪ੍ਰਕਾਸ਼ਨ-ਜੰਮੂ।
5. ਕਲਮ ਕਲਮ ਖ਼ੁਸ਼ਬੂ (ਗੁਰਦਾਸਪੁਰ ਜ਼ਿਲ੍ਹੇ ਦੇ ਕਵੀਆਂ ਦੀਆਂ ਕਵਿਤਾਵਾਂ) ਸੰਪਾਦਕ ਸੁਲੱਖਣ ਸਰਹੱਦੀ ਪੰਨੇ 308, ਮੁੱਲ 250/- ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ।
6. ਖਾਰਾ ਬੱਦਲ (ਕਹਾਣੀਆਂ) ਦਲਬੀਰ ਚੇਤਨ, ਪੰਨੇ 120 ਮੁੱਲ 50/- ਕੁਕਨੁਸ ਪ੍ਰਕਾਸ਼ਨ ਜਲੰਧਰ।
7. ਅੱਧੇ ਅਧੂਰੇ (ਕਹਾਣੀਆਂ) ਪੰਨੇ 104 ਮੁੱਲ ਪੇਪਰ ਬੈਕ 50/- ਲੇਖਕ ਲਾਲ ਸਿੰਘ, ਕੁਕਨੁਸ ਪ੍ਰਕਾਸ਼ਨ ਜਲੰਧਰ।
8. ਨਵ-ਮੰਥਨ (ਕਵਿਤਾ) ਸਾਧੂ ਸਿੰਘ ਸ਼ੁਦਰਕ ਸਫ਼ੇ 80 ਮੁੱਲ 100/- ਸ਼ਿਵ ਪ੍ਰਕਾਸ਼ਨ ਜਲੰਧਰ।
9. ਅਰਜਨ ਸਿੰਘ ਗੜਗਜ ਦੀ ਸਮੁੱਚੀ ਰਚਨਾ, ਸੰਪਾਦਕ ਜਗਜੀਤ ਸਿੰਘ ਆਨੰਦ ਪੰਨੇ 336 ਮੁੱਲ ਪੇਪਰ ਬੈਕ 125/- ਕੁਕਨੁਸ ਪ੍ਰਕਾਸ਼ਨ, ਜਲੰਧਰ।
10. ਤੇ ਹਵਾ ਰੁਕ ਗਈ (ਨਾਵਲ) ਗੁਰਨਾਮ ਗਿੱਲ ਪੰਨੇ 134, ਮੁੱਲ 150/- ਸ਼ਿਵ ਪ੍ਰਕਾਸ਼ਨ ਜਲੰਧਰ।
11. ਮੱਟੋ ਦੇ ਰੰਗ (ਕਹਾਣੀਆਂ) ਅਨੁਵਾਦਕ ਮੋਹਨ ਭੰਡਾਰੀ, ਮੁੱਲ 60/- ਪੰਨੇ 120 ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ।
12. ਮਨ ਮਤੀਆਂ (ਸਮੁੱਚੀਆਂ ਕਹਾਣੀਆਂ) ਸੁਖਵੰਤ ਕੌਰ ਮਾਨ, ਪੰਨੇ 420, ਮੁੱਲ 325/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
13. ਹਬੀਬ ਜਾਲਿਬ (ਪੰਜਾਬੀ ਸ਼ਾਇਰੀ) ਅਨੁਵਾਦ-ਅਮਰਜੀਤ ਚੰਦਨ, ਪੰਨੇ 46, ਮੁੱਲ 25/- ਕੁਕਨੁਸ ਪ੍ਰਕਾਸ਼ਨ ਜਲੰਧਰ।
14. ਲੱਕੜ ਦੇ ਘੋੜੇ (ਕਵਿਤਾ) ਮਨਜੀਤ ਮੀਤ, ਪੰਨੇ 112 ਮੁੱਲ 160/- ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
15. ਮੰਚ-ਗਾਥਾ (ਕਹਾਣੀਆਂ) ਮੁੱਲ 200/- ਪੰਨੇ 212 ਸੰਪਾਦਕ ਪੰਜਾਬੀ ਲੇਖਕ ਮੰਚ, ਵੈਨਕੂਵਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
16. ਜੁਗਤੂ (ਨਾਵਲ) ਸਾਧ ਬਿਨਿੰਗ, ਮੁੱਲ 200/- ਪੰਨੇ 450 ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
17. ਆਪਣੇ ਪਲ (ਗ਼ਜ਼ਲਾਂ) ਗੁਰਦੀਪ, ਪੰਨੇ 100, ਮੁੱਲ 100/- ਸਤਵੰਤ ਬੁੱਕ ਏਜੰਸੀ ਪਲੀਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ।
18. ਸਾਹਿਤਕ ਧਾਰਾ (ਆਲੋਚਨਾ) ਡਾ. ਜਸਬੀਰ ਸਿੰਘ ਸਰਨਾ, ਪੰਨੇ 75, ਮੁੱਲ 100/-, ਸੰਤ ਐਂਡ ਸਿੰਘ ਪਬਲਿਸ਼ਰਜ਼ ਬਾਰਾਮੂਲਾ, ਕਸ਼ਮੀਰ।
19. ਆਧੁਨਿਕ ਪੰਜਾਬੀ ਕਹਾਣੀ-ਸਿਆਸੀ ਪਰਿਪੇਖ (ਆਲੋਚਨਾ) ਡਾ. ਭੀਮ ਇੰਦਰ ਸਿੰਘ, ਪੰਨੇ 192, ਮੁੱਲ 200/- ਕੁਕਨੁਸ ਪ੍ਰਕਾਸ਼ਨ, ਜਲੰਧਰ।
20. ਸਹਿ-ਚਿੰਤਨ (ਆਲੋਚਨਾ) ਹਰਵਿੰਦਰ ਭੰਡਾਲ, ਤਸਕੀਨ, ਪੰਨੇ 88, ਮੁੱਲ 75/-, ਕੁਕਨੁਸ ਪ੍ਰਕਾਸ਼ਨ, ਜਲੰਧਰ।
21. ਸਮੁੰਦਰ ਬੁਲਾਉਂਦਾ ਹੈ (ਕਵਿਤਾਵਾਂ) ਹਰਮੀਤ ਵਿਦਿਆਰਥੀ, ਪੰਨੇ 63, ਮੁੱਲ 75/-, ਕੁਕਨੁਸ ਪ੍ਰਕਾਸ਼ਨ, ਜਲੰਧਰ।
22. ਪੱਛਮੀ ਰਾਤ ਦੀ ਅੱਖ (ਕਵਿਤਾਵਾਂ) ਨਛੱਤਰ ਸਿੰਘ ਗਿੱਲ, ਪੰਨੇ 112, ਮੁੱਲ 100/- ਗੁਰਦੇਵ ਪ੍ਰਕਾਸ਼ਨ, ਲੁਧਿਆਣਾ।
23. ਮੈਂ ਮੀਰਾ ਨਹੀਂ (ਕਹਾਣੀਆਂ) ਨਛੱਤਰ ਸਿੰਘ ਗਿੱਲ, ਪੰਨੇ 127, ਮੁੱਲ 120/-, ਗੁਰਦੇਵ ਪ੍ਰਕਾਸ਼ਨ, ਲੁਧਿਆਣਾ।
24. ਭੁੱਖੜੇ ਦੇ ਕੰਡੇ (ਮਿੰਨੀ ਕਹਾਣੀਆਂ) ਨਛੱਤਰ ਸਿੰਘ ਗਿੱਲ, ਮੁੱਲ 128/-, ਪੰਨੇ 128, ਗੁਰਦੇਵ ਪ੍ਰਕਾਸ਼ਨ ਲੁਧਿਆਣਾ।
25. ਅਸੀਂ ਕਾਲੇ ਲੋਕ ਸਦੀਂਦੇ (ਕਵਿਤਾਵਾਂ) ਅਵਤਾਰ, ਪੰਨੇ 84, ਮੁੱਲ 60/-, ਨਵਯੁੱਗ ਦਿੱਲੀ।
26. ਕੱਕੀ ਰਾਤ ਦੇ ਵਰਕੇ (ਗ਼ਜ਼ਲਾਂ) ਜਸਵਿੰਦਰ, ਪੰਨੇ 78, ਮੁੱਲ 80/-, ਚੇਤਨਾ ਪ੍ਰਕਾਸ਼ਨ, ਲੁਧਿਆਣਾ।
27. ਜੋਗ ਜੁਗਤਿ (ਲੰਮੀ ਕਵਿਤਾ) ਸ਼ਹਰ ਯਾਰ, ਪੰਨੇ 80, ਮੁੱਲ 40/- ਕੁਕਨੁਸ ਪ੍ਰਕਾਸ਼ਨ, ਜਲੰਧਰ।
28. ਕਾਫ਼ਰ ਮਸੀਹਾ (ਨਾਵਲ) ਇੰਦਰ ਸਿੰਘ ਖਾਮੋਸ਼, ਪੰਨੇ 432, ਮੁੱਲ ਪੇਪਰ ਬੈਕ 200, ਅਸਥੈਟਿਕ ਪਬਲੀਕੇਸ਼ਨ, ਲੁਧਿਆਣਾ।
29. ਇਕ ਕਹਾਣੀ, ਇਕ ਸੰਵਾਦ (ਕਥਾ ਸੰਵਾਦ) ਡਾ. ਹਰਬੰਸ ਸਿੰਘ ਧੀਮਾਨ, ਪੰਨੇ 245, ਮੁੱਲ 100/- ਗਗਨ ਪ੍ਰਕਾਸ਼ਨ ਰਾਜਪੁਰਾ, ਪਟਿਆਲਾ।

## ਸੰਪਾਦਕ ਦੇ ਨਾਂ ਖ਼ਤ

ਇਕ ਵਾਰ 'ਪੰਜਾਬੀ ਕਲਮਾਂ' ਦਾ ਕਾਫ਼ਲਾ (ਕੈਨੇਡਾ) ਦੀ ਮੀਟਿੰਗ ਹੋ ਰਹੀ ਸੀ। ਮੀਟਿੰਗ ਦੀ ਕਾਰਵਾਈ ਚਲਾਉਂਦੇ ਹੋਏ ਪੰਜਾਬੀ ਦੇ ਨੌਜਵਾਨ ਸ਼ਾਇਰ ਉਂਕਾਰਪ੍ਰੀਤ ਨੇ ਕਿਹਾ, ਹੁਣ 'ਪੰਜਾਬੀ ਕਲਮਾਂ ਦਾ ਕਾਫ਼ਲਾ' ਸਥਾਪਤ ਹੋ ਚੁੱਕਾ ਹੈ। ਆਪਾਂ ਬੜੇ ਕਾਮਯਾਬ ਸਮਾਗਮ ਕੀਤੇ ਹਨ। ਹੁਣ ਸਾਨੂੰ 'ਗ਼ਦਰੀ ਬਾਬਿਆਂ' ਦੀ ਯਾਦ ਵਿਚ ਮੇਲਾ ਕਰਵਾਉਣਾ ਚਾਹੀਦਾ ਹੈ...।'

ਉਂਕਾਰਪ੍ਰੀਤ ਅਜੇ ਗੱਲ ਕਰ ਹੀ ਰਿਹਾ ਸੀ ਕਿ ਮੀਟਿੰਗ ਵਿਚ ਬੈਠਾ ਇਕ ਵਿਅਕਤੀ ਉਸ ਦੀ ਗੱਲ ਕੱਟਦਾ ਹੋਇਆ ਬੋਲਿਆ, 'ਦੇਖੋ ਜੀ, ਅਸੀਂ ਇਥੇ ਇਸ ਕਰਕੇ ਆਉਂਦੇ ਹਾਂ ਕਿ ਕੋਈ ਸਾਹਿਤਕ ਗੱਲ ਹੋਵੇਗੀ, ਕੋਈ ਸਾਹਿਤ ਚਰਚਾ ਹੋਵੇਗੀ, ਰੂਹ ਨੂੰ ਸਕੂਨ ਮਿਲੇਗਾ। ਪਰ ਤੁਸੀਂ ਤਾਂ ਹੋਰ ਹੀ ਪਾਸੇ ਨੂੰ ਤੁਰ ਪਏ ਹੋ। ਅੱਜ 'ਗਦਰੀ ਬਾਬਿਆਂ' ਦਾ ਮੇਲਾ ਕਰਵਾਉਣ ਲਈ ਕਹੋਗੇ। ਫੇਰ 'ਰਾਧਾ ਸਵਾਮੀ ਬਾਬਿਆਂ' ਦਾ ਮੇਲਾ ਕਰਵਾਉਗੇ...।'

ਉਥੇ ਬੈਠਾ ਪੰਜਾਬੀ ਦਾ ਬਜ਼ੁਰਗ ਸ਼ਾਇਰ ਨਵਤੇਜ ਭਾਰਤੀ ਪਹਿਲਾਂ ਖਿੜ ਖਿੜਾ ਕੇ ਹੱਸਿਆ। ਫਿਰ ਉਸ ਨੇ ਕਿਹਾ, 'ਭਾਵੇਂ ਇਸ ਵਿਅਕਤੀ ਨੇ ਇਹ ਗੱਲ ਕਹਿ ਕੇ ਆਪਣੀ 'ਅਕਲਮੰਦੀ' ਦਾ ਹੀ ਸਬੂਤ ਦਿੱਤਾ ਹੈ। ਪਰ ਜਿਸ ਹੌਸਲੇ ਨਾਲ ਇਸ ਨੇ ਗੱਲ ਕਹੀ ਹੈ, ਉਸ ਦੀ ਦਾਦ ਦੇਣੀ ਬਣਦੀ ਹੈ।

ਪਿਛਲੇ ਦਿਨੀਂ ਕੈਨੇਡਾ ਤੋਂ ਮੇਰੇ ਬੜੇ ਪਿਆਰੇ ਮਿੱਤਰ ਦਾ ਫੋਨ ਆਇਆ। ਉਹ 'ਚਿਰਾਗ਼' ਵਿਚ ਸੁਲੱਖਣ ਸਰਹੱਦੀ ਵਲੋਂ ਕੀਤਾ ਮੇਰੀ ਕਿਤਾਬ 'ਖੰਡਰ ਖ਼ਾਮੋਸ਼ੀ ਤੇ ਰਾਤ' ਦਾ ਰੀਵਿਊ ਪੜ੍ਹ ਕੇ ਸੁਣਾਉਣ ਲੱਗ ਪਿਆ। ਅਸੀਂ ਨਾਲੇ ਰੀਵੀਊ ਪੜ੍ਹ ਸੁਣ ਰਹੇ ਸਾਂ, ਨਾਲ ਖਿੜ ਖਿੜਾ ਕੇ ਹੱਸ ਰਹੇ ਸਾਂ ਕਿ ਇਹ ਰੀਵੀਊ ਕਰਨ ਲਈ ਸੱਚਮੁੱਚ ਸੁਲੱਖਣ ਸਰਹੱਦੀ ਦੀ ਹਿੰਮਤ ਦੀ ਦਾਦ ਦੇਣੀ ਬਣਦੀ ਹੈ।

*—ਸੁਰਿੰਦਰ ਸੋਹਲ (ਯੂ,ਐਸ. ਏ)*

* ਅਕਤੂਬਰ ਦਸੰਬਰ ਦਾ ਚਿਰਾਗ਼ ਮਿਲਿਆ। ਸਾਰਾ ਹੀ ਮੈਟਰ ਉੱਚ ਪਾਏ ਦੇ ਸਾਹਿਤ ਦੀ ਵੰਨਗੀ ਹੈ। ਹੁਣ ਚਿਰਾਗ਼ ਤੁਸਾਂ ਉਸ ਮੁਕਾਮ ਉੱਤੇ ਪਹੁੰਚਾ ਦਿੱਤਾ ਹੈ ਕਿ ਇਸ ਵਿਚ ਛਪਣਾ ਮਾਣ ਵਾਲੀ ਗੱਲ ਹੋ ਗਈ ਹੈ। ਮੈਂ ਇਸ 'ਚੋਂ 18 ਦੀਆਂ 18 ਗ਼ਜ਼ਲਾਂ ਦਾ ਵਿਸ਼ੇਸ਼ ਤੌਰ ਤੇ ਅਨੰਦ ਮਾਣਿਆ ਹੈ। ਖ਼ੁਸ਼ੀ ਦੀ ਗੱਲ ਹੈ ਕਿ ਤੁਸਾਂ ਕੇਵਲ ਵਿਸ਼ੇ ਦੀ ਹੀ ਨਹੀਂ ਸਗੋਂ ਰੂਪ-ਵਿਧਾਨ ਦੀ ਵੀ ਖ਼ੂਬਸੂਰਤੀ ਵੇਖ ਕੇ ਗ਼ਜ਼ਲਾਂ ਛਾਪੀਆਂ ਹਨ। ਸੁਖਵਿੰਦਰ ਅੰਮ੍ਰਿਤ ਦੀਆਂ ਇਸ ਵੇਰ ਪੂਰੀਆਂ ਚਾਰ ਗ਼ਜ਼ਲਾਂ ਪੂਰੇ ਚਿਰਾਗ਼ ਵਿਚ ਖੰਡਿਤ ਰੂਪ ਵਿਚ ਛਪੀਆਂ ਹਨ। ਮੇਰਾ ਭਾਵ ਉਸ ਨੂੰ ਇਕ ਥਾਂ ਛਾਪਦੇ ਤਾਂ ਉਹ ਇਸ ਅੰਕ ਦੀ ਵਿਸ਼ੇਸ਼ ਗ਼ਜ਼ਲਕਾਰਾ ਬਣ ਜਾਂਦੀ। ਸੁਖਵਿੰਦਰ ਚੰਗੀ ਗ਼ਜ਼ਲਕਾਰਾ ਹੈ। ਪਰ ਜਦ ਉਹ 'ਦੱਬੀ' ਸ਼ਬਦ ਨੂੰ ਖ਼ੁਦਾ ਦੇ ਵਜ਼ਨ ਉੱਤੇ ਅਤੇ 'ਉੱਡਣ' ਸ਼ਬਦ ਨੂੰ ਯਾਰ ਦੇ ਵਜ਼ਨ ਤੇ ਬੰਨ੍ਹੇ ਤਾਂ ਕੀ ਕਹੀਏ ? ਕਪੂਰਥਲੇ ਵਾਲੇ ਅੰਮ੍ਰਿਤ ਦੀ ਇਹ ਗ਼ਜ਼ਲ ਹਜ਼ਿਜ਼ ਬਹਿਰ ਵਿਚ ਖ਼ੂਬ ਹੈ ਉਸਦਾ ਇਹ ਸ਼ਿਅਰ ਕਿੱਡਾ ਸਾਰਥਕ ਹੈ—

ਮੈਂ ਦਸ ਬੈਠਾ ਕਿ ਸਿਰ ਦੁਖਦੈ ਸਪੀਕਰ ਸੁਣ ਕੇ ਮਜ਼੍ਹਬਾਂ ਦਾ,
ਉਹ ਵੱਢ ਕੇ ਸਿਰ ਮੇਰਾ ਪੁਛਦੈ, "ਭਲਾ ਕੀ ਹੁਣ ਵੀ ਦੁਖਦਾ ਹੈ ?"

ਗੁਰਨਾਮ ਢਿਲੋਂ ਨੇ ਰਮਲ ਵਿਚ ਵਧੀਆ ਸ਼ਿਅਰ ਕਹੇ ਹਨ।

ਮੱਖਣ ਕੁਹਾੜ ਦਾ ਪਹਿਲਾ ਹੀ ਕਾਫੀਆ ਨਿਗਦਾ ਸੀ ਜੋ ਨਿਕਦਾ ਛਪ ਗਿਆ। ਸਤੀਸ਼ ਗੁਲਾਟੀ ਸ਼ਬਦ ਖਾਹਿਸ਼ ਦਾ ਵਜ਼ਨ ਤਾਂ ਠੀਕ ਬੰਨ੍ਹਦਾ ਹੈ ਪਰ ਲਿਖਦਾ ਖ਼ੁਹਾਇਸ਼ ਕਿਉਂ ਹੈ ? ਉਸ ਦੀ ਦੂਸਰੀ ਗ਼ਜ਼ਲ ਵਿਧਾਨ ਪੱਖੋਂ ਤਾਂ ਇਕਲੋਤਰੀ ਹੈ ਪਰ ਉਸਦਾ ਮਤਲਾ ਹੈ ਹੀ ਨਹੀਂ। ਸ਼ਾਮ ਸੁੰਦਰ ਨੇ ਸੱਤ ਫੇਲਨ (16+12 ਮਾਤਰਾਂ ਜਾਂ ਦਵੱਈਆ ਛੰਦ) ਵਿਚ ਸੁਥਰੀ ਗ਼ਜ਼ਲ ਕਹੀ ਹੈ। ਸਿਰੀ ਰਾਮ ਅਰਸ਼ ਨੇ ਬਹਿਰ ਮੁਜਾਰਿਆ ਵਿਚ ਸੰਕੇਤਕ ਇਤਿਹਾਸਿਕ ਮਿਥਿਹਾਸਿਕ ਸ਼ਬਦਾਵਲੀ ਵਰਤ ਕੇ ਪਰਪੱਕਤਾ ਦਾ ਮੁਜਾਹਿਰਾ ਕੀਤਾ ਹੈ। ਪਰਮਜੀਤ ਦੀਆਂ ਦੋਵੇਂ ਗ਼ਜ਼ਲਾਂ ਬਹਿਰ ਮੁਜ਼ਾਰਿਆ ਤੇ ਰਮਲ ਵਿਚ ਹਨ। ਪਰ ਉਹ ਚਨਾਯਾ ਤੇ ਪਾਯਾ ਸ਼ਬਦ ਕਿਉਂ ਲਿਖਦੈ। ਸ਼ਬਦ ਜੋੜਾਂ ਦਾ ਘੁਟਾਲਾ ਨਹੀਂ ਕਰਨਾ ਚਾਹੀਦਾ। ਕੰਵਲਜੀਤ ਕੁਟੀ ਮੇਰੇ ਵਾਸਤੇ ਨਵਾਂ ਨਾਮ ਹੈ ਪਰ ਹੈ ਖ਼ੂਬ। ਅਮਰਦੀਪ ਸੰਧਾਵਾਲੀਆ ਹੁਣ ਗ਼ਜ਼ਲ ਵਿਚ ਗੰਭੀਰਤਾ ਲਿਆ ਰਿਹਾ ਹੈ। ਉਹ ਸਾਡਾ ਪਿਆਰਾ ਸ਼ਾਇਰ ਹੈ। ਗ਼ਜ਼ਲਾਂ ਦੇ ਸਤੰਭ ਵਿਚ ਅਖੀਰਲੀ ਗ਼ਜ਼ਲ ਰਮਲ ਬਹਿਰ ਵਰਗੀ ਸੁਖਵਿੰਦਰ ਅੰਮ੍ਰਿਤ ਦੀ ਰਮਲ ਬਹਿਰ ਵਿਚ ਗ਼ਜ਼ਲ ਹੈ ਉਸਦੇ ਇਸ ਸ਼ਿਅਰ ਨਾਲ ਮੂੰਹ ਮਿੱਠਾ ਕਰਦੇ ਹਾਂ।

ਚੇਤਿਆਂ ਵਿਚ ਜਗ ਰਹੇ ਸਨ ਨੈਣ ਤੇਰੇ ਸ਼ਰਬਤੀ
ਨੇਰ੍ਹਿਆਂ ਵਿਚ ਮੰਜ਼ਿਲਾਂ ਦੇ ਇਉਂ ਪਤੇ ਮਿਲਦੇ ਰਹੇ। *—ਸੁਲੱਖਣ ਸਰਹੱਦੀ*



"ਮੇਰੇ ਪਰਤ ਆਉਣ ਤਕ" ਦੇ ਵੀਹ ਸਾਲਾਂ
ਬਾਅਦ ਅਵਤਾਰ ਦਾ ਤੀਜਾ ਕਾਵਿ-ਸੰਗ੍ਰਹਿ

# ਅਸੀਂ ਕਾਲੇ ਲੋਕ ਸਦੀਂਦੇ

"ਅਸੀਂ ਕਾਲੇ ਲੋਕ ਸਦੀਂਦੇ" ਦੇ ਇਸ ਕਾਵਿ ਦੀ ਵਿਲੱਖਣਤਾ ਇਹ ਹੈ ਕਿ ਇਹ ਪ੍ਰੰਪਰਕ ਪ੍ਰਗਤੀਸ਼ੀਲ ਤੇ ਹੇਰਵੇ ਦੀ ਕਵਿਤਾ ਵਾਂਗ ਕੇਵਲ ਪੰਜਾਬੀ ਮਨੁੱਖ ਦੇ ਯਥਾਰਥ ਤੇ ਭਾਵੁਕਤਾ ਤਕ ਸੀਮਤ ਨਹੀਂ। ਸਮੁੱਚੇ ਕਾਲੇ ਮਨੁੱਖ ਨਾਲ ਇਕਸੁਰ ਹੈ। ਗੋਰੇ/ਕਾਲੇ ਦੇ ਵਿਰੋਧ-ਜੁੱਟ ਨੂੰ ਨਹੀਂ, ਉਸ ਦੀ ਡਾਇਲੈਕਟਿਕਸ ਨੂੰ ਪੇਸ਼ ਕਰਦਾ ਹੈ।

*ਡਾ. ਸਤਿੰਦਰ ਸਿੰਘ ਨੂਰ*

ਪ੍ਰਕਾਸ਼ਕ : ਨਵਯੁਗ ਪ੍ਰਕਾਸ਼ਨ, ਦਿੱਲੀ

ਮੁੱਲ : 60 ਰੁਪਏ

Registered with the Registrar of News-Papers of India No – PUN-PUN O 2776/AL/TC/94


# ਕੁਕਨੁਸ ਪ੍ਰਕਾਸ਼ਨ : ਕੁਝ ਵੱਖਰਾ, ਕੁਝ ਵਿਸ਼ੇਸ਼

**ਕਹਾਣੀਆਂ** ਗੁਰਦੇਵ ਸਿੰਘ ਰੁਪਾਣਾ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਪ੍ਰੇਮ ਗੋਰਖੀ, ਲਾਲ ਸਿੰਘ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ, ਪਾਕਿਸਤਾਨੀ ਪੰਜਾਬੀ ਕਹਾਣੀ, ਪਾਕਿਸਤਾਨੀ ਉਰਦੂ ਕਹਾਣੀ, ਮੈਕਸਿਮ ਗੋਰਕੀ, ਬਿਹਾਰ ਦੀਆਂ ਕਹਾਣੀਆਂ, ਜਾਪਾਨੀ ਕਹਾਣੀਆਂ, ਗੁਰਮੀਤ ਕੜਿਆਲਵੀ, ਜਸਵੀਰ ਕਲਸੀ ਆਦਿ ਦੇ ਕਹਾਣੀ ਸੰਗ੍ਰਹਿ।

**ਯਾਤਰਾ ਪ੍ਰਸੰਗ** ਵਗਦੀ ਏ ਰਾਵੀ (ਵਰਿਆਮ ਸਿੰਘ ਸੰਧੂ) ਜਾਣੇ ਅਣਜਾਣੇ ਸਫ਼ਰ (ਸੁਪਨਦੀਪ ਸੰਧੂ), ਦੱਖਣੀ ਭਾਰਤ ਦੀ ਯਾਤਰਾ (ਡਾ. ਗੁਰਚਰਨ ਸਿੰਘ ਮਹਿਤਾ), ਜੜ੍ਹਾਂ ਦੀ ਪਰਿਕਰਮਾ (ਗੁਰਚਰਨ ਸੱਗੂ)

**ਨਾਵਲ** ਰਾਤ (ਫਰੈਂਚ) ਐਲੀ ਵਾਈਜ਼ਲ, ਚਾਨਣੀਆਂ ਪੈੜਾਂ (ਰੂਸੀ) ਤਿਖੋਨ ਸਾਈਮੁਸ਼ਕਿਨ, ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ (ਲੂਈਸ ਸੇਪਲ ਵੈਦਾ), ਤਿੰਨ ਪਾਕਿਸਤਾਨੀ ਨਾਵਲ : ਪੰਧ (ਅਫ਼ਜ਼ਲ ਅਹਿਸਨ ਰੰਧਾਵਾ), ਕਮਜ਼ਾਤ (ਫ਼ਖ਼ਰ ਜ਼ਮਾਨ), ਧੁਖਦਾ ਗੋਹਟਾ (ਹਰਨੇਕ ਹੇਅਰ) ਸੁਲਘਦਾ ਸੱਚ (ਅਜੀਤ ਰਾਹੀ)

**ਕਾਵਿ ਸੰਗ੍ਰਹਿ** ਚੋਣਵੀਂ ਕਵਿਤਾ (ਨਜ਼ਿਮ ਹਿਕਮਤ), ਚੋਣਵੀਂ ਕਵਿਤਾ (ਹਬੀਬ ਜਾਲਿਬ), ਚੋਣਵੀਂ ਸ਼ਾਇਰੀ (ਪਰਵੀਨ ਸ਼ਾਕਿਰ), ਤਿੰਨ ਚਿਹਰਿਆਂ ਵਾਲਾ ਰੱਕਾਸ (ਇਫ਼ਤਿਖਾਰ ਨਸੀਮ), ਖੰਡਰ, ਖਾਮੋਸ਼ੀ ਤੇ ਰਾਤ (ਸੁਰਿੰਦਰ ਸੋਹਲ), ਭਾਖਿਆ (ਮਦਨ ਵੀਰਾ), ਮੁਖਬਰੀ ਕਰਦੇ ਦਿਨ (ਹਰਭਜਨ ਹੁੰਦਲ), ਸਮੁੰਦਰ ਬੁਲਾਉਂਦਾ ਹੈ (ਹਰਜੀਤ ਵਿਦਿਆਰਥੀ) ਅੰਤਿਮ ਲੜਾਈ (ਸ਼ਿਵ ਨਾਥ), ਕੋਮਲ ਸਿੰਘ ਆਖਦਾ ਹੈ (ਬਲਵਿੰਦਰ ਸੰਧੂ), ਗ਼ੈਰ ਹਾਜ਼ਰ ਪੈੜਾਂ ਦੀ ਕਥਾ (ਮਲਵਿੰਦਰ) ਜੋਗ ਜੁਗਤਿ (ਸ਼ਹਰਯਾਰ)। ਜੰਗਲੀ ਸਫ਼ਰ (ਜਗਤਾਰਜੀਤ), ਹੁਣ ਮੈਂਕਵੀਆਂ ਵਾਂਗ (ਸੁਰਿੰਦਰ ਸੀਹਰਾ)।

**ਕੁਝ ਵਿਸ਼ੇਸ਼ ਪੁਸਤਕਾਂ :** ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ : 'ਮੇਰਾ ਆਪਣਾ ਆਪ', 'ਦੋ ਪੈਰ ਘੱਟ ਤੁਰਨਾ', 'ਸ਼ਹੀਦ ਦੇ ਬੋਲ' ਅਤੇ 'ਅਣਛਪੀ ਕਵਿਤਾ' ਸਮੁੱਚੇ ਰੂਪ ਵਿਚ, ਜੀਵਨ ਯਾਦਾਂ (ਪਾਬਲੋ ਨੇਰੂਦਾ), ਸਮਕਾਲੀ ਮਾਰਕਸੀ ਚਿੰਤਨ ਅਤੇ ਆਧੁਨਿਕ ਪੰਜਾਬੀ ਕਹਾਣੀ : ਸਿਆਸੀ ਪਰਿਪੇਖ (ਭੀਮ ਇੰਦਰ ਸਿੰਘ) ਮੌਤ ਦੀ ਉਡੀਕ ਵਿਚ (ਸ਼ਿਵ ਵਰਮਾ), ਫ਼ੈਜ਼ ਦੇ ਖ਼ਤ, ਬੰਜਰ ਮਨ ਪੰਜਾਬ (ਜਸਬੀਰ ਸ਼ੀਰੀ)

**ਪੂਰੇ ਸੈੱਟ ਦੀ ਕੀਮਤ 1750 ਰੁਪਏ**

**ਪਾਠਕਾਂ ਲਈ ਸਿਰਫ਼ 1100 ਰੁਪਏ ਵਿਚ ਸਮੇਤ ਡਾਕ ਖਰਚ**

ਪਤਾ : ਐਨ. ਐਮ. 451, ਮੁਹੱਲਾ ਕਰਾਰ ਖ਼ਾਂ, ਨੇੜੇ ਚੌਕ ਬੋਹੜ ਵਾਲਾ, ਜਲੰਧਰ।

ਫੋਨ ਨੰ. 0181-2214028 (R)

**ਪੁਸਤਕ ਪ੍ਰਾਪਤੀ ਸਥਾਨ :**

## ਨਵਾਂ ਜ਼ਮਾਨਾ ਬੁੱਕ ਸ਼ਾਪ

ਨਹਿਰੂ ਗਾਰਡਨ ਰੋਡ, ਜਲੰਧਰ। ਫੋਨ ਨੰ. 2220290, 2230466